ਐਤਵਾਰ, 18 ਫਰਵਰੀ, 2024
6 ਫੱਗਣ { ਨਾਨਕਸ਼ਾਹੀ 555, ਬਿਕਰਮੀ 2080 }
ਜਿਲਦ/VOL. : 72
ਅੰਕ/NO. : 259

# ਨਵਾਂ ਜ਼ਮਾਨਾ

DAILY NAWAN ZAMANA • SUNDAY, 18 FEBRUARY, 2024

ਜਲੰਧਰ

You Tube nawan zamana TV

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

ਕੀਮਤ/PRICE : 5.00 ਰੁਪਏ   Regd. No : L-4/Pb-JL-0023/2024-26, (R.N.I.)-00068/57   E-mail : nawanzamana@gmail.com   www.nawanzamana.in   ਸਫ਼ੇ 10+6=16



## ਪੰਜਾਬ ਦੇ ਸਰਕਾਰੀ ਸਕੂਲਾਂ ਲਈ

# ਦਾਖ਼ਲਾ ਮੁਹਿੰਮ

ਸੈਸ਼ਨ 2024-25

ਨਰਸਰੀ ਤੋਂ ਬਾਰ੍ਹਵੀਂ ਜਮਾਤ ਤੱਕ






## ਸਰਕਾਰੀ ਸਕੂਲਾਂ ਦੀ ਬਦਲ ਰਹੀ ਤਸਵੀਰ

- ਕੈਂਪਸ ਮੈਨੇਜਰ ਅਤੇ ਸੁਰੱਖਿਆ ਗਾਰਡ ਨਿਯੁਕਤ
- ਸਕੂਲਾਂ ਦੀ ਸਵੱਛਤਾ ਲਈ ਸਫ਼ਾਈ ਕਰਮਚਾਰੀ
- ਸਕੂਲਾਂ ਦੀ ਸੁਰੱਖਿਆ ਲਈ ਚੌਂਕੀਦਾਰ ਤੈਨਾਤ
- ਸਮਾਰਟ ਕਲਾਸਰੂਮ ਨਵੇਂ ਹਾਈ ਸਪੀਡ ਇੰਟਰਨੈੱਟ ਕੁਨੈਕਸ਼ਨ ਨਾਲ ਲੈਸ
- ਵਿਸ਼ਵ ਪੱਧਰੀ ਸਹੂਲਤਾਂ ਵਾਲੇ ਕਲਾਸ ਰੂਮ
- ਬੱਚਿਆਂ ਦੀ ਸੁਰੱਖਿਆ ਲਈ ਸਕੂਲਾਂ ਦੀ ਚਾਰਦੀਵਾਰੀ ਕਰਵਾਈ

ਸਰਕਾਰੀ ਸਕੂਲਾਂ 'ਚ ਬੱਚੇ ਦਾਖ਼ਲ ਕਰਵਾਈਏ
ਸਿੱਖਿਆ ਕ੍ਰਾਂਤੀ ਘਰ-ਘਰ ਪਹੁੰਚਾਈਏ

ਦਾਖ਼ਲੇ ਸਬੰਧੀ ਜਾਣਕਾਰੀ ਲਈ ਸੰਪਰਕ ਕਰੋ
**1800 180 2139**
www.epunjabschool.gov.in



ਭਗਵੰਤ ਸਿੰਘ ਮਾਨ
ਮੁੱਖ ਮੰਤਰੀ, ਪੰਜਾਬ

ਸਕੂਲ ਸਿੱਖਿਆ ਵਿਭਾਗ, ਪੰਜਾਬ

18-FEB-PAGE-1.qxd 2/17/2024 10:23 PM Page 1

ਐਤਵਾਰ, 18 ਫਰਵਰੀ, 2024
6 ਫੱਗਣ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 259

# ਨਵਾਂ ਜ਼ਮਾਨਾ

DAILY NAWAN ZAMANA • SUNDAY, 18 FEBRUARY, 2024 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in

## ਬੇਰੁਜ਼ਗਾਰੀ ਤੇ ਮਹਿੰਗਾਈ ਹੀ ਅਸਲ ਮੁੱਦੇ : ਰਾਹੁਲ

### ਭਰਾਵਾਂ ਵਿਚਾਲੇ ਟਕਰਾਅ ਨਾਲ ਦੇਸ਼ ਕਮਜ਼ੋਰ ਹੋਵੇਗਾ

**ਵਾਰਾਨਸੀ** : ਰਾਹੁਲ ਗਾਂਧੀ ਨੇ ਆਪਣੀ 'ਭਾਰਤ ਜੋੜੋ ਨਿਆਏ ਯਾਤਰਾ' ਦੌਰਾਨ ਸ਼ਨੀਵਾਰ ਕਿਹਾ ਕਿ ਦੇਸ਼ ਨੂੰ ਜੋੜਨਾ ਹੀ ਸੱਚੀ ਦੇਸ਼ ਭਗਤੀ ਹੈ। ਯੂ ਪੀ ਵਿਚ ਯਾਤਰਾ ਦੇ ਤੀਜੇ ਦਿਨ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਾਰਤ ਮੁਹੱਬਤ ਦਾ ਦੇਸ਼ ਹੈ, ਨਫਰਤ ਦਾ ਨਹੀਂ। ਭਰਾਵਾਂ ਵਿਚਾਲੇ ਟਕਰਾਅ ਨਾਲ ਦੇਸ਼ ਕਮਜ਼ੋਰ ਹੋਵੇਗਾ ਤੇ ਸੱਚੀ ਦੇਸ਼ ਭਗਤੀ ਦੇਸ਼ ਨੂੰ ਇਕੱਠੇ ਰੱਖਣਾ ਹੈ।



ਉਨ੍ਹਾ ਕਿਹਾ—ਮੈਂ ਗੰਗਾ ਜੀ ਅੱਗੇ ਸਿਰ ਝੁਕਾਉਣ ਆਇਆ ਹਾਂ। ਹਰ ਕੋਈ ਇਹ ਮਹਿਸੂਸ ਕਰੇ ਕਿ ਉਹ ਯਾਤਰਾ ਦੌਰਾਨ ਆਪਣੇ ਭਰਾ ਨੂੰ ਮਿਲਣ ਆਇਆ ਹੈ।

ਰਾਹੁਲ ਨੇ ਕਿਹਾ ਕਿ ਦੇਸ਼ ਵਿਚ ਦੋ ਭਾਰਤ ਹਨ, ਇਕ ਅਮੀਰਾਂ ਦਾ ਤੇ ਦੂਜਾ ਗਰੀਬਾਂ ਦਾ। ਉਨ੍ਹਾ ਮੀਡੀਆ 'ਤੇ ਵਰ੍ਹਦਿਆਂ ਕਿਹਾ ਕਿ ਉਹ ਕਿਸਾਨਾਂ ਤੇ ਮਜ਼ਦੂਰਾਂ ਦੇ ਮੁੱਦੇ ਨਹੀਂ ਦਿਖਾ ਰਿਹਾ। ਇਹ ਮੀਡੀਆ ਮੋਦੀ ਜੀ ਨੂੰ 24 ਘੰਟੇ ਦਿਖਾਉਂਦਾ ਹੈ, ਐਸ਼ਵਰਿਆ ਰਾਇ ਨੂੰ ਦਿਖਾਉਂਦਾ ਹੈ, ਪਰ ਅਸਲ ਮੁੱਦੇ ਨਹੀਂ ਦਿਖਾਉਂਦਾ। ਰਾਹੁਲ ਨੇ ਭੀੜ ਵਿੱਚੋਂ ਰਾਹੁਲ ਨਾਂਅ ਦੇ ਮੁੰਡੇ ਨੂੰ ਸੱਦਿਆ ਤੇ ਉਸ ਤੋਂ ਪੜ੍ਹਾਈ 'ਤੇ ਕੀਤੇ ਖਰਚ ਤੇ ਬੇਰੁਜ਼ਗਾਰੀ ਬਾਰੇ ਪੁੱਛਿਆ। ਰਾਹੁਲ ਨੇ ਕਿਹਾ ਕਿ ਬੇਰੁਜ਼ਗਾਰੀ ਤੇ ਮਹਿੰਗਾਈ ਹੀ ਦੇਸ਼ ਦੇ ਦੋ ਮੁੱਦੇ ਹਨ।

ਰਾਹੁਲ ਨੇ ਸੂਬਾ ਪਾਰਟੀ ਪ੍ਰਧਾਨ ਅਜੈ ਰਾਇ ਤੇ ਹੋਰਨਾਂ ਕਾਂਗਰਸੀ ਆਗੂਆਂ ਨਾਲ ਜੀਪ ਵਿਚ 12 ਕਿਲੋਮੀਟਰ ਦਾ ਰੋਡ ਸ਼ੋਅ ਕੀਤਾ। ਉਨ੍ਹਾ ਕਾਸ਼ੀ ਵਿਸ਼ਵਨਾਥ ਮੰਦਰ ਵਿਚ ਵੀ ਮੱਥਾ ਟੇਕਿਆ। ਉਨ੍ਹਾ ਦੀ ਯਾਤਰਾ ਵਿਚ ਅਪਨਾ ਦਲ (ਕਮੇਰਾਵਾਦੀ) ਦੀ ਆਗੂ ਪਲਵੀ ਪਟੇਲ ਤੇ ਸਮਾਜਵਾਦੀ ਪਾਰਟੀ ਦੇ ਸਿਰਾਥੂ ਤੋਂ ਵਿਧਾਇਕ ਵੀ ਸ਼ਾਮਲ ਹੋਏ। ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਯਾਦਵ ਨੇ ਕਿਹਾ ਕਿ ਉਹ ਯਾਤਰਾ ਵਿਚ ਬਰੇਲੀ ਵਿਖੇ ਸ਼ਾਮਲ ਹੋਣਗੇ।

ਰਾਹੁਲ ਦੀ ਯਾਤਰਾ ਜਿੱਧਰੋਂ ਲੰਘੀ ਭਾਜਪਾ ਵਰਕਰਾਂ ਨੇ ਉਸ ਨੂੰ ਗੰਗਾ ਜਲ ਨਾਲ ਧੋਇਆ।

## ਗੁਲਜ਼ਾਰ ਨੂੰ ਗਿਆਨਪੀਠ ਐਵਾਰਡ



**ਨਵੀਂ ਦਿੱਲੀ** : ਨਾਮਵਰ ਸ਼ਾਇਰ ਗੁਲਜ਼ਾਰ ਅਤੇ ਸੰਸਕ੍ਰਿਤ ਵਿਦਵਾਨ ਜਗਦਗੁਰੂ ਰਾਮਭਦਰਾਚਾਰੀਆ ਨੂੰ 2023 ਦੇ 58ਵੇਂ ਗਿਆਨਪੀਠ ਪੁਰਸਕਾਰ ਲਈ ਚੁਣਿਆ ਗਿਆ ਹੈ। ਗੁਲਜ਼ਾਰ ਨੂੰ ਹਿੰਦੀ ਸਿਨੇਮਾ 'ਚ ਆਪਣੀਆਂ ਰਚਨਾਵਾਂ ਲਈ ਜਾਣਿਆ ਜਾਂਦਾ ਹੈ ਅਤੇ ਇਸ ਯੁੱਗ ਦੇ ਉੱਤਮ ਉਰਦੂ ਕਵੀਆਂ ਵਿੱਚੋਂ ਇਕ ਮੰਨਿਆ ਜਾਂਦਾ ਹੈ। ਉਨ੍ਹਾ ਨੂੰ ਪਹਿਲਾਂ 2002 'ਚ ਉਰਦੂ ਲਈ ਸਾਹਿਤ ਅਕਾਦਮੀ ਐਵਾਰਡ, 2013 'ਚ ਦਾਦਾ ਸਾਹਿਬ ਫਾਲਕੇ ਅਵਾਰਡ, 2004 'ਚ ਪਦਮ ਭੂਸ਼ਣ ਮਿਲ ਚੁੱਕਿਆ ਹੈ।

ਇਸ ਤੋਂ ਇਲਾਵਾ ਪੰਜ ਕੌਮੀ ਫਿਲਮ ਪੁਰਸਕਾਰ ਮਿਲ ਚੁੱਕੇ ਹਨ। ਰਾਮਭਦਰਾਚਾਰੀਆ ਚਿਤਰਕੂਟ 'ਚ ਤੁਲਸੀ ਪੀਠ ਦੇ ਸੰਸਥਾਪਕ ਅਤੇ ਮੁਖੀ ਹਨ। ਉਹ ਪ੍ਰਸਿੱਧ ਹਿੰਦੂ ਅਧਿਆਤਮਿਕ ਆਗੂ, ਸਿੱਖਿਅਕ ਅਤੇ 100 ਤੋਂ ਵੱਧ ਕਿਤਾਬਾਂ ਦੇ ਲੇਖਕ ਹਨ।

### ਹਿਮਾਚਲ ਸਰਕਾਰ ਨੇ ਦੁੱਧ ਦੀ ਐੱਮ ਐੱਸ ਪੀ ਵਧਾਈ

**ਸ਼ਿਮਲਾ** : ਹਿਮਾਚਲ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੇ ਸ਼ਨੀਵਾਰ ਵਿੱਤੀ ਸਾਲ 2024-25 ਲਈ ਸੂਬਾ ਸਰਕਾਰ ਦਾ ਬਜਟ ਪੇਸ਼ ਕਰਦੇ ਹੋਏ ਗਾਂ ਅਤੇ ਮੱਝ ਦੇ ਦੁੱਧ ਦੇ ਘੱਟੋ-ਘੱਟ ਸਮਰਥਨ ਮੁੱਲ (ਐੱਮ ਐੱਸ ਪੀ) ਵਿਚ ਵਾਧੇ ਦਾ ਐਲਾਨ ਕੀਤਾ। ਗਾਂ ਦਾ ਦੁੱਧ 38 ਰੁਪਏ ਤੋਂ ਵਧਾ ਕੇ 45 ਰੁਪਏ ਪ੍ਰਤੀ ਲਿਟਰ ਅਤੇ ਮੱਝ ਦਾ 38 ਰੁਪਏ ਤੋਂ ਵਧਾ ਕੇ 55 ਰੁਪਏ ਪ੍ਰਤੀ ਲਿਟਰ ਕਰ ਦਿੱਤਾ ਗਿਆ ਹੈ।

### ਟਰੰਪ ਨੂੰ ਧੋਖਾਧੜੀ 'ਚ 36 ਕਰੋੜ ਡਾਲਰ ਦਾ ਜੁਰਮਾਨਾ

**ਨਿਊ ਯਾਰਕ** : ਇੱਥੋਂ ਦੇ ਜੱਜ ਨੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਧੋਖਾਧੜੀ ਦੇ ਮਾਮਲੇ ਵਿਚ ਦੋਸ਼ੀ ਠਹਿਰਾ ਕੇ 36 ਕਰੋੜ ਡਾਲਰ ਦਾ ਜੁਰਮਾਨਾ ਕੀਤਾ ਹੈ। ਜੱਜ ਨੇ ਆਪਣੇ ਫੈਸਲੇ 'ਚ ਕਿਹਾ ਕਿ ਟਰੰਪ ਦੀ ਸਾਲਾਂ ਤੋਂ ਚੱਲੀ ਆ ਰਹੀ ਯੋਜਨਾ 'ਚ ਇਸ ਤਰ੍ਹਾਂ ਦੇ ਵਿੱਤੀ ਵੇਰਵੇ ਪੇਸ਼ ਕੀਤੇ ਗਏ, ਜਿਨ੍ਹਾਂ ਨਾਲ ਇਹ ਭਰਮ ਪੈਦਾ ਕਰਨਾ ਸੀ ਕਿ ਉਨ੍ਹਾਂ ਦੀਆਂ ਜਾਇਦਾਦਾਂ ਅਸਲ 'ਚ ਬਹੁਤ ਮਹਿੰਗੀਆਂ ਹਨ ਅਤੇ ਇਸ ਤਰ੍ਹਾਂ ਆਪਣੇ ਆਪ ਨੂੰ ਅਮੀਰ ਦਿਖਾਉਂਦਿਆਂ ਟਰੰਪ ਬੈਂਕਾਂ ਤੋਂ ਕਈ ਰਿਆਇਤਾਂ ਨਾਲ ਕਰਜ਼ੇ ਹਾਸਲ ਕਰਨ ਦੇ ਯੋਗ ਹੋ ਗਿਆ, ਜਦ ਕਿ ਅਸਲ 'ਚ ਅਜਿਹਾ ਨਹੀਂ ਸੀ। ਟਰੰਪ 'ਤੇ ਤਿੰਨ ਸਾਲ ਤੱਕ ਨਿਊ ਯਾਰਕ 'ਚ ਕਿਸੇ ਵੀ ਦਫਤਰ 'ਚ ਅਧਿਕਾਰੀ ਜਾਂ ਡਾਇਰੈਕਟਰ ਦੇ ਤੌਰ 'ਤੇ ਕੰਮ ਕਰਨ 'ਤੇ ਵੀ ਪਾਬੰਦੀ ਲਗਾਈ ਗਈ ਹੈ।

### ਭਾਰਤ ਪਹਿਲੀ ਵਾਰ ਏਸ਼ੀਆ ਟੀਮ ਚੈਂਪੀਅਨਸ਼ਿਪ ਦੇ ਫਾਈਨਲ 'ਚ

**ਆਲਮ (ਮਲੇਸ਼ੀਆ)** : ਭਾਰਤੀ ਮਹਿਲਾ ਟੀਮ ਸ਼ਨੀਵਾਰ ਇੱਥੇ ਦੋ ਵਾਰ ਦੀ ਚੈਂਪੀਅਨ ਜਾਪਾਨ ਨੂੰ ਰੋਮਾਂਚਕ ਸੈਮੀਫਾਈਨਲ 'ਚ 3-2 ਨਾਲ ਹਰਾ ਕੇ ਪਹਿਲੀ ਵਾਰ ਬੈਡਮਿੰਟਨ ਏਸ਼ੀਆ ਟੀਮ ਚੈਂਪੀਅਨਸ਼ਿਪ ਦੇ ਫਾਈਨਲ 'ਚ ਪੁੱਜੀ। ਤ੍ਰਿਸ਼ਾ ਜੌਲੀ ਅਤੇ ਗਾਇਤਰੀ ਗੋਪੀਚੰਦ ਦੀ ਵਿਸ਼ਵ ਦੀ 23ਵੇਂ ਨੰਬਰ ਦੀ ਜੋੜੀ ਨੇ ਡਬਲਜ਼ ਜਿੱਤਿਆ, ਵਿਸ਼ਵ ਦੀ 53ਵੇਂ ਨੰਬਰ ਦੀ ਅਸਮਿਤਾ ਚਲੀਹਾ ਨੇ ਦੂਜਾ ਸਿੰਗਲਜ਼ ਅਤੇ 17 ਸਾਲਾ ਅਨਮੋਲ ਖਰਬ ਨੇ ਫੈਸਲਾਕੁੰਨ ਸਿੰਗਲਜ਼ ਜਿੱਤ ਕੇ ਭਾਰਤ ਨੂੰ ਖਿਤਾਬੀ ਮੁਕਾਬਲੇ ਤੱਕ ਪਹੁੰਚਾਇਆ। ਫਾਈਨਲ ਐਤਵਾਰ ਥਾਈਲੈਂਡ ਨਾਲ ਹੋਵੇਗਾ।

### ਵਿਧਾਇਕ ਤੇ ਪੀ ਏ ਵਾਲ-ਵਾਲ ਬਚੇ



**ਦਸੂਹਾ** : ਹਾਜੀਪੁਰ ਰੋਡ 'ਤੇ ਕਸਬਾ ਘੋਗਰਾ ਨੇੜੇ ਹਾਦਸੇ 'ਚ ਦਸੂਹਾ ਦੇ ਵਿਧਾਇਕ ਐਡਵੋਕੇਟ ਕਰਮਬੀਰ ਘੁੰਮਣ ਤੇ ਉਨ੍ਹਾ ਦਾ ਪੀ ਏ ਸ਼ੁਭਮ ਸ਼ਰਮਾ ਵਾਲ-ਵਾਲ ਬਚੇ। ਉਨ੍ਹਾਂ ਦੀ ਇਨੋਵਾ ਨੁਕਸਾਨੀ ਗਈ, ਜਦੋਂਕਿ ਵਿਧਾਇਕ ਤੇ ਪੀ ਏ ਦੇ ਮਾਮੂਲੀ ਸੱਟਾਂ ਲੱਗੀਆਂ।

### ਭਾਰਤ ਤੇ ਕੈਨੇਡਾ ਦੇ ਵਿਦੇਸ਼ ਮੰਤਰੀਆਂ ਵਿਚਾਲੇ ਗੱਲਬਾਤ



**ਮਿਊਨਿਖ** : ਕੈਨੇਡਾ ਵਿਚ ਵੱਖਵਾਦੀ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਕਾਰਨ ਦੋਵਾਂ ਦੇਸ਼ਾਂ ਵਿਚ ਕੂਟਨੀਤਕ ਵਿਵਾਦ ਦੇ ਬਾਵਜੂਦ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਆਪਣੀ ਕੈਨੇਡੀਅਨ ਹਮਰੁਤਬਾ ਮੇਲਾਨੀਆ ਜੋਲੀ ਨਾਲ ਦੁਵੱਲੇ ਸੰਬੰਧਾਂ ਦੀ ਮੌਜੂਦਾ ਸਥਿਤੀ ਅਤੇ ਕੌਮਾਂਤਰੀ ਮੁੱਦਿਆਂ 'ਤੇ ਚਰਚਾ ਕੀਤੀ। ਦੋਵਾਂ ਨੇਤਾਵਾਂ ਨੇ ਸ਼ਨੀਵਾਰ ਜਰਮਨੀ 'ਚ ਮਿਊਨਿਖ ਸੁਰੱਖਿਆ ਸੰਮੇਲਨ ਦੌਰਾਨ ਮੁਲਾਕਾਤ ਕੀਤੀ। ਜੈਸ਼ੰਕਰ ਨੇ ਕਿਹਾ—ਸਾਡੀ ਗੱਲਬਾਤ ਸਪੱਸ਼ਟ ਤੌਰ 'ਤੇ ਦੁਵੱਲੇ ਸੰਬੰਧਾਂ ਦੀ ਮੌਜੂਦਾ ਸਥਿਤੀ 'ਤੇ ਕੇਂਦਰਤ ਸੀ। ਆਲਮੀ ਸਥਿਤੀ 'ਤੇ ਵੀ ਸਾਰਥਕ ਚਰਚਾ ਹੋਈ। ਜੋਲੀ ਨੇ ਕਿਹਾ—ਜੈਸ਼ੰਕਰ ਅਤੇ ਮੈਂ ਕੈਨੇਡਾ-ਭਾਰਤ ਸੰਬੰਧਾਂ ਅਤੇ ਯੂਕਰੇਨ ਉੱਤੇ ਰੂਸ ਦੇ ਹਮਲੇ ਸਮੇਤ ਮੌਜੂਦਾ ਕੌਮਾਂਤਰੀ ਮੁੱਦਿਆਂ 'ਤੇ ਸਪੱਸ਼ਟ ਚਰਚਾ ਕੀਤੀ।

### ਪੱਤਰਕਾਰਾਂ ਲਈ ਸੂਚਨਾ

'ਨਵਾਂ ਜ਼ਮਾਨਾ' ਦੇ ਜਿਨ੍ਹਾਂ ਪ੍ਰਤੀਨਿਧਾਂ ਦੇ ਸ਼ਨਾਖਤੀ ਕਾਰਡ ਦੀ ਮਿਆਦ ਲੰਘ ਚੁੱਕੀ ਹੈ, ਉਨ੍ਹਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਆਪੋ-ਆਪਣੇ ਕਾਰਡ ਜਲਦੀ ਤੋਂ ਜਲਦੀ 'ਨਵਾਂ ਜ਼ਮਾਨਾ' ਦਫਤਰ ਆ ਕੇ ਬਾਅਦ ਦੁਪਹਿਰ ਸ਼ੁੱਕਰਵਾਰ ਅਤੇ ਸੋਮਵਾਰ ਨੂੰ 2 ਵਜੇ ਤੋਂ ਸ਼ਾਮ 5 ਵਜੇ ਤੱਕ ਨਵਿਆਉਣ। ਪਿਛਲੇ ਸਾਲ ਦੀ ਅਧਿਕਾਰਤ ਪੱਤਰ ਦੀ ਕਾਪੀ ਨਾਲ ਲਿਆਉਣ। **-ਮੈਨੇਜਰ**

## ਕੇਜਰੀਵਾਲ ਵੱਲੋਂ ਪੇਸ਼ ਭਰੋਸੇ ਦਾ ਮਤਾ ਜ਼ੁਬਾਨੀ ਵੋਟ ਨਾਲ ਪਾਸ

**ਨਵੀਂ ਦਿੱਲੀ** : ਦਿੱਲੀ ਵਿਧਾਨ ਸਭਾ 'ਚ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਲਿਆਂਦੇ ਭਰੋਸੇ ਦੇ ਮਤੇ ਨੂੰ ਸ਼ਨੀਵਾਰ ਜ਼ੁਬਾਨੀ ਵੋਟ ਨਾਲ ਪਾਸ ਕਰ ਦਿੱਤਾ ਗਿਆ। ਭਰੋਸੇ ਦੇ ਮਤੇ 'ਤੇ ਬਹਿਸ ਦੌਰਾਨ ਆਮ ਆਦਮੀ ਪਾਰਟੀ (ਆਪ) ਦੇ 62 ਵਿੱਚੋਂ 54 ਵਿਧਾਇਕ ਸਦਨ 'ਚ ਮੌਜੂਦ ਸਨ। ਮਤੇ 'ਤੇ ਚਰਚਾ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਭਾਜਪਾ ਲਈ ਆਮ ਆਦਮੀ ਪਾਰਟੀ ਸਭ ਤੋਂ ਵੱਡੀ ਚੁਣੌਤੀ ਹੈ ਅਤੇ ਇਸੇ ਲਈ ਇਸ 'ਤੇ ਹਰ ਪਾਸਿਓਂ ਹਮਲੇ ਹੋ ਰਹੇ ਹਨ। ਉਨ੍ਹਾ ਪਹਿਲਾਂ ਦੋਸ਼ ਲਾਇਆ ਸੀ ਕਿ



ਭਾਜਪਾ ਨੇ ਉਨ੍ਹਾ ਦੀ ਸਰਕਾਰ ਨੂੰ ਡੇਗਣ ਲਈ 'ਆਪ' ਵਿਧਾਇਕਾਂ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਸੀ। ਉਨ੍ਹਾ ਕਿਹਾ ਕਿ ਜੇ ਭਾਜਪਾ ਇਸ ਸਾਲ ਦੀਆਂ ਲੋਕ ਸਭਾ ਚੋਣਾਂ ਜਿੱਤ ਜਾਂਦੀ ਹੈ ਤਾਂ ਵੀ 'ਆਪ' 2029 ਦੀਆਂ ਚੋਣਾਂ 'ਚ ਦੇਸ਼ ਨੂੰ ਇਸ ਤੋਂ ਆਜ਼ਾਦ ਕਰਵਾ ਦੇਵੇਗੀ। ਮਤੇ 'ਤੇ ਵੋਟਿੰਗ ਦੌਰਾਨ 'ਆਪ' ਦੇ ਵਿਧਾਇਕਾਂ ਦੀ ਗੈਰਹਾਜ਼ਰੀ 'ਤੇ ਕੇਜਰੀਵਾਲ ਨੇ ਕਿਹਾ ਕਿ 'ਆਪ' ਦੇ ਕਿਸੇ ਵੀ ਵਿਧਾਇਕ ਨੇ ਪਾਰਟੀ ਨਹੀਂ ਬਦਲੀ। ਦੋ ਵਿਧਾਇਕ ਜੇਲ੍ਹ 'ਚ ਹਨ, ਕੁਝ ਬਿਮਾਰ ਹਨ ਅਤੇ ਕੁਝ ਸ਼ਹਿਰ ਤੋਂ ਬਾਹਰ ਹਨ।

### ਕੇਜਰੀਵਾਲ ਦੀ ਪੇਸ਼ੀ 16 ਤੱਕ ਟਲੀ

**ਨਵੀਂ ਦਿੱਲੀ** : ਐਡੀਸ਼ਨਲ ਚੀਫ ਮੈਟਰੋਪੋਲੀਟਨ ਮੈਜਿਸਟਰੇਟ ਦਿਵਿਆ ਮਲਹੋਤਰਾ ਨੇ ਸ਼ਨੀਵਾਰ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਐਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਵੱਲੋਂ ਦਾਇਰ ਸ਼ਿਕਾਇਤ ਦੇ ਸੰਬੰਧ 'ਚ ਅਦਾਲਤ 'ਚ ਨਿੱਜੀ ਹਾਜ਼ਰੀ ਤੋਂ ਛੋਟ ਦੇ ਦਿੱਤੀ। ਈ ਡੀ ਨੇ ਆਪਣੀ ਸ਼ਿਕਾਇਤ 'ਚ ਕਿਹਾ ਸੀ ਕਿ ਕੇਜਰੀਵਾਲ ਆਬਕਾਰੀ ਨੀਤੀ ਨਾਲ ਸੰਬੰਧਤ ਮਨੀ ਲਾਂਡਰਿੰਗ ਮਾਮਲੇ 'ਚ ਉਨ੍ਹਾ ਨੂੰ ਭੇਜੇ ਸੰਮਨਾਂ ਦੀ ਪਾਲਣਾ ਨਹੀਂ ਕਰ ਰਹੇ। ਕੇਜਰੀਵਾਲ ਵੀਡੀਓ ਕਾਨਫਰੰਸ ਰਾਹੀਂ ਅਦਾਲਤ 'ਚ ਪੇਸ਼ ਹੋਏ ਅਤੇ ਦਿਨ ਭਰ ਲਈ ਨਿੱਜੀ ਪੇਸ਼ੀ ਤੋਂ ਛੋਟ ਦੀ ਬੇਨਤੀ ਕੀਤੀ। ਕੇਜਰੀਵਾਲ ਨੇ ਕਿਹਾ ਕਿ ਦਿੱਲੀ ਵਿਧਾਨ ਸਭਾ ਦਾ ਸੈਸ਼ਨ ਚੱਲ ਰਿਹਾ ਹੈ ਅਤੇ ਇਸ ਲਈ ਉਹ ਅਦਾਲਤ 'ਚ ਪੇਸ਼ ਨਹੀਂ ਹੋ ਸਕਦੇ। ਕੇਜਰੀਵਾਲ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਰਮੇਸ਼ ਗੁਪਤਾ ਨੇ ਅਦਾਲਤ ਨੂੰ ਦੱਸਿਆ ਕਿ ਮੁੱਖ ਮੰਤਰੀ ਅਗਲੀ ਤਰੀਕ ਨੂੰ ਨਿੱਜੀ ਤੌਰ 'ਤੇ ਪੇਸ਼ ਹੋਣਗੇ। ਅਦਾਲਤ ਨੇ ਮਾਮਲੇ ਦੀ ਸੁਣਵਾਈ ਲਈ ਅਗਲੀ ਤਰੀਕ 16 ਮਾਰਚ ਤੈਅ ਕੀਤੀ ਹੈ।

## ਨਾਥ ਪਿਓ-ਪੁੱਤ ਵੀ ਭਾਜਪਾ ਦੇ ਦੁਆਰੇ!

**ਨਵੀਂ ਦਿੱਲੀ** : ਭਾਜਪਾ 'ਚ ਸ਼ਾਮਲ ਹੋਣ ਦੀਆਂ ਕਿਆਸ-ਅਰਾਈਆਂ ਦਰਮਿਆਨ ਕਾਂਗਰਸ ਦੇ ਸੀਨੀਅਰ ਨੇਤਾ ਅਤੇ ਮੱਧ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਕਮਲਨਾਥ ਨੇ ਸ਼ਨੀਵਾਰ ਇਥੇ ਕਿਹਾ ਕਿ ਜੇ ਅਜਿਹਾ ਕੁਝ ਹੁੰਦਾ ਹੈ ਤਾਂ ਉਹ ਮੀਡੀਆ ਨੂੰ ਸੂਚਿਤ ਕਰਨਗੇ। ਉਹ ਬਾਅਦ ਦੁਪਹਿਰ ਬੇਟੇ ਨਕੁਲ ਨਾਥ ਨਾਲ ਦਿੱਲੀ ਪਹੁੰਚੇ।



ਕਮਲਨਾਥ ਪਿਛਲੇ ਕੁਝ ਦਿਨਾਂ ਤੋਂ ਮੱਧ ਪ੍ਰਦੇਸ਼ ਦੇ ਛਿੰਦਵਾੜਾ ਦੇ ਦੌਰੇ 'ਤੇ ਸਨ, ਜਿੱਥੋਂ ਉਹ 9 ਵਾਰ ਸੰਸਦ ਮੈਂਬਰ ਰਹਿ ਚੁੱਕੇ ਹਨ। ਦਿੱਲੀ ਪਹੁੰਚਣ ਤੋਂ ਬਾਅਦ ਕਮਲਨਾਥ ਨੇ ਭਾਜਪਾ 'ਚ ਸ਼ਾਮਲ ਹੋਣ ਦੀ ਸੰਭਾਵਨਾ ਬਾਰੇ ਸਵਾਲਾਂ 'ਤੇ ਪੱਤਰਕਾਰਾਂ ਨੂੰ ਕਿਹਾ—ਤੁਸੀਂ ਬਹੁਤ ਉਤਸ਼ਾਹਤ ਹੋ ਰਹੇ ਹੋ। ਇਹ ਮੈਂ ਨਹੀਂ ਕਹਿ ਰਿਹਾ, ਤੁਸੀਂ ਕਹਿ ਰਹੇ ਹੋ। ਜੇ ਅਜਿਹਾ ਕੁਝ ਹੁੰਦਾ ਹੈ ਤਾਂ ਮੈਂ ਤੁਹਾਨੂੰ ਸਭ ਤੋਂ ਪਹਿਲਾਂ ਸੂਚਿਤ ਕਰਾਂਗਾ। ਕਮਲਨਾਥ ਦੇ ਬੇਟੇ ਨਕੁਲ ਨਾਥ ਛਿੰਦਵਾੜਾ ਤੋਂ ਸੰਸਦ ਮੈਂਬਰ ਹਨ। ਅਟਕਲਾਂ ਹਨ ਕਿ ਦੋਨੋਂ ਕਰੀਬ ਇਕ ਦਰਜਨ ਵਿਧਾਇਕਾਂ ਤੇ ਸਾਬਕਾ ਵਿਧਾਇਕਾਂ ਨਾਲ ਭਾਜਪਾ ਵਿਚ ਸ਼ਾਮਲ ਹੋ ਸਕਦੇ ਹਨ।

### ਐੱਮ ਐੱਸ ਪੀ ਦੀ ਗਰੰਟੀ ਦਾ ਆਰਡੀਨੈਂਸ ਜਾਰੀ ਹੋਵੇ : ਪੰਧੇਰ

**ਚੰਡੀਗੜ੍ਹ** : ਕਿਸਾਨ ਆਗੂ ਸਰਵਣ ਸਿੰਘ ਪੰਧੇਰ ਨੇ ਸ਼ਨੀਵਾਰ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਘੱਟੋ-ਘੱਟ ਸਮਰਥਨ ਮੁੱਲ (ਐੱਮ ਐੱਸ ਪੀ) ਦੀ ਕਾਨੂੰਨੀ ਗਰੰਟੀ ਦੇਣ ਲਈ ਆਰਡੀਨੈਂਸ ਲਿਆਂਦਾ ਜਾਵੇ।



ਪੰਧੇਰ ਦਾ ਇਹ ਬਿਆਨ ਅਜਿਹੇ ਸਮੇਂ ਆਇਆ ਹੈ, ਜਦੋਂ ਕਿਸਾਨ ਆਗੂ ਤੇ ਕੇਂਦਰੀ ਮੰਤਰੀਆਂ ਵਿਚਾਲੇ ਐਤਵਾਰ ਨੂੰ ਚੌਥੇ ਦੌਰ ਦੀ ਗੱਲਬਾਤ ਹੋਣੀ ਹੈ। ਪੰਧੇਰ ਨੇ ਸ਼ੰਭੂ ਸਰਹੱਦ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ—ਜੇ ਕੇਂਦਰ ਸਰਕਾਰ ਚਾਹੇ ਤਾਂ ਰਾਤੋ-ਰਾਤ ਆਰਡੀਨੈਂਸ ਲਿਆ ਸਕਦੀ ਹੈ। ਜੇ ਸਰਕਾਰ ਕਿਸਾਨ ਅੰਦੋਲਨ ਦਾ ਕੋਈ ਹੱਲ ਚਾਹੁੰਦੀ ਹੈ ਤਾਂ ਉਹ ਆਰਡੀਨੈਂਸ ਲਿਆਵੇ। ਇਸ ਤੋਂ ਬਾਅਦ ਗੱਲਬਾਤ ਅੱਗੇ ਵਧ ਸਕਦੀ ਹੈ।

## ਕਿਸਾਨਾਂ ਵੱਲੋਂ ਕੈਪਟਨ, ਜਾਖੜ ਤੇ ਢਿੱਲੋਂ ਦੇ ਘਰਾਂ ਅੱਗੇ ਧਰਨੇ

**ਪਟਿਆਲਾ** : ਭਾਰਤੀ ਕਿਸਾਨ ਯੂਨੀਅਨ ਏਕਤਾ-ਉਗਰਾਹਾਂ ਨੇ ਸ਼ਨੀਵਾਰ ਪੰਜਾਬ ਦੇ ਤਿੰਨ ਭਾਜਪਾ ਨੇਤਾਵਾਂ ਦੇ ਘਰਾਂ ਮੂਹਰੇ ਲਗਾਤਾਰ ਦੋ ਦਿਨਾਂ ਲਈ ਦਿਨ-ਰਾਤ ਦੇ ਧਰਨੇ ਸ਼ਨੀਵਾਰ ਸ਼ੁਰੂ ਕਰ ਦਿੱਤੇ ਤੇ ਇਸ ਦੇ ਨਾਲ ਹੀ ਅਤੇ ਰਾਜ ਦੇ ਟੋਲ ਪਲਾਜ਼ਾ ਪਰਚੀ ਮੁਕਤ ਕਰਾ ਦਿੱਤੇ। ਜਥੇਬੰਦੀ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਤੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਦੱਸਿਆ ਭਾਜਪਾ ਦੇ ਤਿੰਨ ਮੁੱਖ ਸੂਬਾਈ ਆਗੂਆਂ ਸੁਨੀਲ ਜਾਖੜ ਦੇ ਅਬੋਹਰ, ਕੈਪਟਨ ਅਮਰਿੰਦਰ ਸਿੰਘ ਦੇ ਪਟਿਆਲਾ ਅਤੇ ਕੇਵਲ ਸਿੰਘ ਢਿੱਲੋਂ ਦੇ ਬਰਨਾਲਾ ਵਿਚਲੇ ਘਰਾਂ ਅੱਗੇ ਧਰਨੇ ਸ਼ੁਰੂ ਕੀਤੇ ਗਏ ਹਨ। ਜਥੇਬੰਦੀ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਕਿਸਾਨ ਵਿਰੋਧੀ ਕਾਰਵਾਈਆਂ ਨੂੰ ਅੰਜਾਮ ਦੇ ਰਹੀ ਹੈ।



### ਈਰਾਨ 'ਚ ਪਿਓ, ਭਰਾ ਸਣੇ 12 ਰਿਸ਼ਤੇਦਾਰਾਂ ਦੀ ਗੋਲੀਆਂ ਮਾਰ ਕੇ ਹੱਤਿਆ

**ਤਹਿਰਾਨ** : ਈਰਾਨ ਦੇ ਦੂਰ-ਦੁਰਾਡੇ ਦੇ ਪੇਂਡੂ ਖੇਤਰ 'ਚ ਇੱਕ 30 ਸਾਲਾ ਵਿਅਕਤੀ ਨੇ ਆਪਣੇ 12 ਰਿਸ਼ਤੇਦਾਰਾਂ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਇਹ ਗੋਲ਼ੀਬਾਰੀ ਦਹਾਕਿਆਂ ਦੀ ਸਭ ਤੋਂ ਘਾਤਕ ਘਟਨਾ ਹੈ। ਕੇਰਮਾਨ ਸੂਬੇ ਦੇ ਨਿਆਂ ਵਿਭਾਗ ਦੇ ਮੁਖੀ ਇਬਰਾਹਿਮ ਹਮੀਦੀ ਨੇ ਦੱਸਿਆ ਕਿ ਬੰਦੂਕਧਾਰੀ ਨੇ ਪਰਿਵਾਰਕ ਝਗੜਿਆਂ ਕਾਰਨ ਤੜਕੇ ਪਿੰਡ 'ਚ ਆਪਣੇ ਪਿਤਾ, ਭਰਾ ਅਤੇ ਹੋਰ ਰਿਸ਼ਤੇਦਾਰਾਂ 'ਤੇ ਗੋਲੀਆਂ ਚਲਾ ਦਿੱਤੀਆਂ। ਉਸ ਨੇ ਕਲਾਸ਼ਨੀਕੋਵ ਅਸਾਲਟ ਰਾਈਫਲ ਦੀ ਵਰਤੋਂ ਕੀਤੀ। 2022 'ਚ ਇਕ ਮੁਲਾਜ਼ਮ, ਜਿਸ ਨੂੰ ਇੱਕ ਸਰਕਾਰੀ ਵਿੱਤੀ ਸਮੂਹ ਤੋਂ ਬਰਖਾਸਤ ਕਰ ਦਿੱਤਾ ਗਿਆ ਸੀ, ਨੇ ਆਪਣੇ ਆਪ ਨੂੰ ਮਾਰਨ ਤੋਂ ਪਹਿਲਾਂ ਆਪਣੇ ਸਾਬਕਾ ਕੰਮ ਵਾਲੀ ਥਾਂ 'ਤੇ ਗੋਲੀਬਾਰੀ ਕਰਕੇ ਤਿੰਨ ਲੋਕਾਂ ਨੂੰ ਮਾਰ ਦਿੱਤਾ ਸੀ ਅਤੇ ਪੰਜ ਜ਼ਖਮੀ ਕਰ ਦਿੱਤੇ ਸਨ। 2016 'ਚ 26 ਸਾਲਾ ਵਿਅਕਤੀ ਨੇ ਈਰਾਨ ਦੇ ਦੱਖਣ ਦੇ ਪਿੰਡ ਵਿਚ 10 ਰਿਸ਼ਤੇਦਾਰਾਂ ਨੂੰ ਗੋਲੀ ਮਾਰ ਦਿੱਤੀ ਸੀ।

### ਮੌਸਮੀ ਸੈਟੇਲਾਈਟ ਲਾਂਚ

**ਸ੍ਰੀਹਰੀਕੋਟਾ** : ਭਾਰਤੀ ਪੁਲਾੜ ਖੋਜ ਸੰਸਥਾ (ਇਸਰੋ) ਨੇ ਸ਼ਨੀਵਾਰ ਉਪਗ੍ਰਹਿ ਇਨਸੈਟ-3 ਡੀ ਐਸ ਲਾਂਚ ਕੀਤਾ, ਜੋ ਮੌਸਮ ਦੀ ਸਹੀ ਜਾਣਕਾਰੀ ਦੇਵੇਗਾ। ਇਸ ਨੂੰ ਸ੍ਰੀਹਰੀਕੋਟਾ ਦੇ ਸਤੀਸ਼ ਧਵਨ ਸਪੇਸ ਸੈਂਟਰ ਤੋਂ ਸ਼ਾਮ 5.35 ਵਜੇ ਲਾਂਚ ਕੀਤਾ ਗਿਆ। ਇਹ ਸੈਟੇਲਾਈਟ 19 ਮਿੰਟ ਬਾਅਦ ਹੀ ਧਰਤੀ ਦੇ ਉਪਰਲੇ ਔਰਬਿਟ 'ਚ ਤਾਇਨਾਤ ਕਰ ਦਿੱਤਾ ਗਿਆ। ਇਹ ਇਸਰੋ ਦਾ ਇਸ ਸਾਲ ਦੂਜਾ ਮਿਸ਼ਨ ਹੈ ਤੇ ਇਸ ਤੋਂ ਪਹਿਲਾਂ ਪਹਿਲੀ ਜਨਵਰੀ ਨੂੰ ਵੀ ਉਪਗ੍ਰਹਿ ਲਾਂਚ ਕੀਤਾ ਗਿਆ ਸੀ। ਇਸਰੋ ਦੇ ਚੇਅਰਮੈਨ ਐਸ ਸੋਮਨਾਥ ਅਨੁਸਾਰ ਇਹ ਛੇ-ਚੈਨਲ ਇਮੇਜਰ ਅਤੇ ਉੱਨੀ-ਚੈਨਲ ਸਾਉਂਡਰ ਰਾਹੀਂ ਮੌਸਮ ਸੰਬੰਧੀ ਜਾਣਕਾਰੀ ਪ੍ਰਦਾਨ ਕਰੇਗਾ। ਇਹ ਖੋਜ ਅਤੇ ਬਚਾਅ ਲਈ ਜ਼ਮੀਨੀ ਡੇਟਾ ਅਤੇ ਸੰਦੇਸ਼ਾਂ ਨੂੰ ਵੀ ਰਿਲੇਅ ਕਰੇਗਾ।



## 'ਦੰਗਲ' ਦੀ ਅਦਾਕਾਰਾ ਦਾ ਦੇਹਾਂਤ

**ਨਵੀਂ ਦਿੱਲੀ** : ਆਮਿਰ ਖਾਨ ਦੀ ਸੁਪਰਹਿੱਟ ਫਿਲਮ 'ਦੰਗਲ' 'ਚ ਛੋਟੀ ਬਬੀਤਾ ਫੋਗਾਟ ਦਾ ਕਿਰਦਾਰ ਨਿਭਾਉਣ ਵਾਲੀ ਅਦਾਕਾਰਾ ਸੁਹਾਨੀ ਭਟਨਾਗਰ ਦਾ 19 ਸਾਲ ਦੀ ਉਮਰ 'ਚ ਦੇਹਾਂਤ ਹੋ ਗਿਆ। ਫਰੀਦਾਬਾਦ ਦੀ ਰਹਿਣ ਵਾਲੀ ਸੁਹਾਨੀ ਦਾ ਕੁਝ ਸਮਾਂ ਪਹਿਲਾਂ ਐਕਸੀਡੈਂਟ ਹੋਇਆ ਸੀ, ਜਿਸ ਕਾਰਨ ਉਸ ਦੀ ਲੱਤ ਫਰੈਕਚਰ ਹੋ ਗਈ ਸੀ।

ਸੁਹਾਨੀ ਨੇ ਜੋ ਦਵਾਈਆਂ ਲਈਆਂ, ਉਨ੍ਹਾਂ ਦੇ ਅਜਿਹੇ ਮਾੜੇ ਪ੍ਰਭਾਵ ਹੋਏ ਕਿ ਉਸ ਦੇ ਸਰੀਰ 'ਚ ਹੌਲੀ-ਹੌਲੀ ਪਾਣੀ ਭਰ ਗਿਆ। ਉਹ ਲੰਮੇ ਸਮੇਂ ਤੋਂ ਦਿੱਲੀ ਦੇ ਏਮਜ਼ 'ਚ ਦਾਖਲ ਸੀ। ਉਸ ਨੇ ਕਈ ਟੀ ਵੀ ਵਿਗਿਆਪਨਾਂ 'ਚ ਵੀ ਕੰਮ ਕੀਤਾ ਸੀ। 'ਦੰਗਲ' ਤੋਂ ਬਾਅਦ ਉਸ ਨੇ ਬ੍ਰੇਕ ਲੈ ਲਈ ਸੀ, ਕਿਉਂਕਿ ਉਹ ਪੜ੍ਹਾਈ 'ਤੇ ਧਿਆਨ ਦੇਣਾ ਚਾਹੁੰਦੀ ਸੀ। ਸੁਹਾਨੀ ਨੇ ਕਈ ਇੰਟਰਵਿਊਜ਼ 'ਚ ਕਿਹਾ ਸੀ ਕਿ ਉਹ ਪੜ੍ਹਾਈ ਤੋਂ ਬਾਅਦ ਫਿਲਮਾਂ 'ਚ ਵਾਪਸੀ ਕਰੇਗੀ।



ਦੰਗਲ ਫਿਲਮ ਦੀ ਸ਼ੂਟਿੰਗ ਦੌਰਾਨ (ਸੱਜੇ) ਉਮਰ ਵਧਣ ਤੋਂ ਬਾਅਦ।

### ਪਾਕਿਸਤਾਨੀ ਨਾਗਰਿਕ ਫੜਿਆ

**ਗੁਰਦਾਸਪੁਰ (ਦਿਨੇਸ਼ ਕੁਮਾਰ)**

ਬੀ ਐੱਸ ਐੱਫ ਨੇ ਪਾਕਿਸਤਾਨੀ ਨਾਗਰਿਕ ਨੂੰ ਫੜ ਲਿਆ, ਜਿਹੜਾ ਸਰਹੱਦ ਪਾਰ ਕਰਕੇ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਠਾਕੁਰਪੁਰ ਨੇੜੇ ਭਾਰਤੀ ਖੇਤਰ 'ਚ ਦਾਖਲ ਹੋ ਗਿਆ ਸੀ।

ਪੁੱਛ-ਪੜਤਾਲ ਖੁਲਾਸਾ ਹੋਇਆ ਕਿ ਉਹ ਗਲਤੀ ਨਾਲ ਭਾਰਤੀ ਖੇਤਰ 'ਚ ਦਾਖਲ ਹੋ ਗਿਆ ਸੀ। ਉਸ ਕੋਲੋਂ ਕੋਈ ਇਤਰਾਜ਼ਯੋਗ ਚੀਜ਼ ਨਹੀਂ ਮਿਲੀ। ਬੀ ਐੱਸ ਐੱਫ ਨੇ ਅਗਲੀ ਜਾਂਚ ਲਈ ਉਸ ਨੂੰ ਪੰਜਾਬ ਪੁਲਸ ਦੇ ਹਵਾਲੇ ਕਰ ਦਿੱਤਾ ਹੈ।

## ਪਾਕਿਸਤਾਨ 'ਚ ਚੋਣ ਧਾਂਦਲੀਆਂ 'ਚ ਮੁੱਖ ਚੋਣ ਕਮਿਸ਼ਨਰ ਤੇ ਚੀਫ ਜਸਟਿਸ ਸ਼ਾਮਲ ਰਹੇ!

**ਇਸਲਾਮਾਬਾਦ** : ਇਕ ਸੀਨੀਅਰ ਪਾਕਿਸਤਾਨੀ ਨੌਕਰਸ਼ਾਹ ਨੇ ਸ਼ਨੀਵਾਰ ਦੋਸ਼ ਲਾਇਆ ਕਿ ਹਾਲੀਆ ਚੋਣਾਂ ਵਿਚ ਰਿਗਿੰਗ ਕਰਨ 'ਚ ਮੁੱਖ ਚੋਣ ਕਮਿਸ਼ਨਰ ਤੇ ਚੀਫ ਜਸਟਿਸ ਸ਼ਾਮਲ ਸਨ। ਰਾਵਲਪਿੰਡੀ ਦੇ ਕਮਿਸ਼ਨਰ ਲਿਆਕਤ ਅਲੀ ਚੱਠਾ ਨੇ ਸਾਰੀ ਗੜਬੜ ਦੀ ਜ਼ਿੰਮੇਵਾਰੀ ਖੁਦ 'ਤੇ ਲੈਂਦਿਆਂ ਅਸਤੀਫਾ ਦੇ ਦਿੱਤਾ ਹੈ। ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਪਾਕਿਸਤਾਨ ਤਹਿਰੀਕ-ਏ-ਇਨਸਾਫ ਪਾਰਟੀ ਚੋਣਾਂ ਵਿਚ ਧਾਂਦਲੀਆਂ ਖਿਲਾਫ ਦੇਸ਼ਵਿਆਪੀ ਮੁਜ਼ਾਹਰੇ ਕਰ ਰਹੀ ਹੈ। ਰਾਵਲਪਿੰਡੀ ਦੇ ਕ੍ਰਿਕਟ ਸਟੇਡੀਅਮ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਚੱਠਾ ਨੇ ਕਿਹਾ ਕਿ ਜਿਹੜੇ ਉਮੀਦਵਾਰ 70-80 ਹਜ਼ਾਰ ਵੋਟਾਂ ਨਾਲ ਹਾਰ ਰਹੇ ਸਨ ਉਨ੍ਹਾਂ ਨੂੰ ਜਿਤਾਇਆ ਗਿਆ। ਉਨ੍ਹਾ ਕਿਹਾ—ਮੈਂ ਸਾਰੀ ਗੜਬੜ ਦੀ ਜ਼ਿੰਮੇਵਾਰੀ ਲੈਂਦਾ ਹਾਂ ਤੇ ਤੁਹਾਨੂੰ ਦੱਸ ਰਿਹਾ ਹਾਂ ਕਿ ਮੁਖ ਚੋਣ ਕਮਿਸ਼ਨਰ ਤੇ ਚੀਫ ਜਸਟਿਸ ਧਾਂਦਲੀਆਂ ਕਰਨ ਵਿਚ ਪੂਰੀ ਤਰ੍ਹਾਂ ਮੁਲੱਬਸ ਸਨ। ਆਪਣੇ ਅਸਤੀਫੇ ਬਾਰੇ ਚੱਠਾ ਨੇ ਕਿਹਾ—ਦੇਸ਼ ਦੀ ਪਿੱਠ ਵਿਚ ਛੁਰਾ ਮਾਰਨ ਕਰਕੇ ਮੈਨੂੰ ਨੀਂਦ ਨਹੀਂ ਆ ਰਹੀ ਸੀ। ਮੈਨੂੰ ਬੇਇਨਸਾਫੀ ਲਈ ਸਜ਼ਾ ਮਿਲਣੀ ਚਾਹੀਦੀ ਹੈ। ਮੇਰੇ ਨਾਲ ਜਿਨ੍ਹਾਂ ਹੋਰਨਾਂ ਨੇ ਧਾਂਦਲੀਆਂ ਕੀਤੀਆਂ ਸਭ ਨੂੰ ਸਜ਼ਾ ਮਿਲਣੀ ਚਾਹੀਦੀ ਹੈ। ਮੇਰੇ 'ਤੇ ਏਨਾ ਦਬਾਅ ਸੀ ਕਿ ਖੁਦਕੁਸ਼ੀ ਕਰਨ ਬਾਰੇ ਸੋਚ ਰਿਹਾ ਸੀ ਪਰ ਅੰਤ ਨੂੰ ਲੋਕਾਂ ਨੂੰ ਸੱਚਾਈ ਦੱਸਣ ਦਾ ਫੈਸਲਾ ਕੀਤਾ। ਮੇਰੀ ਸਾਰੇ ਦੇਸ਼ ਦੇ ਨੌਕਰਸ਼ਾਹਾਂ ਨੂੰ ਬੇਨਤੀ ਹੈ ਕਿ ਉਹ ਸਿਆਸਤਦਾਨਾਂ ਦੇ ਹੱਥਠੋਕੇ ਨਾ ਬਣਨ।



ਲਿਆਕਤ ਅਲੀ ਚੱਠਾ


**ਇਸੇ ਦੌਰਾਨ** ਜੇਲ੍ਹ 'ਚ ਬੰਦ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਪਾਰਟੀ ਪਾਕਿਸਤਾਨ ਤਹਿਰੀਕ-ਏ-ਇਨਸਾਫ (ਪੀ ਟੀ ਆਈ) ਨੇ ਅਗਲੀ ਸਰਕਾਰ ਬਣਾਉਣ 'ਚ ਨਾਕਾਮ ਹੋਣ ਮਗਰੋਂ ਸੰਸਦ 'ਚ ਵਿਰੋਧੀ ਧਿਰ 'ਚ ਬੈਠਣ ਦਾ ਫੈਸਲਾ ਕੀਤਾ ਹੈ। ਪਾਕਿਸਤਾਨ ਚੋਣਾਂ 'ਚ ਕਿਸੇ ਵੀ ਪਾਰਟੀ ਨੂੰ ਪੂਰਨ ਬਹੁਮਤ ਨਾ ਮਿਲਣ ਤੋਂ ਬਾਅਦ ਵੱਡੀਆਂ ਸਿਆਸੀ ਪਾਰਟੀਆਂ ਸਰਕਾਰ ਬਣਾਉਣ ਲਈ ਸਰਗਰਮ ਹਨ। ਪੀ ਟੀ ਆਈ ਨੇਤਾ ਬੈਰਿਸਟਰ ਮੁਹੰਮਦ ਅਲੀ ਸੈਫ ਨੇ ਐਲਾਨ ਕੀਤਾ ਕਿ ਇਮਰਾਨ ਖਾਨ ਦੇ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਪਾਰਟੀ ਨੇ ਕੇਂਦਰ ਦੇ ਨਾਲ-ਨਾਲ ਪੰਜਾਬ ਵਰਗੇ ਪ੍ਰਮੁੱਖ ਸੂਬਿਆਂ 'ਚ ਵਿਰੋਧੀ ਧਿਰ 'ਚ ਬੈਠਣ ਦਾ ਫੈਸਲਾ ਕੀਤਾ ਹੈ।

### ਅੱਜ-ਨਾਮਾ

ਫਸਿਆ ਅਦਾਲਤ ਦੇ ਵਿੱਚ ਟਰੰਪ ਸੁਣਿਆ,
ਵੱਡਾ ਜੁਰਮਾਨਾ ਗਿਆ ਓਸ ਨੂੰ ਲੱਗ ਬੇਲੀ।
ਚੱਲ ਰਹੇ ਕੇਸ ਕਈ ਸੁਣੇ ਨੇ ਓਸ ਉੱਪਰ,
ਚਰਚਾ ਕਰਦਾ ਪਿਆ ਸੁਣੀਂਦਾ ਜੱਗ ਬੇਲੀ।
ਤਿੰਨ ਕੁ ਕੇਸਾਂ ਵਿੱਚ ਕੈਦ ਵੀ ਹੋਈ ਕਹਿੰਦੇ,
ਹੋਰ ਕਈ ਕੇਸਾਂ ਦੀ ਉੱਠੇ ਪਈ ਝੱਗ ਬੇਲੀ।
ਫਿਰ ਵੀ ਚੋਣ-ਪ੍ਰਚਾਰ ਵਿੱਚ ਪਿਆ ਫਿਰਦਾ,
ਟਿੱਚ ਜਿਹੀ ਸਮਝਦਾ ਕੇਸਾਂ ਦੀ ਅੱਗ ਬੇਲੀ।
ਜਿੱਦਾਂ ਫਸਿਆ ਇਮਰਾਨ ਸੀ ਬਹੁਤ ਲੱਗਦਾ,
ਪਰ ਲੋਕੀਂ ਉਹਦੇ ਵੀ ਖੜ੍ਹੇ ਰਹੇ ਨਾਲ ਬੇਲੀ।
ਹਰ ਇੱਕ ਕੇਸ ਅਦਾਲਤ ਵਿੱਚ ਜਾਣ ਪਿੱਛੋਂ,
ਟਰੰਪ ਦੇ ਨਾਲ ਵਧਦੀ ਦਿੱਸਦੀ ਪਾਲ ਬੇਲੀ।

-ਤੀਸ ਮਾਰ ਖਾਂ

100 ਸਾਲਾ ਸ਼ਤਾਬਦੀ
ਜੈਤੋ ਦਾ ਮੋਰਚਾ



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ
ਵਿਸ਼ਾਲ ਗੁਰਮਤਿ ਸਮਾਗਮ

ਮਿਤੀ 19, 20, 21 ਫ਼ਰਵਰੀ 2024, ਸਥਾਨ : ਗੁਰਦੁਆਰਾ ਸ਼ਹੀਦ ਗੰਜ ਟਿੱਬੀ ਸਾਹਿਬ, ਗੰਗਸਰ ਸਾਹਿਬ ਪਾਤਸ਼ਾਹੀ ਦਸਵੀਂ, ਜੈਤੋ (ਫਰੀਦਕੋਟ)

- 19 ਫ਼ਰਵਰੀ 2024 ਨੂੰ ਸਵੇਰੇ 9:00 ਵਜੇ ਗੁਰਦੁਆਰਾ ਟਿੱਬੀ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ ਸਵੇਰੇ 10:00 ਵਜੇ ਨਗਰ ਕੀਰਤਨ (ਸ਼ਹੀਦੀ ਮਾਰਚ) ਸਜਾਇਆ ਜਾਵੇਗਾ।
- 20 ਫ਼ਰਵਰੀ 2024 ਨੂੰ ਸਵੇਰੇ 10:00 ਵਜੇ ਗੁਰਮਤਿ ਮਿਸ਼ਨਰੀ ਕਾਲਜਾਂ ਦੇ ਵਿਦਿਆਰਥੀ ਤੰਤੀ ਸਾਜ਼ਾਂ ਨਾਲ ਗੁਰਬਾਣੀ ਕੀਰਤਨ ਕਰਨਗੇ। ਸਕੂਲਾਂ/ਕਾਲਜਾਂ ਦੇ ਵਿਦਿਆਰਥੀ ਕਵੀਸ਼ਰੀ, ਕਵਿਤਾ ਅਤੇ ਭਾਸ਼ਣ ਰਾਹੀਂ ਗੁਰ-ਇਤਿਹਾਸ ਸਰਵਣ ਕਰਵਾਉਣਗੇ। ਗੁਰਦੁਆਰਾ ਗੰਗਸਰ ਸਾਹਿਬ ਵਿਖੇ ਅੰਮ੍ਰਿਤ ਸੰਚਾਰ ਸਮਾਗਮ ਹੋਵੇਗਾ, ਜਿਸ ਵਿਚ ਧਰਮ ਪ੍ਰਚਾਰ ਕਮੇਟੀ ਵੱਲੋਂ ਕਕਾਰ ਭੇਟਾ ਰਹਿਤ ਦਿੱਤੇ ਜਾਣਗੇ।
- 21 ਫ਼ਰਵਰੀ 2024 ਨੂੰ ਸ਼ਤਾਬਦੀ ਦਾ **ਮੁੱਖ ਸਮਾਗਮ** ਗੁਰਦੁਆਰਾ ਟਿੱਬੀ ਸਾਹਿਬ ਨਜ਼ਦੀਕ ਸਜਾਏ ਗਏ ਪੰਡਾਲ 'ਚ ਹੋਵੇਗਾ, ਜਿਸ ਵਿਚ ਸਿੱਖ ਪੰਥ ਦੇ ਪ੍ਰਸਿੱਧ ਕਥਾਵਾਚਕ, ਰਾਗੀ, ਢਾਡੀ ਤੇ ਕਵੀਸ਼ਰ ਜਥੇ ਹਾਜ਼ਰੀ ਭਰਨਗੇ। ਮੁੱਖ ਸਮਾਗਮ ਦੌਰਾਨ ਤਖ਼ਤ ਸਾਹਿਬਾਨ ਦੇ ਜਥੇਦਾਰ, ਸਿੰਘ ਸਾਹਿਬਾਨ ਅਤੇ ਸਿੱਖ ਪੰਥ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਸੰਗਤਾਂ ਨਾਲ ਵਿਚਾਰ ਸਾਂਝੇ ਕਰਨਗੀਆਂ।

ਆਓ! ਇਨ੍ਹਾਂ ਗੁਰਮਤਿ ਸਮਾਗਮਾਂ 'ਚ ਪਰਿਵਾਰਾਂ ਸਮੇਤ ਹਾਜ਼ਰੀ ਭਰ ਕੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਦੇ ਪਾਤਰ ਬਣੀਏ।

ਗੁਰੂ ਪੰਥ ਦੇ ਦਾਸ

ਸਮੂਹ ਮੈਂਬਰਾਨ
ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਐਡਵੋਕੇਟ ਹਰਜਿੰਦਰ ਸਿੰਘ
ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਜਾਰੀ ਕਰਤਾ: ਸਕੱਤਰ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ

# ਬਹਿਲ ਦੀਆਂ ਕੋਸ਼ਿਸ਼ਾਂ ਸਦਕਾ ਸਰਸਪੁਰ ਤੇ ਲੋਧੀਪੁਰ ਦੇ ਨੌਜਵਾਨਾਂ ਨੂੰ ਖੇਡ ਸਟੇਡੀਅਮ ਦਾ ਤੋਹਫਾ



**ਗੁਰਦਾਸਪੁਰ, ਧਾਰੀਵਾਲ, (ਦਿਨੇਸ਼ ਕੁਮਾਰ, ਮਨਦੀਪ ਸਿੰਘ ਵਿੱਕੀ, ਜਨਕ ਮਹਾਜਨ)**- ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਦੇ ਯਤਨਾਂ ਸਦਕਾ ਵਿਧਾਨ ਸਭਾ ਹਲਕਾ ਗੁਰਦਾਸਪੁਰ ਦੇ ਪਿੰਡ ਸਰਸਪੁਰ ਅਤੇ ਲੋਧੀਪੁਰ ਦੇ ਨੌਜਵਾਨਾਂ ਨੂੰ ਖੇਡ ਸਟੇਡੀਅਮ ਦਾ ਖੂਬਸੂਰਤ ਤੋਹਫਾ ਮਿਲਿਆ ਹੈ। ਪੰਜਾਬ ਸਰਕਾਰ ਵੱਲੋਂ ਪਿੰਡ ਸਰਸਪੁਰ ਵਿਖੇ 33.50 ਲੱਖ ਰੁਪਏ ਦੀ ਲਾਗਤ ਨਾਲ ਖੇਡ ਸਟੇਡੀਅਮ ਬਣਾਇਆ ਗਿਆ ਹੈ ਜਿਸ ਦਾ ਉਦਘਾਟਨ ਸ਼ਨੀਵਾਰ ਨੂੰ ਚੇਅਰਮੈਨ ਰਮਨ ਬਹਿਲ ਵੱਲੋਂ ਕੀਤਾ ਗਿਆ। ਸਟੇਡੀਅਮ ਦੇ ਉਦਘਾਟਨੀ ਸਮਾਰੋਹ ਮੌਕੇ ਵੱਡੀ ਗਿਣਤੀ ਵਿੱਚ ਹਾਜ਼ਰ ਲੋਕਾਂ ਦੇ ਇਕੱਠ ਨੂੰ ਨਵੇਂ ਸਟੇਡੀਅਮ ਦੀ ਵਧਾਈ ਦਿੰਦਿਆਂ ਚੇਅਰਮੈਨ ਬਹਿਲ ਨੇ ਕਿਹਾ ਕਿ ਇਹ ਸਟੇਡੀਅਮ ਪਿੰਡ ਸਰਸਪੁਰ ਤੇ ਲੋਧੀਪੁਰ ਤੋਂ ਇਲਾਵਾ ਇਲਾਕੇ ਦੇ ਹੋਰ ਪਿੰਡਾਂ ਦੇ ਨੌਜਵਾਨਾਂ ਅਤੇ ਖਿਡਾਰੀਆਂ ਲਈ ਵੱਡੀ ਸਹੂਲਤ ਸਾਬਤ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਸਟੇਡੀਅਮ ਦੀ ਬਦੌਲਤ ਨੌਜਵਾਨ ਖੇਡਾਂ ਨਾਲ ਜੁੜ ਕੇ ਨਸ਼ਿਆਂ ਤੋਂ ਦੂਰ ਰਹਿਣਗੇ।

# ਨਾਮਜ਼ਦ ਮੁਲਜ਼ਮਾਂ ਨੂੰ ਪੁਲਸ ਜਲਦੀ ਗ੍ਰਿਫ਼ਤਾਰ ਕਰੇ : ਪੀ ਸੀ ਐੱਮ ਐੱਸ ਐਸੋਸੀਏਸ਼ਨ

**ਪੱਟੀ, (ਬਲਦੇਵ ਸਿੰਘ ਸੰਧੂ /ਸ਼ਮਸ਼ੇਰ ਸਿੰਘ ਯੋਧਾ)**-ਪੀ ਸੀ ਐੱਮ ਐੱਸ ਐਸੋਸੀਏਸ਼ਨ ਪੰਜਾਬ ਦੇ ਜਿਲ੍ਹਾ ਪ੍ਰਧਾਨ ਡਾ. ਸੁਰਿੰਦਰ ਕੁਮਾਰ ਅਤੇ ਜਨਰਲ ਸਕੱਤਰ ਡਾ. ਗੁਰਿੰਦਰਬੀਰ ਸਿੰਘ ਨੇ ਸਾਂਝਾ ਬਿਆਨ ਜਾਰੀ ਕਰਦਿਆਂ ਸਰਕਾਰੀ ਹਸਪਤਾਲ ਹਰੀਕੇ ਵਿਖੇ ਪਿਛਲੇ ਦਿਨੀਂ ਪਿੰਡ ਦੇ ਕੁਝ ਵਿਅਕਤੀਆਂ ਵੱਲੋਂ ਮੈਡੀਕਲ ਅਫਸਰ, ਫਾਰਮੇਸੀ ਅਫਸਰ ਅਤੇ ਸਟਾਫ ਨਾਲ ਕੀਤੀ ਬਦਸਲੂਕੀ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ। ਉਨ੍ਹਾਂ ਥਾਣਾ ਮੁਖੀ ਇੰਸਪੈਕਟਰ ਪਰਮਦੀਪ ਕੌਰ ਵੱਲੋਂ ਤੁਰੰਤ ਪ੍ਰਭਾਵ ਨਾਲ ਕੀਤੀ ਗਈ ਕਾਨੂੰਨੀ ਕਾਰਵਾਈ ਲਈ ਪੁਲਸ ਪ੍ਰਸ਼ਾਸਨ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਤਰ੍ਹਾਂ ਸਮਾਜ ਵਿਰੋਧੀ ਅਨਸਰ ਡਾਕਟਰਾਂ 'ਤੇ ਹਮਲੇ ਕਰਦੇ ਰਹੇ ਤਾਂ ਉਹ ਦਿਨ ਦੂਰ ਨਹੀਂ, ਜਦੋਂ ਪੇਡੂ ਖੇਤਰਾਂ ਦੇ ਹਸਪਤਾਲ ਡਾਕਟਰਾਂ ਤੋਂ ਸੱਖਣੇ ਹੋ ਜਾਣਗੇ। ਇਸ ਸੰਬੰਧੀ ਮੁਦਈ ਡਾ. ਜਸਪ੍ਰੀਤ ਸਿੰਘ ਨੇ ਜਿਥੇ ਹਰੀਕੇ ਵਿਖੇ ਸਿਹਤ ਸੇਵਾਵਾਂ ਜਾਰੀ ਹੋਣ ਦੀ ਪੁਸ਼ਟੀ ਕੀਤੀ, ਉਥੇ ਹੀ ਉਨ੍ਹਾ ਸਮਝੌਤੇ ਦੀਆਂ ਅਫਵਾਹਾਂ 'ਤੇ ਵਿਰਾਮ ਲਗਾਉਂਦਿਆਂ ਕਿਹਾ ਕਿ ਜ਼ਿੰਮੇਵਾਰ ਕੁਰਸੀ ਨਾਲ ਖਿਲਵਾੜ ਕਰਨਾ ਤੇ ਫਿਰ ਮੁਆਫੀ 'ਤੇ ਉਤਾਰੂ ਹੋਣਾ ਕੇਵਲ ਸਿਆਸੀ ਡਰਾਮੇਬਾਜ਼ੀ ਹੈ। ਇਸ ਮੌਕੇ ਫਾਰਮੇਸੀ ਅਫਸਰ ਵਰਿੰਦਰ ਸਿੰਘ, ਪਲਵਿੰਦਰ ਸਿੰਘ, ਨਿਸ਼ਾਨ ਸਿੰਘ ਅਤੇ ਮਹਿਲਾ ਸਟਾਫ ਹਾਜ਼ਰ ਸੀ।

# ਡੀ ਈ ਓ ਸੈਕੰਡਰੀ ਵੱਲੋਂ ਸਰਹੱਦੀ ਖੇਤਰ ਦੇ ਸਕੂਲਾਂ ਦਾ ਦੌਰਾ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਵਧਾਉਣ ਤੇ ਉਨ੍ਹਾਂ ਨੂੰ ਗੁਣਾਤਮਕ ਸਿੱਖਿਆ ਦੇਣ ਲਈ ਅਹਿਮ ਉਪਰਾਲੇ ਕੀਤੇ ਜਾ ਰਹੇ ਹਨ। ਇਸੇ ਲੜੀ ਤਹਿਤ ਅੱਜ ਜ਼ਿਲ੍ਹਾ ਸਿੱਖਿਆ ਅਫਸਰ ਸੈਕੰ. ਗੁਰਦਾਸਪੁਰ ਰਾਜੇਸ਼ ਕੁਮਾਰ ਸ਼ਰਮਾ ਸਟੇਟ ਐਵਾਰਡੀ ਵੱਲੋਂ ਸਰਹੱਦੀ ਖੇਤਰਾਂ ਵੱਖ-ਵੱਖ ਸਕੂਲਾਂ ਦਾ ਦੌਰਾ ਕਰਕੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਸਰਕਾਰੀ ਸਕੂਲਾਂ ਵਿੱਚ ਨਵਾਂ ਦਾਖਲਾ ਵਧਾਉਣ ਲਈ ਉਤਸ਼ਾਹਤ ਕੀਤਾ। ਇਸ ਮੌਕੇ ਰਾਜੇਸ਼ ਕੁਮਾਰ ਸ਼ਰਮਾ ਨੇ ਦੱਸਿਆ ਕਿ ਉਨ੍ਹਾਂ ਅੱਜ ਸਰਕਾਰੀ ਮਿਡਲ ਸਕੂਲ ਭਾਲੋਵਾਲੀ, ਸਰਕਾਰੀ ਮਿਡਲ ਸਕੂਲ ਠੱਠਾ ਵਿਜ਼ਟ ਕਰਕੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਨਵੇਂ ਦਾਖਲੇ ਪ੍ਰਤੀ ਉਤਸ਼ਾਹਤ ਕੀਤਾ। ਉਨ੍ਹਾਂ ਸਮਾਜਿਕ ਭਾਈਚਾਰੇ ਤੇ ਬੱਚਿਆਂ ਦੇ ਮਾਤਾ ਪਿਤਾ ਨੂੰ ਅਪੀਲ ਕੀਤੀ ਕਿ ਉਹ ਬਿਹਤਰ ਸਿੱਖਿਆ ਲਈ ਆਪਣੇ ਬੱਚੇ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾਉਣ ਤੇ ਪੰਜਾਬ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਦਾ ਲਾਭ ਪ੍ਰਾਪਤ ਕਰਨ। ਉਨ੍ਹਾਂ ਅੱਜ ਸਰਕਾਰੀ ਕੰਨਿਆ ਸੀਨੀ: ਸੈਕੰ: ਸਕੂਲ ਫਤਿਹਗੜ੍ਹ ਚੂੜੀਆਂ, ਸਰਕਾਰੀ ਸੀਨੀ ਸੈਕੰ: ਸਕੂਲ ਫਤਿਹਗੜ੍ਹ ਚੂੜੀਆਂ (ਲੜਕੇ), ਸਰਕਾਰੀ ਸੀਨੀ: ਸੈਕੰ: ਸਕੂਲ ਲਾਲੇ ਨੰਗਲ, ਗੋਲਡਨ ਸੀਨੀ ਸੈਕੰ ਸਕੂਲ ਹਰਦੋਰਵਾਲ ਕਲਾਂ ਤੇ ਸਰਕਾਰੀ ਸੀਨੀ ਸੈਕੰ ਸਕੂਲ ਹਰਦੋਰਵਾਲ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਡੇਰਾ ਬਾਬਾ ਨਾਨਕ ਅਤੇ ਉਪ ਜ਼ਿਲ੍ਹਾ ਸਿੱਖਿਆ ਅਫਸਰ ਸੈਕੰ: ਲਖਵਿੰਦਰ ਸਿੰਘ ਵੱਲੋਂ ਸਰਕਾਰੀ ਕੰਨਿਆਂ ਸੀਨੀ: ਸੈਕੰ ਸਕੂਲ ਧਰਮਪੁਰਾ ( ਸਕੂਲ ਆਫ ਐਮੀਨੈਂਸ ) ਬਟਾਲਾ , ਡੀ.ਏ.ਵੀ. ਸੀਨੀ ਸੈਕੰ ਸਕੂਲ ਦੁਸਹਿਰਾ ਗਰਾਊਂਡ ਬਟਾਲਾ ਤੇ ਸਰਕਾਰੀ ਸੀਨੀ ਸੈਕੰ: ਸਕੂਲ ਭੁੱਲਰ ਦੇ ਪ੍ਰੀਖਿਆ ਕੇਂਦਰ ਵੀ ਚੈੱਕ ਕਰਕੇ ਵਿਦਿਆਰਥੀਆਂ ਨੂੰ ਨਕਲ ਰਹਿਤ ਪ੍ਰੀਖਿਆ ਲਈ ਪ੍ਰੇਰਿਤ ਕੀਤਾ। ਉਨ੍ਹਾਂ ਸਮੂਹ ਅਧਿਆਪਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਸਕੂਲਾਂ ਵਿੱਚ ਸਫਾਈ ਦੀ ਅਹਿਮੀਅਤ ਬਾਰੇ ਵਿਦਿਆਰਥੀਆਂ ਨੂੰ ਜਾਗਰੂਕ ਕਰਨ । ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ ) ਵਿਖੇ ਪਹੁੰਚਣ 'ਤੇ ਸੈਂਟਰ ਵਿੱਚ ਜਮ੍ਹਾਂ ਕਰਵਾਏ ਜਾ ਰਹੇ ਉੱਤਰ ਪੱਤਰੀਆਂ ਦੀਆਂ ਸੀਲਾਂ ਦੀ ਜਾਂਚ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡੀ ਈ ਓ ਨੇ ਕਿਹਾ ਕਿ ਉਨ੍ਹਾਂ ਵੱਲੋਂ ਜਿਨ੍ਹਾਂ ਸਕੂਲਾਂ ਦਾ ਅੱਜ ਦੌਰਾ ਕੀਤਾ ਗਿਆ ਹੈ, ਕੁਝ ਸਕੂਲਾਂ ਨੂੰ ਛੱਡ ਕੇ ਬਾਕੀ ਸਾਰੇ ਹੀ ਸਕੂਲਾਂ ਅਤੇ ਪ੍ਰੀਖਿਆਂ ਕੇਦਰਾਂ ਵਿੱਚ ਪ੍ਰਬੰਧ ਵਧੀਆਂ ਤਰੀਕੇ ਨਾਲ ਚੱਲ ਰਹੇ ਸਨ । ਉਨ੍ਹਾਂ ਕਿਹਾ ਕਿ ਕੁਝ ਸਕੂਲਾਂ ਨੂੰ ਆਪਣੇ ਸਕੂਲਾਂ ਦੇ ਪ੍ਰਬੰਧ ਠੀਕ ਕਰਨ ਬਾਰੇ ਹਦਾਇਤ ਜਾਰੀ ਕੀਤੀ ਗਈ। ਇਸ ਮੌਕੇ ਪ੍ਰਿੰਸੀਪਲ ਵਰਿੰਦਰ ਸਿੰਘ ਕਾਹਲੋਂ, ਪ੍ਰਿੰਸੀਪਲ ਬਿਕਰਮਜੀਤ ਸਿੰਘ ਕਾਹਲੋਂ, ਸੈਂਟਰ ਸੁਪਰਡੈਂਟ ਡੇਰਾ ਬਾਬਾ ਨਾਨਕ ਨਰੇਸ਼ ਸੋਢੀ, ਗੁਰਪ੍ਰੀਤ ਸਿੰਘ ਕਾਹਲੋਂ, ਪਲਵਿੰਦਰ ਸਿੰਘ, ਰਮੇਸ਼ ਅਵੱਸਥੀ, ਰਾਜ ਕੁਮਾਰ ਵੀ ਹਾਜ਼ਰ ਸਨ ।

# ਦੋ ਰੋਜ਼ਾ ਅਧਿਆਤਮਕ ਪ੍ਰਵਚਨ ਤੇ ਸ਼ਬਦ ਕੀਰਤਨ ਸਮਾਗਮ



**ਤਰਨ ਤਾਰਨ ( ਪ੍ਰਿਤਪਾਲ ਸਿੰਘ)**-ਦਿਵਯ ਜਯੋਤੀ ਜਾਗ੍ਰਤੀ ਸੰਸਥਾਨ ਦੇ ਵੱਲੋਂ ਤਰਨ ਤਰਨ ਆਸ਼ਰਮ ਦੇ ਅੰਦਰ ਦੋ ਰੋਜ਼ਾ ਅਧਿਆਤਮਕ ਪ੍ਰਵਚਨ ਤੇ ਸ਼ਬਦ ਕੀਰਤਨ ਦਾ ਸਮਾਗਮ ਕਰਵਾਇਆ ਗਿਆ । ਜਿਸ ਦੇ ਪਹਿਲੇ ਦਿਨ ਸੰਸਥਾ ਦੇ ਬੁਲਾਰੇ ਗੁਰਮੁਖ ਵੀਰ ਸ਼ੂਰਬੀਰ ਸਿੰਘ ਨੇ ਆਪਣੇ ਵਿਚਾਰਾਂ 'ਚ ਕਿਹਾ ਕਿ ਅਕਾਲ ਪੁਰਖ ਨੇ ਸ਼੍ਰਿਸ਼ਟੀ ਦੀ ਰਚਨਾ ਕਰ ਇਸ ਅੰਦਰ ਚੌਰਾਸੀ ਲੱਖ ਜੂਨਾਂ ਦੇ ਜੰਮਣ ਮਰਨ ਦਾ ਅਦਭੁਤ ਖੇਲ ਬਣਾਇਆ ਹੋਇਆ ਹੈ । ਜਿਹੜਾ ਕਿ ਕਰਮਵਾਦ ਦੇ ਸਿਧਾਂਤ ਨਾਲ ਸੰਚਾਲਿਤ ਹੋ ਰਿਹਾ ਹੈ। ਪੱਥਰ ਤੋਂ ਪਹਾੜ, ਬੂੰਦ ਤੋਂ ਸਾਗਰ, ਕੀਟ ਤੋਂ ਹਾਥੀ, ਸੰਪੂਰਨ ਬ੍ਰਹਿਮੰਡ ਅੰਦਰ ਚਰ ਅਤੇ ਅਚਰ ਉਸੇ ਇੱਕ ਕਲਾਕਾਰ ਪਰਮਾਤਮਾ ਦੀ ਹੀ ਰਚਨਾ ਨਜ਼ਰ ਆ ਰਹੀ ਹੈ। ਇਹ ਰਚਨਾ ਜੜ ਅਤੇ ਚੇਤਨ ਦੀ ਮਿਸਰਣ ਦੁਆਰਾ ਬਣੀ ਹੈ । ਪਰ ਇਸ ਅਦਭੁਤ ਰਚਨਾ ਵਿੱਚ ਮਨੁੱਖਾ ਸਰੀਰ ਹੀ ਸਭ ਤੋਂ ਸੁੰਦਰ ਅਤੇ ਸਰਵੋਤਮ ਰਚਨਾ ਹੈ। ਪਰਮਾਤਮਾ ਨੇ ਮਨੁੱਖ ਨੂੰ ਇਹ ਸੁੰਦਰ ਦੇਹੀ ਆਪਣੀ ਭਗਤੀ ਅਤੇ ਪ੍ਰੇਮ ਪ੍ਰਾਪਤ ਕਰਨ ਲਈ ਹੀ ਬਖਸ਼ਿਸ਼ ਕੀਤੀ ਹੈ । ਜੈਸੀ ਜੈਸੀ ਕੋਈ ਸੰਗਤ ਕਰਦਾ ਹੈ ਉਸ ਉੱਪਰ ਵੈਸਾ ਹੀ ਰੰਗ ਚੜ੍ਹਦਾ ਹੈ। ਹਰ ਇੱਕ ਸੰਗਤ ਸਾਡੇ ਉੱਪਰ ਮਾਇਆ ਦਾ ਵੱਖਰਾ ਵੱਖਰਾ ਰੰਗ ਚੜ੍ਹਾਉਂਦੀ ਹੈ। ਜਿਸ ਸੰਗਤ ਵਿੱਚੋਂ ਸਦੀਵੀ ਆਨੰਦ ਦੀ ਪ੍ਰਾਪਤੀ ਹੋਣੀ ਹੈ ਉਹ ਕਰਤਾਰ ਦੀ ਸੰਗਤ ਹੀ ਹੈ । ਭਾਵ ਸੰਤਾਂ ਮਹਾਂਪੁਰਖਾਂ ਦੀ ਸੰਗਤ। ਇਸੇ ਸੰਗਤ ਨੂੰ ਸਭ ਤੋਂ ਸ੍ਰੇਸ਼ਟ ਗਿਣਿਆ ਗਿਆ ਹੈ । ਇਸੇ ਲਈ ਜੇਕਰ ਅਸੀਂ ਮਨੁੱਖੀ ਸਦਭਾਵਨਾ ਦੀ ਖੁਸ਼ਬੂ ਨੂੰ ਚਾਰੇ ਪਾਸੇ ਫੈਲਾਉਣਾ ਚਾਹੁੰਦੇ ਹਾਂ ਤਾਂ ਉਸ ਦੇ ਲਈ ਜ਼ਰੂਰੀ ਹੈ ਕਿ ਅਸੀਂ ਸੰਤਾਂ ਮਹਾਂਪੁਰਸ਼ਾਂ ਦੀ ਸੰਗਤ ਨੂੰ ਪ੍ਰਾਪਤ ਕਰੀਏ । ਸਮਾਗਮ ਦੇ ਦੌਰਾਨ ਗੁਰਮੁਖ ਵੀਰ ਪ੍ਰੇਮ ਸਿੰਘ ਅਤੇ ਗੁਰਮੁਖ ਵੀਰ ਹਰੀ ਸਿੰਘ ਨੇ ਸਬਦ ਕੀਰਤਨ ਦਾ ਗਾਇਨ ਕੀਤਾ। ਪ੍ਰੋਗਰਾਮ ਦੇ ਅੰਦਰ ਨਿਸ਼ਾਨ ਸਿੰਘ, ਕੁਲਦੀਪ ਸਿੰਘ, ਜ਼ੋਰਾਵਰ ਸਿੰਘ, ਪਲਵਿੰਦਰ ਸਿੰਘ, ਪਵਨ ਕੁੰਦਰਾ, ਪਰਮਿੰਦਰ ਸਿੰਘ ਪੰਨੂ, ਅਨੀਤਾ ਵਰਮਾ, ਸਾਧਵੀ ਪਰਮਜੀਤ ਭਾਰਤੀ, ਸਾਧਵੀ ਰਮਨਦੀਪ ਭਾਰਤੀ ਨੇ ਵੀ ਹਾਜ਼ਰੀ ਭਰੀ।

# ਸੀ ਐੱਚ ਸੀ ਸੁਰਸਿੰਘ 'ਚ ਇੱਕ ਵੀ ਡਾਕਟਰ ਨਹੀਂ, ਐੱਸ ਐੱਮ ਓ ਸੰਭਾਲ ਰਿਹੈ ਹਸਪਤਾਲ




**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ ਰਣਬੀਰ ਸਿੰਘ ਗੋਲਣ)**- ਕਮਿਊਨਟੀ ਹੈਲਥ ਸੈਂਟਰ ਸੁਰਸਿੰਘ 'ਚ ਇੱਕ ਵੀ ਡਾਕਟਰ ਮੌਜੂਦ ਨਹੀਂ ਹੈ, ਜਿਸ ਕਾਰਨ ਮਰੀਜ਼ਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਦੋਂ ਪੱਤਰਕਾਰਾਂ ਦੀ ਟੀਮ ਸੀ ਐੱਚ ਸੀ ਸੁਰਸਿੰਘ ਪੁੱਜੀ ਤਾਂ ਦੇਖਿਆ ਕਿ ਹਸਪਤਾਲ ਦੇ ਜੱਚਾ ਬੱਚਾ ਵਾਰਡ ਨਜ਼ਦੀਕ ਸੀਵਰੇਜ ਬੰਦ ਹੋਣ ਕਾਰਨ ਗੰਧਲਾ ਪਾਣੀ ਹਸਪਤਾਲ ਵਿੱਚ ਦਾਖਲ ਹੋ ਗਿਆ ਹੈ। ਜਦੋਂ ਜੱਚਾ ਬੱਚਾ ਵਾਰਡ ਅੰਦਰ ਫੈਲ ਰਹੀ ਗੰਦਗੀ ਬਾਰੇ ਐੱਸ ਐੱਮ ਓ ਸੁਰਸਿੰਘ ਡਾਕਟਰ ਰਮਨਦੀਪ ਪੱਡਾ ਨੂੰ ਪੁੱਛਿਆ ਗਿਆ ਤਾਂ ਡਾਕਟਰ ਸਾਹਬ ਇਹ ਕਹਿੰਦੇ ਨਜ਼ਰ ਆਏ ਕਿ ਗੰਧਲੇ ਪਾਣੀ ਨਾਲ ਬਿਮਾਰੀਆਂ ਨਹੀਂ ਫੈਲਦੀਆਂ। ਜਦੋਂ ਐੱਸ ਐੱਮ ਓ ਨੂੰ ਹਸਪਤਾਲ ਦੀ ਢਹਿ ਰਹੀ ਬਿਲਡਿੰਗ ਸੰਬੰਧੀ ਸਵਾਲ ਕੀਤੇ ਗਏ ਤਾਂ ਉਨ੍ਹਾਂ ਕਿਹਾ ਕਿ ਉਹ ਅਨੇਕਾਂ ਵਾਰ ਇਸ ਮਾਮਲੇ ਸੰਬੰਧੀ ਉੱਚ-ਅਧਿਕਾਰੀਆਂ ਨੂੰ ਸੂਚਿਤ ਕਰ ਚੁੱਕੇ ਹਨ। ਐੱਸ ਐੱਮ ਓ ਦਾ ਕਹਿਣਾ ਸੀ ਕਿ ਜਦੋਂ ਵੀ ਕੋਈ ਗ੍ਰਾਂਟ ਹਸਪਤਾਲ ਨੂੰ ਜਾਰੀ ਹੋਵੇਗੀ, ਉਸੇ ਵੇਲੇ ਮੁਰੰਮਤ ਦਾ ਕੰਮ ਸ਼ੁਰੂ ਕਰਵਾਇਆ ਜਾਵੇਗਾ। ਉੱਧਰ ਸੀ ਐੱਚ ਸੀ 'ਚ ਡਾਕਟਰਾਂ ਦੀ ਕਮੀ ਕਾਰਨ ਮਰੀਜ਼ਾਂ ਨੂੰ ਆ ਰਹੀਆਂ ਦਿੱਕਤਾਂ ਤੇ ਹਸਪਤਾਲ 'ਚ ਫੈਲ ਰਹੀ ਗੰਦਗੀ ਪ੍ਰਤੀ ਗਹਿਰੀ ਚਿੰਤਾ ਪ੍ਰਗਟਾਉਂਦਿਆਂ ਭਾਰਤੀ ਕਿਸਾਨ ਯੂਨੀਅਨ ਅੰਬਾਵਤਾ ਦੇ ਜ਼ਿਲ੍ਹਾ ਤਰਨ ਤਰਨ ਤੋਂ ਪ੍ਰਧਾਨ ਪੰਜਾਬ ਸਿੰਘ ਕੰਬੋਕੇ ਨੇ ਮੁੱਖ ਮੰਤਰੀ ਮਾਨ ਨੂੰ ਅਪੀਲ ਕੀਤੀ ਕਿ ਸੁਰਸਿੰਘ ਹਸਪਤਾਲ ਵਿੱਚ ਡਾਕਟਰਾਂ ਦੀ ਕਮੀ ਨੂੰ ਤੁਰੰਤ ਦੂਰ ਕੀਤਾ ਜਾਵੇ। ਇਸ ਮੌਕੇ ਕੰਬੋਕੇ ਨੇ ਹਲਕਾ ਖੇਮਕਰਨ ਤੋਂ ਵਿਧਾਇਕ ਸਰਵਨ ਸਿੰਘ ਧੁੰਨ ਨੂੰ ਵੀ ਅਪੀਲ ਕੀਤੀ ਕਿ ਹਸਪਤਾਲ 'ਚ ਡਾਕਟਰਾਂ ਦੀ ਕਮੀ ਨੂੰ ਜਲਦ ਤੋਂ ਜਲਦ ਪੂਰਾ ਕੀਤਾ ਜਾਵੇ। ਜਦੋਂ ਹਲਕਾ ਵਿਧਾਇਕ ਸਰਵਨ ਸਿੰਘ ਧੁੰਨ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਇਹ ਮਾਮਲਾ ਉਨ੍ਹਾਂ ਦੇ ਧਿਆਨ 'ਚ ਹੈ। ਧੁੰਨ ਨੇ ਕਿਹਾ ਕਿ ਜਲਦ ਹੀ ਸੀਐੱਚਸੀ ਸੁਰਸਿੰਘ ਵਿੱਚ ਮੈਡੀਕਲ ਅਫਸਰ ਦੀਆਂ ਖਾਲੀ ਪਈਆਂ ਅਸਾਮੀਆਂ ਨੂੰ ਭਰਿਆ ਜਾਵੇਗਾ।

# ਵਾਈਸ ਚਾਂਸਲਰ ਡਾ. ਸੰਧੂ ਦੇ ਕਾਰਜਕਾਲ 'ਚ ਵਾਧਾ



**ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ)**-ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. (ਡਾ.) ਜਸਪਾਲ ਸਿੰਘ ਸੰਧੂ ਦੇ ਪੰਜਾਬ ਸਰਕਾਰ ਵੱਲੋਂ ਕੀਤੇ ਕਾਰਜਕਾਲ ਵਿਚ ਵਾਧੇ ਮੌਕੇ ਯੂਨੀਵਰਸਿਟੀ ਅਫ਼ਸਰ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਰਜਨੀਸ਼ ਭਾਰਦਵਾਜ ਨੇ ਉਨ੍ਹਾ ਨੂੰ ਨਿੱਜੀ ਤੌਰ 'ਤੇ ਵਧਾਈ ਦਿੱਤੀ। ਰਜਨੀਸ਼ ਭਾਰਦਵਾਜ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪ੍ਰੋ. (ਡਾ.) ਜਸਪਾਲ ਸਿੰਘ ਸੰਧੂ ਦੇ ਮਿਆਦ ਵਿਚ ਕੀਤਾ ਗਿਆ ਵਾਧਾ ਉਨ੍ਹਾ ਦੀ ਕਾਰਜਸ਼ੈਲੀ ਅਤੇ ਯੂਨੀਵਰਸਿਟੀ ਦੀ ਬੇਹਤਰੀ ਲਈ ਕੀਤੇ ਕਾਰਜਾਂ 'ਤੇ ਮੋਹਰ ਹੈ। ਜਦੋਂ ਤੋਂ ਪ੍ਰੋ. (ਡਾ.) ਜਸਪਾਲ ਸਿੰਘ ਸੰਧੂ ਨੇ ਵਾਈਸ ਚਾਂਸਲਰ ਦਾ ਅਹੁਦਾ ਸੰਭਾਲਿਆ ਹੈ, ਉਦੋਂ ਤੋਂ ਯੂਨੀਵਰਸਿਟੀ ਦਿਨ ਦੁੱਗਣੀ ਅਤੇ ਰਾਤ ਚੌਗਣੀ ਤਰੱਕੀ ਕਰ ਰਹੀ ਹੈ। ਹੋਰਨਾਂ ਤੋਂ ਇਲਾਵਾ ਹਰਵਿੰਦਰ ਕੌਰ ਸਾਬਕਾ ਪ੍ਰਧਾਨ, ਕੁਲਜਿੰਦਰ ਸਿੰਘ ਬੱਲ, ਜਗੀਰ ਸਿੰਘ ਸਾਬਕਾ ਪ੍ਰਧਾਨ, ਅਮਨ ਕੁਮਾਰ, ਮਨਵਿੰਦਰ ਸਿੰਘ ਜਾਇੰਟ ਸਕੱਤਰ, ਸ਼ਤੀਸ਼ ਕੁਮਾਰ, ਵਿਪਨ ਕੁਮਾਰ, ਗੁਰਮੀਤ ਥਾਪਾ, ਅਵਤਾਰ ਸਿੰਘ, ਨਰੇਸ਼ ਕੁਮਾਰ, ਰਚਨਾ ਵਿਆਸ, ਰੁਪਿੰਦਰ ਕੌਰ, ਭੁਪਿੰਦਰ ਸਿੰਘ ਠਾਕੁਰ, ਸਰਬਜੀਤ ਕੌਰ ਸਮੇਤ ਵੱਡੀ ਗਿਣਤੀ ਵਿਚ ਯੂਨੀਵਰਸਿਟੀ ਅਫ਼ਸਰ ਤੇ ਕਰਮਚਾਰੀ ਹਾਜ਼ਰ ਸਨ।

# 20,000 ਰੁਪਏ ਰਿਸ਼ਵਤ ਲੈਣ ਵਾਲੀ ਵਿਜੀਲੈਂਸ ਵੱਲੋਂ ਗ੍ਰਿਫਤਾਰ

**ਪਠਾਨਕੋਟ, (ਦਵਿੰਦਰ ਸਿੰਘ)**-ਪੰਜਾਬ ਵਿਜੀਲੈਂਸ ਬਿਊਰੋ ਨੇ ਮਨਮੀਤ ਕੌਰ ਵਾਸੀ ਪਿੰਡ ਭੋਲਾਪੁਰ, ਬਮਿਆਲ, ਜ਼ਿਲ੍ਹਾ ਪਠਾਨਕੋਟ ਨੂੰ 20,000 ਰੁਪਏ ਦੀ ਰਿਸ਼ਵਤ ਲੈਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ। ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਪਰੋਕਤ ਮੁਲਜ਼ਮ ਬਲਜੀਤ ਕੌਰ ਵਾਸੀ ਪਿੰਡ ਸਿੱਬਲ ਸਕੋਲ, ਤਹਿਸੀਲ ਨਰੋਟ ਜੈਮਲ ਸਿੰਘ ਜ਼ਿਲ੍ਹਾ ਪਠਾਨਕੋਟ ਨੂੰ ਮੁੱਖ ਮੰਤਰੀ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ ਵਿਖੇ ਦਰਜ ਕਰਵਾਈ ਗਈ ਆਨਲਾਈਨ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਸ਼ਿਕਾਇਤਕਰਤਾ ਨੇ ਆਪਣੀ ਸ਼ਿਕਾਇਤ ਵਿੱਚ ਦੋਸ਼ ਲਾਇਆ ਹੈ ਕਿ ਉਕਤ ਮਨਮੀਤ ਕੌਰ ਨੇ ਉਸ ਦੇ ਪਤੀ ਨਾਲ ਵਿਆਹ ਦੇ ਝਗੜੇ ਨੂੰ ਸੁਲਝਾਉਣ ਬਦਲੇ 20 ਹਜ਼ਾਰ ਰੁਪਏ ਰਿਸ਼ਵਤ ਵਜੋਂ ਲਏ ਹਨ ਅਤੇ ਥਾਣਾ ਨਰੋਟ ਜੈਮਲ ਸਿੰਘ ਦੇ ਐੱਸ ਐੱਚ ਓ ਸਬ-ਇੰਸਪੈਕਟਰ ਅਜਵਿੰਦਰ ਸਿੰਘ ਦੇ ਨਾਂਅ 'ਤੇ 20-25 ਹਜ਼ਾਰ ਰੁਪਏ ਦੀ ਹੋਰ ਮੰਗ ਕਰ ਰਹੀ ਹੈ। ਵਿਜੀਲੈਂਸ ਰੇਂਜ ਅੰਮ੍ਰਿਤਸਰ ਨੇ ਇਸ ਸ਼ਿਕਾਇਤ ਦੀ ਜਾਂਚ ਕੀਤੀ ਅਤੇ ਦੋਸ਼ ਸਹੀ ਪਾਏ ਗਏ ਤੇ ਮਨਮੀਤ ਕੌਰ ਖਿਲਾਫ ਭ੍ਰਿਸਟਾਚਾਰ ਰੋਕੂ ਕਾਨੂੰਨ ਦੀ ਧਾਰਾ 7-ਏ ਤਹਿਤ ਮੁਕੱਦਮਾ ਦਰਜ ਕਰਕੇ ਉਸ ਨੂੰ ਗ੍ਰਿਫਤਾਰ ਕਰ ਹੈ।

# ਸਿੱਕੀ ਨੇ ਫੈਕਟਰੀ ਦੇ ਨੁਕਸਾਨ ਦਾ ਲਿਆ ਜਾਇਜ਼ਾ

**ਗੋਇੰਦਵਾਲ ਸਾਹਿਬ, (ਬਲਵੀਰ ਸਿੰਘ ਸੈਣੀ)** - ਗੋਇੰਦਵਾਲ ਸਾਹਿਬ ਦੇ ਸਨਅਤੀ ਕੰਪਲੈਕਸ ਪਲਾਟ ਨੰਬਰ 49 ਵਿੱਚ ਸਤਿਗੁਰੂ ਸਪਿਨਿੰਗ ਐਂਡ ਵੀਵਿੰਗ ਮਿਲਜ਼ 'ਚ ਪਿਛਲੇ ਬੀਤੇ ਦਿਨੀਂ 20 ਦਸੰਬਰ ਨੂੰ ਅੱਗ ਲੱਗੀ ਸੀ। ਮਾਲਕ ਸੁਰਿੰਦਰ ਸਿੰਘ ਸੈਣੀ ਮੁਤਾਬਕ ਅੱਗ ਲੱਗਣ ਕਾਰਨ ਫੈਕਟਰੀ ਅੰਦਰ ਪਿਆ ਸਾਰਾ ਸਮਾਨ ਸੜ ਕੇ ਸਵਾਹ ਹੋ ਗਿਆ ਅਤੇ ਚਾਰ ਤੋਂ ਪੰਜ ਕਰੋੜ ਦਾ ਨੁਕਸਾਨ ਹੋ ਗਿਆ। ਇਸ ਸਬੰਧ ਵਿੱਚ ਪਿਛਲੇ ਦਿਨੀਂ ਸਾਬਕਾ ਐਮ ਐਲ ਏ ਰਮਨਜੀਤ ਸਿੱਕੀ ਆਪਣੇ ਸਮਰਥਕਾਂ ਸਮੇਤ ਸੈਣੀ ਨਾਲ ਦੁੱਖ ਸਾਂਝਾ ਕਰਨ ਲਈ ਫੈਕਟਰੀ ਵਿੱਚ ਪਹੁੰਚੇ ਅਤੇ ਹੋਏ ਨੁਕਸਾਨ ਦਾ ਜਾਇਜ਼ਾ ਲਿਆ । ਪੱਤਰਕਾਰਾਂ ਨਾਲ ਗੱਲਬਾਤ ਕਰਦੇ ਸਿੱਕੀ ਨੇ ਦੱਸਿਆ ਕਿ ਉਨ੍ਹਾਂ ਨੇ ਸਾਰੀ ਫੈਕਟਰੀ ਦਾ ਆਪ ਜਾਇਜ਼ਾ ਲਿਆ ਹੈ ਤੇ ਬੜੇ ਦੁੱਖ ਨਾਲ ਕਹਿਣਾ ਪੈ ਰਿਹਾ ਕਿ ਮਾਲਕ ਦੇ ਸਮੇਤ ਲੇਬਰ ਵੀ ਰੋਟੀ ਤੋਂ ਆਤੁਰ ਹੋ ਚੁੱਕੀ ਹੈ। ਪਰ ਪੀੜਤ ਨੂੰ ਹੌਸਲਾ ਦਿੰਦਿਆਂ ਹੋਇਆ ਕਿਹਾ ਕਿ ਅਸੀਂ ਸਾਰੇ ਤੁਹਾਡੇ ਨਾਲ ਹਾਂ ਜਿੱਥੇ ਵੀ ਤੁਹਾਡੇ ਨਾਲ ਖੜ੍ਹਨ ਦੀ ਲੋੜ ਪਏਗੀ, ਅਸੀਂ ਤੁਹਾਡੇ ਨਾਲ ਖੜ੍ਹੇ ਰਵਾਂਗੇ ਅਤੇ ਪੁਰਜ਼ੋਰ ਕੋਸ਼ਿਸ਼ ਕਰਾਂਗੇ ਕਿ ਇਸ ਕੰਮ ਨੂੰ ਦੁਬਾਰਾ ਸ਼ੁਰੂ ਕੀਤਾ ਜਾਵੇ ਤਾਂ ਜੋ ਇਲਾਕਾ ਨਿਵਾਸੀਆਂ ਨੂੰ ਮੁੜ ਕੰਮ ਮਿਲ ਸਕੇ। ਇਸ ਮੌਕੇ ਗੁਰਵਿੰਦਰ ਸਿੰਘ ਰਾਏ, ਮਨਜੀਤ ਸਿੰਘ ਰੰਧਾਵਾ, ਗੁਰਿੰਦਰ ਸਿੰਘ ਪੱਪੂ, ਸੁਖਵਿੰਦਰ ਸਿੰਘ ਧਾਲੀਵਾਲ, ਦਲਜੀਤ ਸਿੰਘ ਚੰਡ, ਧਰਮਿੰਦਰ ਸਿੰਘ ਸੰਧੂ ਅਤੇ ਲਾਡੀ ਵਾਠ ਆਦਿ ਸਨਤਕਾਰ ਹਾਜ਼ਰ ਸਨ।



# ਕਲੱਬ ਨੇ ਖੇਡ ਮੈਦਾਨ 'ਚ ਚਲਾਈ ਸਫਾਈ ਮੁਹਿੰਮ



**ਨੌਸ਼ਹਿਰਾ ਮੱਝਾ ਸਿੰਘ, (ਸਤਨਾਮ ਸਿੰਘ ਕਿਰਤੀ)**-ਸ਼ੇਰ-ਏ-ਪੰਜਾਬ ਸਪੋਰਟਸ ਐਂਡ ਵੈੱਲਫੇਅਰ ਕਲੱਬ ਖੋਖਰ ਫੌਜੀਆਂ ਵੱਲੋਂ ਖੇਡ ਗਰਾਊਂਡ 'ਚ ਸਫਾਈ ਮੁਹਿੰਮ ਚਲਾਈ ਗਈ। ਇਸ ਦੌਰਾਨ ਖੇਡ ਮੈਦਾਨ ਦੇ ਆਲੇ-ਦੁਆਲੇ ਦੀ ਸਫਾਈ ਕੀਤੀ ਗਈ, ਜਿਸ 'ਚ ਸ਼ੇਰ-ਏ-ਪੰਜਾਬ ਸਪੋਰਟਸ ਕਲੱਬ ਦੇ ਖਿਡਾਰੀਆਂ ਅਤੇ ਪਿੰਡ ਵਾਸੀਆਂ ਨੇ ਵੀ ਵਧ-ਚੜ੍ਹ ਕੇ ਹਿੱਸਾ ਲਿਆ। ਇਸ ਮੌਕੇ ਕਲੱਬ ਦੇ ਪ੍ਰਧਾਨ ਸਿਮਰਨਜੀਤ ਸਿੰਘ ਨੇ ਕਿਹਾ ਕਿ ਸਾਡਾ ਸਭ ਦਾ ਫਰਜ਼ ਬਣਦਾ ਹੈ ਕਿ ਅਸੀਂ ਆਪਣੇ ਆਲੇ-ਦੁਆਲੇ ਦੀ ਸਫਾਈ ਰੱਖੀਏ। ਇਸ ਮੌਕੇ ਹਰਕਿਰਨਜੀਤ ਸਿੰਘ ਕੁੱਕੂ, ਆਰ ਸੀ ਐੱਫ ਕਪੂਰਥਲਾ ਤੋਂ ਹਰਮਨਜੀਤ ਸਿੰਘ ਗੋਨੀ, ਲਵਪ੍ਰੀਤ ਸਿੰਘ ਰੰਧਾਵਾ, ਮਨਪਿੰਦਰਪਾਲ ਸਿੰਘ ਪੁਰਤਗਾਲ, ਜਸਬੀਰ ਸਿੰਘ ਦਿਉ, ਸਮਾਜ ਸੇਵੀ ਅਮਰੀਕ ਸਿੰਘ ਬਾਜਵਾ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਉਹਨਾਂ ਨਾਲ ਕਰਮਜੀਤ ਸਿੰਘ, ਦਵਿੰਦਰ ਸਿੰਘ ਕਲੱਬ ਮੈਂਬਰ, ਅਨਿਕੇਤ, ਮਨਦੀਪ ਸਿੰਘ, ਹਰਸ਼ਦੀਪ ਸਿੰਘ ਕਲੱਬ ਮੈਂਬਰ, ਅਕਾਸਦੀਪ ਸਿੰਘ, ਜਸਕਰਨ ਲਾਲੀ, ਸਿਮਰਨਦੀਪ ਸਿੰਘ ਆਦਿ ਹਾਜ਼ਰ ਸਨ।

# ਚੇਅਰਮੈਨ ਬਹਿਲ ਨੇ ਤੀਰਥ ਯਾਤਰਾ ਸਕੀਮ ਤਹਿਤ ਬੱਸ ਰਵਾਨਾ ਕੀਤੀ



**ਗੁਰਦਾਸਪੁਰ, ( ਦਿਨੇਸ਼ ਕੁਮਾਰ, ਜਨਕ ਮਹਾਜਨ)**- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਵੱਲੋਂ ਵੱਡੀ ਪੱਧਰ 'ਤੇ ਸ਼ੁਰੂ ਕੀਤੇ ਲੋਕ ਪੱਖੀ ਉਪਰਾਲਿਆਂ ਤਹਿਤ ਹੀ 'ਮੁੱਖ ਮੰਤਰੀ ਤੀਰਥ ਯਾਤਰਾ ਸਕੀਮ' ਵੀ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ। ਇਹ ਪ੍ਰਗਟਾਵਾ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਅੱਜ ਸਵੇਰੇ ਗੁਰਦਾਸਪੁਰ ਤੋਂ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਤਹਿਤ ਸ੍ਰੀ ਖਾਟੂ ਸ਼ਿਆਮ ਜੀ ਤੇ ਸਾਲਾਸਰ ਬਾਲਾਜੀ ਧਾਮ ਦੇ ਦਰਸ਼ਨਾਂ ਲਈ ਬੱਸ ਭੇਜਣ ਮੌਕੇ ਕੀਤਾ। ਚੇਅਰਮੈਨ ਨੇ ਕਿਹਾ ਕਿ ਇਹ ਸਕੀਮ ਸ਼ਰਧਾਲੂਆਂ ਲਈ ਪੰਜਾਬ ਤੇ ਭਾਰਤ ਦੇ ਪ੍ਰਮੁੱਖ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਤੋਂ ਵਿਰਵੇ ਲੋਕਾਂ ਲਈ ਵਰਦਾਨ ਸਾਬਤ ਹੋਈ ਹੈ। ਉਨ੍ਹਾਂ ਦੱਸਿਆ ਕਿ ਸਫਰ ਦੌਰਾਨ ਯਾਤਰੀਆਂ ਦੀ ਸੌਖ ਲਈ ਭੋਜਨ, ਸਥਾਨਕ ਯਾਤਰਾ, ਸਵਾਗਤੀ ਕਿੱਟ ਤੇ ਰਹਿਣ-ਸਹਿਣ ਦੀ ਸਹੂਲਤ ਬਿਲਕੁਲ ਮੁਫਤ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਅੱਜ ਗੁਰਦਾਸਪੁਰ ਤੋਂ ਰਵਾਨਾ ਹੋਈ ਬੱਸ ਯਾਤਰਾ ਰਾਹੀਂ 43 ਸ਼ਰਧਾਲੂ ਰਾਜਸਥਾਨ ਦੇ ਸ੍ਰੀ ਖਾਟੂ ਸ਼ਿਆਮ ਜੀ ਤੇ ਸਾਲਾਸਰ ਬਾਲਾ ਜੀ ਧਾਮ ਦੇ ਦਰਸ਼ਨਾਂ ਨੂੰ ਗਏ ਹਨ ਅਤੇ ਇਹ ਸਾਰੇ ਹੀ ਸ਼ਰਧਾਲੂ ਪਹਿਲੀ ਵਾਰ ਦਸ਼ਨ ਕਰਨਗੇ। ਚੇਅਰਮੈਨ ਬਹਿਲ ਨੇ ਕਿਹਾ ਕਿ ਵੱਖ-ਵੱਖ ਧਾਰਮਿਕ ਅਸਥਾਨਾਂ ਸ੍ਰੀ ਅੰਮ੍ਰਿਤਸਰ ਸਾਹਿਬ, ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ, ਮਾਤਾ ਵੈਸ਼ਨੂੰ ਦੇਵੀ, ਮਾਤਾ ਜਵਾਲਾਜੀ, ਮਾਤਾ ਚਿੰਤਪੁਰਨੀ, ਮਾਤਾ ਨੈਣਾਂ ਦੇਵੀ, ਸ੍ਰੀ ਖਾਟੂ ਸ਼ਿਆਮ ਜੀ ਅਤੇ ਸਾਲਾਸਰ ਬਾਲਾਜੀ ਧਾਮ ਦਰਸਨ ਏ.ਸੀ. ਬੱਸਾਂ ਰਾਹੀਂ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਲੋਕਾਂ ਵੱਲੋਂ ਇਸ ਯੋਜਨਾ ਲਈ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ ਜਾ ਰਿਹਾ ਹੈ।

# ਜਲ ਸਪਲਾਈ ਕੰਟਰੋਲ ਵਰਕਰਜ਼ ਜੂਨੀਅਰ ਬ੍ਰਾਂਚ ਦੀਨਾਨਗਰ ਦੀ ਮੀਟਿੰਗ



**ਦੀਨਾਨਗਰ ( ਬਲਵਿੰਦਰ ਸਿੰਘ ਬਿੱਲਾ )**-ਜਲ ਸਪਲਾਈ ਕੰਟਰੋਲ ਵਰਕਰਜ਼ ਜੂਨੀਅਰ ਰਜਿਸਟਰ ਨੰਬਰ 31 ਬ੍ਰਾਂਚ ਦੀਨਾਨਗਰ ਦੇ ਬ੍ਰਾਂਚ ਪ੍ਰਧਾਨ ਹਰਦੀਪ ਸਿੰਘ ਹਜਾਤਨਗਰ ਦੀ ਅਗਵਾਈ ਵਿੱਚ ਐਸ ਸੀ ਐਕਸ਼ਨ ਦਫਤਰ ਜਲਜੀਵਨ ਬਬਰੀ ਵਿੱਚ ਮੀਟਿੰਗ ਕੀਤੀ ਗਈ।

ਇਸ ਮੀਟਿੰਗ 'ਚ ਗੱਲਬਾਤ ਕਰਦਿਆਂ ਬ੍ਰਾਂਚ ਪ੍ਰਧਾਨ ਨੇ ਕਿਹਾ ਕਿ 23 ਜਨਵਰੀ 2024 ਨੂੰ ਐਕਸ਼ਨ ਦਫਤਰ ਧਰਨਾ ਦਿੱਤਾ ਗਿਆ ਸੀ। ਜਿਸ ਵਿੱਚ ਐਸ ਸੀ ਸਾਹਿਬ ਵੱਲੋਂ ਆਗੂਆਂ ਨਾਲ ਮੀਟਿੰਗ ਕੀਤੀ ਗਈ ਸੀ ਅਤੇ ਮੰਗਾਂ ਦਾ ਹੱਲ ਛੇਤੀ ਕਰਨ ਦੀ ਸਹਿਮਤੀ ਜਤਾਈ ਸੀ ਅਤੇ ਕਿਰਤ ਕਮਿਸ਼ਨ ਅਨੁਸਾਰ ਤਨਖਾਹ ਵਿੱਚ ਵਾਧਾ ਕੀਤਾ ਜਾਵੇਗਾ। ਪਰ ਇਸ ਦੇ ਉਲਟ ਕੋਈ ਵੀ ਮੰਗਾਂ ਮਸਲੇ ਦਾ ਹੱਲ ਨਹੀਂ ਕੀਤਾ ਗਿਆ ਜਿਸ ਕਾਰਨ ਡੇਢ ਦੋ ਮਹੀਨੇ ਤੋਂ ਵਰਕਰਾਂ ਦੇ ਘਰ ਦੇ ਚੁੱਲ੍ਹੇ ਠੰਢੇ ਪਏ ਹਨ। ਉਨ੍ਹਾਂ ਕਿਹਾ ਕਿ ਪਰਵਾਰ ਅਤੇ ਬੱਚਿਆਂ ਸਮੇਤ ਐਸ ਸੀ ਦਫਤਰ ਜੀਵਨਜਲ ਬਬਰੀ ਵਿੱਚ ਮਿਤੀ 21 ਫਰਵਰੀ ਨੂੰ ਧਰਨਾ ਦਿੱਤਾ ਜਾਵੇਗਾ। ਜੇਕਰ ਮੰਗਾਂ ਦਾ ਹੱਲ ਨਹੀਂ ਕੀਤਾ ਗਿਆ ਤਾਂ ਨੈਸ਼ਨਲ ਹਾਈਵੇ ਵੀ ਬੰਦ ਕਰਾਗੇ। ਇਸ ਮੌਕੇ ਸਵਰਨ ਸਿੰਘ, ਜੋਗਾ ਸਿੰਘ, ਬਲਵਿੰਦਰ ਕੁਮਾਰ, ਦੀਪਕ ਕੁਮਾਰ, ਬੋਧਰਾਜ, ਸੰਜੀਵ ਕੁਮਾਰ, ਸਤਵੰਤ ਸਿੰਘ, ਗੁਰਮੀਤ ਸਿੰਘ, ਲਾਡੀ ਅਤੇ ਹੋਰ ਵਰਕਰ ਹਾਜ਼ਰ ਸਨ।

# ਮੱਥਾ ਟੇਕ ਕੇ ਆ ਰਹੇ ਪਿਓ-ਪੁੱਤ ਦੀ ਹਾਦਸੇ 'ਚ ਮੌਤ, ਬੱਚੀਆਂ ਗੰਭੀਰ ਜ਼ਖਮੀ

**ਸਰਾਏ ਅਮਾਨਤ ਖਾਂ (ਮੱਖਣ ਮਨੋਜ)**-ਝਬਾਲ ਤੋਂ ਅਟਾਰੀ ਰੋਡ 'ਤੇ ਮੋੜ ਗੰਡੀਵਿੰਡ ਨੇੜੇ ਹੋਏ ਮੋਟਰਸਾਈਕਲ-ਕਾਰ ਹਾਦਸੇ ਵਿੱਚ ਪਿਓ-ਪੁੱਤ ਦੀ ਮੌਤ ਹੋ ਜਾਣ ਅਤੇ ਦੋ ਛੋਟੀਆਂ ਬੱਚੀਆਂ ਜਿਹੜੀਆਂ ਮੋਟਰਸਾਈਕਲ 'ਤੇ ਨਾਲ ਬੈਠੀਆਂ ਸਨ, ਗੰਭੀਰ ਜ਼ਖਮੀ ਹੋ ਗਈਆਂ, ਜਿਨ੍ਹਾਂ ਨੂੰ ਅੰਮ੍ਰਿਤਸਰ ਦੇ ਹਸਪਤਾਲ ਵਿੱਚ ਦਾਖਲ ਕਰਾਇਆ ਗਿਆ ਹੈ। ਬਲਦੇਵ ਸਿੰਘ ਪੁੱਤਰ ਮਹਿੰਗਾ ਸਿੰਘ ਅਤੇ ਮਨਜੀਤ ਸਿੰਘ ਪੁੱਤਰ ਬਲਦੇਵ ਸਿੰਘ, ਜੋ ਆਪਣੀਆਂ ਦੋ ਛੋਟੀਆਂ ਬੱਚੀਆਂ ਗੁਰਲੀਨ ਕੌਰ ਪੁੱਤਰੀ ਮਨਜੀਤ ਸਿੰਘ ਅਤੇ ਗੁਰ ਕੀਰਤ ਕੌਰ ਪੁੱਤਰੀ ਮਨਜੀਤ ਸਿੰਘ ਵਾਸੀ ਪੰਡੋਰੀ ਗੋਲਾ ਨਾਲ ਹੀਰੋ ਹਾਂਡਾ ਮੋਟਰਸਾਈਕਲ 'ਤੇ ਸਵਾਰ ਹੋ ਕੇ ਗੁਰਦੁਆਰਾ ਭਗਤ ਜਲਨ ਦਾਸ ਵਿਖੇ ਮੱਥਾ ਟੇਕ ਕੇ ਰਾਤ ਨੂੰ ਜਦੋਂ ਵਾਪਸ ਆ ਰਹੇ ਸਨ ਤਾਂ ਮੋੜ ਗੰਡੀਵਿੰਡ ਨੇੜੇ ਇੱਕ ਆਈ 20 ਕਾਰ, ਜੋ ਉਹਨਾਂ ਦੇ ਮੋਟਰਸਾਈਕਲ ਵਿੱਚ ਤੇਜ਼ ਰਫਤਾਰ ਨਾਲ ਵੱਜਣ ਨਾਲ ਬਲਦੇਵ ਸਿੰਘ ਦੀ ਮੌਕੇ 'ਤੇ ਮੌਤ ਹੋ ਗਈ, ਜਦੋਂ ਕਿ ਮਨਜੀਤ ਸਿੰਘ ਨੂੰ ਹਸਪਤਾਲ ਵਿਖੇ ਇਲਾਜ ਲਈ ਲਿਜਾਂਦਿਆਂ ਉਸ ਦੀ ਵੀ ਮੌਤ ਹੋ ਗਈ। ਮੋਟਰਸਾਈਕਲ 'ਤੇ ਬੈਠੀਆਂ ਗੁਰਲੀਨ ਕੌਰ ਅਤੇ ਗੁਰਕੀਰਤ ਕੌਰ ਗੰਭੀਰ ਜ਼ਖਮੀ ਹੋ ਗਈਆਂ। ਥਾਣਾ ਸਰਾਏ ਅਮਾਨਤ ਖਾ ਤੋਂ ਪੁਲਸ ਮੌਕੇ 'ਤੇ ਪਹੁੰਚੀ, ਜਿਸ ਨੇ ਲਾਸ਼ਾਂ ਨੂੰ ਕਬਜ਼ੇ ਚ ਲੈ ਕੇ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਧਾਲੀਵਾਲ ਨੇ ਅਜਨਾਲਾ ਲਈ ਕਰੋੜਾਂ ਦੇ ਫੰਡ ਮਨਜ਼ੂਰ ਕਰਵਾ ਕੇ ਲੋਕਾਂ ਦਾ ਦਿਲ ਜਿੱਤਿਆ : ਚੈਨਪੁਰੀਆ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ )** - ਆਮ ਆਦਮੀ ਪਾਰਟੀ ਦੀ ਸੂਬਾ ਮਾਨ ਸਰਕਾਰ ਜਿੱਥੇ ਪੰਜਾਬ ਦੇ ਲੋਕਾਂ ਨਾਲ ਕੀਤੇ ਚੋਣ ਵਾਅਦਿਆਂ ਤੇ ਗਾਰੰਟੀਆਂ ਨੂੰ ਇੱਕ ਤੋਂ ਬਾਅਦ ਇੱਕ ਕਰਕੇ ਅਮਲੀ ਜਾਮਾ ਪਹਿਨਾ ਕੇ ਇਤਿਹਾਸ ਸਿਰਜ ਰਹੀ ਹੈ, ਉੱਥੇ ਅਜਨਾਲਾ ਵਿਧਾਨ ਸਭਾ ਹਲਕੇ ਦੇ ਵਿਧਾਇਕ ਤੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਵੀ ਰਵਾਇਤੀ ਰਾਜਨੀਤਕ ਪਾਰਟੀਆਂ ਦੀਆਂ ਸਰਕਾਰਾਂ ਦੀਆਂ ਮਾਰੂ ਨੀਤੀਆਂ ਕਾਰਨ ਕਰੀਬ 50 ਸਾਲਾਂ ਤੋਂ ਵਿਕਾਸ ਪੱਖੋਂ ਪਛੜੇ ਵਿਧਾਨ ਸਭਾ ਹਲਕੇ ਤੇ ਅਜਨਾਲਾ ਸ਼ਹਿਰ ਦੇ ਬਹੁ-ਪੱਖੀ ਵਿਕਾਸ ਕਾਰਜਾਂ ਲਈ ਸ਼ਾਨਦਾਰ ਤੇ ਮਾਨਮੱਤੀਆਂ ਸੇਵਾਵਾਂ ਨਿਭਾਅ ਕੇ ਅਜਨਾਲਾ ਸ਼ਹਿਰੀ ਲੋਕਾਂ ਦੇ ਜਿੱਤ ਲਏ । ਇਨ੍ਹਾਂ ਸ਼ਬਦਾਂ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਅਜਨਾਲਾ ਸ਼ਹਿਰੀ ਪ੍ਰਧਾਨ ਦੀਪਕ ਚੈਨਪੁਰੀਆ ਨੇ ਸ਼ਹਿਰੀ ਵਾਰਡ ਇੰਚਾਰਜਾਂ, ਆਗੂਆਂ ਤੇ ਵਾਲੰਟੀਅਰਾਂ ਵੱਲੋਂ ਕੈਬਨਿਟ ਮੰਤਰੀ ਧਾਲੀਵਾਲ ਦੁਆਰਾ ਅਜਨਾਲਾ ਸ਼ਹਿਰ ਵਾਸੀਆਂ ਨੂੰ ਬਹੁ-ਪੱਖੀ ਵਿਕਾਸ ਕਾਰਜਾਂ ਤਹਿਤ ਅਤਿ- ਆਧੁਨਿਕ ਸ਼ਹਿਰੀ ਸਹੂਲਤਾਂ ਦੇਣ ਦੀ ਪ੍ਰਕਿਰਿਆ ਹੇਠ ਤੇ ਅਮਨ-ਸ਼ਾਂਤੀ ਦਾ ਮਾਹੌਲ ਦੇਣ ਲਈ ਚੁਸਤ-ਦਰੁਸਤ ਕਾਨੂੰਨ ਵਿਵਸਥਾ ਮੁਹੱਈਆ ਕਰਵਾਉਣ ਦੇ ਮੱਦੇਨਜ਼ਰ ਸ਼ਹਿਰ 'ਚ 1.61 ਕਰੋੜ ਰੁਪਏ ਦੀ ਲਾਗਤ ਲਾਈਟਾਂ ਤੇ ਕੈਮਰੇ ਅਤੇ 25 ਕਰੋੜ ਰੁਪਏ ਦੀ ਰਾਸ਼ੀ ਨਾਲ 220 ਕੇ.ਵੀ.ਅਜਨਾਲਾ ਦੇ ਬਿਜਲੀ ਘਰ ਲਈ ਫੰਡ ਮਨਜ਼ੂਰ ਕਰਵਾਏ ਜਾਣ ਲਈ ਕੀਤੀ ਧੰਨਵਾਦੀ ਮੀਟਿੰਗ ਉਪਰੰਤ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ। ਇਸ ਮੌਕੇ ਸੀਨੀ. 'ਆਪ' ਆਗੂ ਰੌਣਕ ਸ਼ਾਹ ਚੈਨਪੁਰੀਆ, ਵਾਰਡ ਇੰਚਾਰਜ ਸ਼ਮਸ਼ੇਰ ਸਿੰਘ ਸ਼ੇਰਾ, ਗੁਰਿੰਦਰ ਸਿੰਘ ਗੁਜਰਪੁਰਾ, ਯੁਧਵੀਰ ਸਿੰਘ, ਗੋਰਾ ਸੱਗੂ, ਵੀ.ਸੀ. ਵਿੰਗ ਦੇ ਜ਼ਿਲ੍ਹਾ ਪ੍ਰਧਾਨ ਗੁਰਦੇਵ ਸਿੰਘ ਗੁਲਾਬ, ਵਿੱਕੀ ਸਰਾਫ, ਅਮਰਦੀਪ ਸਿੰਘ ਰਿੰਕੂ , ਵਿੱਕੂ ਮਹਾਜਨ, ਰਸ਼ਪਾਲ ਸਿੰਘ ਕੋਟਲਾ, ਮਿਸ ਗੀਤਾ ਗਿੱਲ, ਸੁਨੀਲ ਗਿੱਲ, ਸੁਖਦਿਆਲ ਸਿੰਘ ਭੱਖਾ, ਗੁਰਨਾਮ ਸਿੰਘ ਅਜਨਾਲਾ, ਅਜੇ ਸ਼ਰਮਾ, ਬਲਾਕ ਪ੍ਰਧਾਨ ਦਵਿੰਦਰ ਸਿੰਘ ਸੋਨੂੰ , ਅਮਿਤ ਪੁਰੀ , ਦੀਪਕ ਭੱਟੀ , ਜਗਤਾਰ ਸਿੰਘ ਰਾਜਾਸਾਂਸੀ ਆਦਿ ਆਗੂ ਤੇ ਵਾਲੰਟੀਅਰ ਹਾਜ਼ਰ ਸਨ ।



# ਜ਼ਿਲ੍ਹਾ ਬਾਸਕਿਟਬਾਲ ਚੈਂਪੀਅਨਸ਼ਿਪ ਅੱਜ

**ਹੁਸ਼ਿਆਰਪੁਰ (ਓ ਪੀ ਰਾਣਾ)** ਜ਼ਿਲ੍ਹਾ ਬਾਸਕਿਟਬਾਲ ਚੈਂਪੀਅਨਸ਼ਿਪ ਅੱਜ ਹੁਸ਼ਿਆਰਪੁਰ ਵਿਖੇ ਹੋਵੇਗੀ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਇੰਜੀ. ਸੁਰਿੰਦਰ ਸੰਧੂ ਰਿਟਾ. ਐਕਸੀਅਨ ਸਕੱਤਰ ਜ਼ਿਲ੍ਹਾ ਬਾਸਕਿਟਬਾਲ ਐਸ਼ੋਸ਼ੀਏਸ਼ਨ ਹੁਸ਼ਿਆਰਪੁਰ ਨੇ ਦੱਸਿਆ ਕਿ ਸਵ.ਕੁਲਦੀਪ ਸਿੰਘ ਏ ਈ ਓ (ਰਿਟਾ.) , ਸਵ. ਸੁਰਿੰਦਰ ਸਿੰਘ ਸਪੋਰਟਸ ਅਫਸਰ (ਰਿਟਾ.), ਸਵ. ਹਰਬੰਸ ਭਨੋਟ ਨੇਵੀ ਕੋਚ (ਰਿਟਾ.) ਮਹਾਨ ਸਮਾਜਿਕ ਸਖਸ਼ੀਅਤਾਂ ਦੀ ਯਾਦ 'ਚ ਇੱਕ ਦਿਨਾਂ ਜ਼ਿਲ੍ਹਾ ਪੱਧਰੀ ਬਾਸਕਟਬਾਲ ਚੈਂਪੀਅਨਸ਼ਿਪ ਬਾਸਕਟਬਾਲ ਸਟੇਡੀਅਮ ਪੁਰ ਹੀਰਾਂ ਸਵੇਰੇ 9 ਵਜੇ ਤੋਂ ਸ਼ਾਮ 5 ਤੱਕ ਹੋਵੇਗੀ। ਇਸ ਮੌਕੇ ਮੁੱਖ ਮਹਿਮਾਨ ਚੰਨਣ ਰਾਮ, ਇੰਜੀ ਹਰਮਿੰਦਰ ਸਿੰਘ ਡਿਪਟੀ ਚੀਫ ਇੰਜੀਅਰ, ਹੰਸ ਰਾਜ ਕਸਟਮ ਸੁਪਰਡੈਂਟ ਸ਼ਾਮਲ ਹੋਣਗੇ ਅਤੇ ਵਿਸ਼ੇਸ਼ ਮਹਿਮਾਨ ਧੀਰਜ ਕੁਮਾਰ ਐਨ ਆਰ ਆਈ, ਗੁਰਮੀਤ ਬੈਂਸ ਐਨ ਆਰ ਆਈ, ਮੋਹਨ ਸਿੰਘ ਬੈਂਸ, ਕਰਨ ਕੁਮਾਰ, ਹਰਭਜਨ ਵਿਰਦੀ, ਮਨੀਸ਼ ਭਾਰਤੀ , ਅਮਰੀਕ ਸਿੰਘ ਥਿੰਦ, ਪ੍ਰਸ਼ੋਤਮ ਸਿੰਘ ਗਿੱਲ, ਜਗਮੋਹਣ ਸਿੰਘ ਚੀਫ ਇੰਜੀਅਰ (ਰਿਟਾ.), ਹਰਭਜਨ ਸਿੰਘ ਚੀਫ ਇੰਜੀਅਰ (ਰਿਟਾ.), ਐਡਵੋਕੇਟ ਰਣਜੀਤ ਕੁਮਾਰ ਪ੍ਰਧਾਨ ਬਾਰ ਐਸ਼ੋਸ਼ੀਏਸ਼ਨ ਹੁਸ਼ਿਆਰਪੁਰ, ਸਰਫਰਾਜ ਸਿੰਘ ਸਫਰੀ, ਸੁਖਵਿੰਦਰ ਸਿੰਘ ਰਾਣਾ, ਸੁਰਿੰਦਰ ਸ਼ਿੰਦਾ ਮੇਅਰ, ਠੇਕੇਦਾਰ ਭਗਵਾਨ ਦਾਸ ਸਿੱਧੂ, ਲਾਰੇਂਸ ਚੌਧਰੀ, ਇੰਜੀ ਜਗਦੀਸ਼ ਬੱਧਣ, ਇੰਜੀ ਮਹਿੰਦਰ ਸਿੰਘ ਸੰਧਰ, ਪ੍ਰਸ਼ੋਤਮ ਅਹੀਰ, ਗੁਰਪ੍ਰੀਤ ਸਿੰਘ ਡੀ ਐਸ ਓ, ਮੇਜਰ ਸਿੰਘ ਐਸ ਪੀ ਇੰਟਰਨੈਸ਼ਨਲ ਖਿਡਾਰੀ, ਪਰਮਿੰਦਰ ਸਿੰਘ ਐਸ ਪੀ ਲੁਧਿਆਣਾ, ਹਰਕੀਰਤ ਸਿੰਘ ਅਥਲੈਟਿਕ ਕੋਚ ਸ਼ਾਮਲ ਹੋਣਗੇ।

# ਸਿਹਤ ਕੇਂਦਰ ਕੋਟ ਧਰਮ ਚੰਦ ਕਲਾਂ 'ਚ ਟੀਕਾਕਰਨ ਕੈਂਪ



**ਸਰਾਏ ਅਮਾਨਤ ਖਾਂ (ਮੱਖਣ ਮਨੋਜ)**-ਸਿਵਲ ਸਰਜਨ ਕਮਲਪਾਲ ਅਤੇ ਜ਼ਿਲ੍ਹਾ ਟੀਕਾਕਰਨ ਅਫਸਰ ਡਾ. ਵਰਿੰਦਰ ਪਾਲ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਐਸ ਐਮ ਓ ਝਬਾਲ ਡਾ. ਰਾਜੂ ਚੌਹਾਨ ਦੀ ਅਗਵਾਈ ਹੇਠ ਸਿਹਤ ਵਿਭਾਗ ਵੱਲੋਂ ਚਲਾਏ ਜਾ ਰਹੇ ਸਪੈਸ਼ਲ ਟੀਕਾਕਰਨ ਪ੍ਰੋਗਰਾਮ ਤਹਿਤ ਸਿਹਤ ਕੇਂਦਰ ਕੋਟ ਧਰਮ ਚੰਦ ਕਲਾਂ ਵਿਖੇ ਟੀਕਾਕਰਨ ਕੈਂਪ ਲਗਾਇਆ ਗਿਆ । ਕੈਂਪ ਦੀ ਚੈਕਿੰਗ ਕਰਨ ਪਹੁੰਚੇ ਐਸ ਐਮ ਓ ਝਬਾਲ ਡਾ. ਰਾਜੂ ਚੌਹਾਨ ਨੇ ਦੱਸਿਆ ਕਿ ਇਹ ਸਪੈਸ਼ਲ ਟੀਕਾਕਰਨ ਪ੍ਰੋਗਰਾਮ 12 ਤੋਂ 17 ਫਰਵਰੀ ਤੱਕ ਪੂਰੇ ਪੰਜਾਬ ਵਿਚ ਚਲਾਇਆ ਗਿਆ । ਇਸ ਮੁਹਿੰਮ ਤਹਿਤ ਸਲੱਮ ਏਰੀਏ, ਝੁੱਗੀਆਂ-ਝੌਂਪੜੀਆਂ, ਭੱਠਿਆਂ, ਫੈਕਟਰੀਆਂ, ਕੰਨਸਟਰਕਸ਼ਨ ਸਾਈਟਸ ਅਤੇ ਹੋਰ ਹਾਈ ਰਿਸਕ ਏਰੀਏ ਵਿੱਚੋਂ ਬੱਚਿਆਂ ਅਤੇ ਗਰਭਵਤੀ ਮਾਵਾਂ ਜਿੰਨਾ ਨੂੰ ਪਹਿਲਾਂ ਟੀਕੇ ਨਹੀਂ ਲੱਗੇ ਜਾਂ ਕਿਸੇ ਕਾਰਨ ਰਹਿ ਗਏ ਹਨ ਉਨ੍ਹਾਂ ਦੀ ਸ਼ਨਾਖਤ ਕਰਕੇ ਟੀਕਾਕਰਨ ਕੀਤਾ ਜਾਵੇਗਾ ਅਤੇ 100 ਫੀਸਦੀ ਟੀਚਾ ਪੂਰਾ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਟੀਕਾਕਰਨ ਪ੍ਰੋਗਰਾਮ ਅਧੀਨ ਬੱਚਿਆਂ ਨੂੰ ਪੋਲੀਓ, ਤਪਦਿਕ, ਗਲਘੋਟੂ, ਕਾਲੀ ਖੰਘ, ਟੈਟਨਸ, ਖਸਰਾ ਅਤੇ ਅੰਧਰਾਤਾ ਵਰਗੀਆਂ 11 ਗੰਭੀਰ ਬਿਮਾਰੀਆਂ ਤੋਂ ਬਚਾਉਣ ਲਈ ਫ੍ਰੀ ਵੈਕਸੀਨੇਸ਼ਨ ਕੀਤੀ ਜਾਂਦੀ ਹੈ।

# ਮੁੱਖ ਮੰਤਰੀ ਮਾਨ ਭਾਜਪਾ ਦੀ ਨਹੀਂ, ਕਿਸਾਨ ਸੰਘਰਸ਼ਾਂ ਦੀ ਏ ਟੀਮ : ਬੰਦੇਸ਼ਾ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**- ਪੰਜਾਬ ਟਰੇਡਰਜ਼ ਕਮਿਸ਼ਨ ਦੇ ਸੰਵਿਧਾਨਕ ਸੂਬਾਈ ਮੈਂਬਰ ਤੇ ਆਮ ਆਦਮੀ ਪਾਰਟੀ ਦੇ ਪੰਜਾਬ ਬੁਲਾਰਾ ਜਸਕਰਣ ਬੰਦੇਸ਼ਾ ਨੇ ਸੂਬੇ ਦੀਆਂ ਕਾਂਗਰਸ ਤੇ ਅਕਾਲੀ ਦਲ ਰਵਾਇਤੀ ਪਾਰਟੀਆਂ ਵਲੋਂ ਮੌਜੂਦਾ ਕਿਸਾਨ ਸੰਘਰਸ਼ ਨੂੰ ਲੈ ਕੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਤੇ ਸੱਤਾਧਾਰੀ ਆਮ ਆਦਮੀ ਪਾਰਟੀ ਤੇ ਕੇਂਦਰੀ ਭਾਜਪਾ ਸਰਕਾਰ ਦੀ ਬੀ ਟੀਮ ਦੇ ਲਗਾਏ ਜਾ ਰਹੇ ਗੁੰਮਰਾਹਕੁੰਨ ਪ੍ਰਚਾਰ ਤੇ ਬੇਬੁਨਿਆਦ ਝੂਠੇ ਇਲਜ਼ਾਮਾਂ ਨੂੰ ਸਿਰੇ ਤੋਂ ਖਾਰਜ ਕੀਤਾ ਅਤੇ ਇਹਨਾਂ ਰਾਜਸੀ ਪਾਰਟੀਆਂ ਨੂੰ ਤਿੱਖੇ ਨਿਸ਼ਾਨੇ 'ਤੇ ਲਿਆ। ਜਿਸ 'ਚ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਪਿਛਲੇ ਦਿੱਲੀ ਦੀਆਂ ਹੱਦਾਂ 'ਤੇ ਦੋ ਸਾਲ ਪਹਿਲਾਂ ਲੜੇ ਗਏ ਕਿਸਾਨ ਅੰਦੋਲਨ ਸਮੇਂ ਅਤੇ ਹੁਣ ਕੇਂਦਰ ਸਰਕਾਰ ਦੀ ਵਾਅਦਾ ਖਿਲਾਫੀ ਵਿਰੁੱਧ ਹਰਿਆਣਾ ਸੂਬੇ ਦੀਆਂ ਹੱਦਾਂ ਤੇ ਅੱਜ ਕੱਲ ਦਿੱਲੀ ਜਾਣ ਲਈ ਡਟੇ ਕਿਸਾਨ ਅੰਦੋਲਨਕਾਰੀਆਂ ਲਈ ਕੇਂਦਰੀ ਸਰਕਾਰ ਕੋਲੋਂ ਫਸਲਾਂ ਤੇ ਐੱਮ ਐੱਸ ਪੀ ਦੀ ਕਾਨੂੰਨੀ ਗਾਰੰਟੀ ਲੈਣ ਹਿੱਤ ਪਹਿਲਾਂ ਦੀ ਤਰ੍ਹਾਂ ਕਿਸਾਨਾਂ ਦੇ ਹੱਕ 'ਚ ਏ ਟੀਮ ਵਜੋਂ ਵਿਚਰ ਰਹੇ ਹਨ। ਜਦੋਂ ਕਿ ਕਿਸਾਨ ਮੰਗਾਂ ਤੇ ਕਥਿਤ ਸੱਪ ਸੁੰਘ ਜਾਣ ਵਰਗੀ ਸਥਿਤੀ ਚੋਂ ਗੁਜ਼ਰ ਰਹੀ ਕੇਂਦਰੀ ਭਾਜਪਾ ਦੀ ਪੰਜਾਬ ਇਕਾਈ ਅਤੇ ਕਾਂਗਰਸ, ਅਕਾਲੀ ਇਨ੍ਹਾਂ ਰਾਜਸੀ ਪਾਰਟੀਆਂ ਨੇ ਪਿਛਲੇ 70 ਸਾਲਾਂ ਤੋਂ ਉੱਤਰ ਕਾਟੋ ਮੈਂ ਚੜ੍ਹਾਂ ਦੀ ਨੀਤੀ ਤਹਿਤ ਪੰਜਾਬ ਦੀ ਸੱਤਾ ਤੇ ਵਾਰੋ ਵਾਰੀ ਕਾਬਜ਼ ਰਹਿ ਕੇ ਕਿਸਾਨਾਂ ਸਣੇ ਪੰਜਾਬ ਦੇ ਆਰਥਿਕ, ਸਮਾਜਿਕ, ਧਾਰਮਿਕ, ਸੱਭਿਆਚਾਰ, ਰਾਜਸੀ ਹਿੱਤਾਂ ਨਾਲ ਕਥਿਤ ਤੌਰ 'ਤੇ ਧ੍ਰੋਹ ਕਮਾਉਂਦਿਆਂ ਹੋਇਆਂ ਆਪਣੀਆਂ ਆਕਾ ਕਾਂਗਰਸ ਤੇ ਕੇਂਦਰੀ ਸਰਕਾਰਾਂ ਨੂੰ ਖੁਸ਼ ਕਰਨ ਲਈ ਉਹਨਾਂ ਦੇ ਪੰਜਾਬ ਨਾਲ ਮਤਰੇਈ ਵਾਲੇ ਸਲੂਕ ਦੇ ਕਥਿਤ ਜਬਰ ਦੇ ਹਥੌੜੇ ਦਾ ਦਸਤਾ ਬਣੀਆਂ ਵੀ ਰਹੀਆਂ ਹਨ। ਬੰਦੇਸਾ ਨੇ ਇਹ ਵੀ ਕਿਹਾ ਕਿ ਪੰਜਾਬ ਦੀ ਸੱਤਾਧਾਰੀ ਆਮ ਆਦਮੀ ਪਾਰਟੀ ਫਸਲਾਂ ਤੇ ਐਮ ਐਸ ਪੀ ਰੇਟਾਂ ਦੀ ਕਾਨੂੰਨੀ ਗਾਰੰਟੀ ਸਣੇ ਕਿਸਾਨਾਂ ਦੀਆਂ ਹੋਰ ਵਾਜਬ ਮੰਗਾਂ ਦਾ ਸਮਰਥਨ ਕਰਦੀ ਹੈ ਅਤੇ ਕੇਂਦਰੀ ਸਰਕਾਰ 'ਤੇ ਵੀ ਜ਼ੋਰ ਦਿੰਦੀ ਹੈ ਕਿ ਦੋ ਸਾਲ ਪਹਿਲਾਂ ਦਿੱਲੀ 'ਚ ਕਿਸਾਨ ਅੰਦੋਲਨ ਮੌਕੇ ਕੇਂਦਰੀ ਸਰਕਾਰ ਦੀ ਸਹਿਮਤੀ ਨਾਲ ਕੇਂਦਰੀ ਖੇਤੀ ਮੰਤਰਾਲੇ ਦੇ ਉਸ ਸਮੇਂ ਦੇ ਸਕੱਤਰ ਖੇਤੀ ਵਿਭਾਗ ਭਾਰਤ ਸਰਕਾਰ ਵਲੋਂ ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਰੱਦ ਕਰਨ ਉਪਰੰਤ ਅੰਦੋਲਨਕਾਰੀ ਕਿਸਾਨਾਂ ਨੂੰ ਲਿਖਤੀ ਤੌਰ 'ਤੇ ਐੱਮ ਐੱਸ ਪੀ ਸਮੇਤ ਹੋਰ ਮੰਗਾਂ ਨੂੰ ਪ੍ਰਵਾਨ ਕਰਕੇ ਜਲਦੀ ਹੱਲ ਕਰਨ ਦੇ ਦਿੱਤੇ ਭਰੋਸੇ ਨੂੰ ਫੌਰੀ ਤੌਰ ਲਾਗੂ ਕਰਨਾ ਚਾਹੀਦਾ ਹੈ।

# 15 ਲੱਖ ਦੀ ਲਾਗਤ ਨਾਲ ਢੰਡ ਦੀਆਂ ਗਲੀਆਂ ਹੋਣਗੀਆਂ ਪੱਕੀਆਂ : ਡਾ. ਸੋਹਲ



**ਤਰਨ ਤਾਰਨ**-ਪਿੰਡਾਂ ਨੂੰ ਵੀ ਸ਼ਹਿਰਾਂ ਵਰਗੀਆਂ ਸਹੂਲਤਾਂ ਦੇਣ ਲਈ ਵਚਨਬੱਧ ਹਲਕਾ ਤਰਨ ਤਰਨ ਤੋਂ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਵੱਲੋਂ ਹਲਕੇ ਦੇ ਪਿੰਡਾਂ ਦਾ ਵਿਕਾਸ ਜੰਗੀ ਪੱਧਰ 'ਤੇ ਕਰਵਾਇਆ ਜਾ ਰਿਹਾ ਹੈ। ਇਸੇ ਹੀ ਲੜੀ ਦੇ ਤਹਿਤ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਵੱਲੋਂ ਪਿੰਡ ਢੰਡ ਦੀਆਂ ਤਿੰਨ ਕੱਚੀਆਂ ਗਲੀਆਂ ਨੂੰ ਇੰਟਲਾਕ ਟਾਈਲਾਂ ਨਾਲ ਪੱਕਿਆਂ ਕਰਨ ਦਾ ਉਦਘਾਟਨ ਕੀਤਾ ਗਿਆ। ਇਨ੍ਹਾਂ ਗਲੀਆਂ ਨੂੰ ਤਕਰੀਬਨ 15 ਲੱਖ ਦੀ ਲਾਗਤ ਨਾਲ ਪੱਕਾ ਕੀਤਾ ਜਾਵੇਗਾ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹਲਕਾ ਵਿਧਾਇਕ ਡਾ. ਸੋਹਲ ਨੇ ਦੱਸਿਆ ਕਿ ਪਿੰਡਾਂ ਵਿੱਚ ਸਿਹਤ ਤੇ ਸਿੱਖਿਆ ਸਹੂਲਤਾਂ ਦੇ ਮਿਆਰ ਨੂੰ ਉੱਚਾ ਚੁੱਕਣ ਵਿੱਚ ਯਤਨ ਕੀਤੇ ਜਾ ਰਹੇ। ਪੰਜਾਬ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਚੱਲ ਰਹੀ ਆਮ ਆਦਮੀ ਪਾਰਟੀ ਦੀ ਸਰਕਾਰ ਵਿੱਚ ਅੱਜ ਪੰਜਾਬ ਵਿੱਚ ਭ੍ਰਿਸ਼ਟਾਚਾਰ, ਨਸ਼ਾਖੋਰੀ ਅਤੇ ਰਿਸ਼ਵਤਖੋਰੀ ਨੂੰ ਕਾਫੀ ਹੱਦ ਤੱਕ ਨੱਥ ਪੈ ਚੁੱਕੀ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਆਉਣ ਵਾਲੀਆਂ ਲੋਕ ਸਭਾ ਦੀਆਂ ਚੋਣਾਂ ਵਿੱਚ ਵੱਧ ਤੋਂ ਵੱਧ ਆਮ ਆਦਮੀ ਪਾਰਟੀ ਦਾ ਸਾਥ ਦੇਣ ਤਾਂ ਜੋ ਪੰਜਾਬ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਇਆ ਜਾਵੇ। ਇਸ ਮੌਕੇ ਪਿੰਡ ਢੰਡ ਤੋਂ ਸਰਪੰਚ ਸੁਰਜੀਤ ਸਿੰਘ ਸ਼ਾਹ ਨੇ ਪਿੰਡ ਦਾ ਵਿਕਾਸ ਬਿਨਾਂ ਕਿਸੇ ਭੇਦਭਾਵ ਤੋਂ ਕਰਵਾਉਣ ਤੇ ਹਲਕਾ ਵਿਧਾਇਕ ਡਾ.ਕਸ਼ਮੀਰ ਸਿੰਘ ਸੋਹਲ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਨੂੰ ਵਿਸ਼ਵਾਸ ਦਿਵਾਇਆ ਕਿ ਲੋਕ ਸਭਾ ਚੋਣਾਂ ਵਿੱਚ ਪਿੰਡ ਢੰਡ ਤੋਂ ਆਮ ਆਦਮੀ ਪਾਰਟੀ ਭਾਰੀ ਬਹੁਤ ਨਾਲ ਜਿੱਤ ਹਾਸਲ ਕਰੇਗੀ। ਸਰਪੰਚ ਨੇ ਦੱਸਿਆ ਕਿ ਪਿਛਲੇ ਕਈ ਸਾਲਾਂ ਤੋਂ ਇਨ੍ਹਾਂ ਗਲੀਆਂ ਦੀ ਹਾਲਤ ਬੇਹਦ ਖਸਤਾ ਸੀ ਪਰ ਵਿਧਾਇਕ ਡਾ.ਸੋਹਲ ਨੇ ਪਿੰਡ ਵਾਸੀਆਂ ਦੀ ਛੋਟੀ ਜਿਹੀ ਮੰਗ 'ਤੇ ਇਨ੍ਹਾਂ ਗਲੀਆਂ ਨੂੰ ਪਹਿਲ ਦੇ ਅਧਾਰ 'ਤੇ ਪੱਕਿਆਂ ਕਰਵਾ ਕੇ ਪਿੰਡ ਵਾਸੀਆਂ ਦਾ ਦਿਲ ਜਿੱਤ ਲਿਆ ਹੈ ਅਤੇ ਲੋਕਾਂ ਦੇ ਹਰਮਨ ਪਿਆਰੇ ਨੇਤਾ ਬਣ ਗਏ ਹਨ। ਇਸ ਮੌਕੇ ਸਰਪੰਚ ਜਸਪਾਲ ਸਿੰਘ ਮੰਗਾ, ਬਲਾਕ ਪ੍ਰਧਾਨ ਅੰਗਰੇਜ ਸਿੰਘ ਢੰਡ, ਮੈਂਬਰ ਹਰਦੀਪ ਸਿੰਘ, ਅਵਤਾਰ ਸਿੰਘ, ਭੁਪਿੰਦਰ ਸਿੰਘ, ਗੁਲਜ਼ਾਰ ਸਿੰਘ, ਮੈਂਬਰ ਜੈਦੀਪ ਸਿੰਘ, ਮੈਂਬਰ ਰਾਜਨ ਸਿੰਘ, ਮੈਂਬਰ ਪਰਮਜੀਤ ਕੌਰ, ਮੈਂਬਰ ਜਸਕਰਨ ਸਿੰਘ, ਮੈਂਬਰ ਜਗਤਾਰ ਸਿੰਘ, ਮੈਂਬਰ ਨਿਰਮਲ ਸਿੰਘ, ਬਲਾਕ ਸੰਮਤੀ ਮੈਂਬਰ ਸੁਖਪਾਲ ਸਿੰਘ, ਪ੍ਰਧਾਨ ਮੋਹਨ ਸਿੰਘ, ਜਗਦੀਪ ਸਿੰਘ, ਮੇਜਰ ਸਿੰਘ ਟੋਨੀ, ਕੁਲਦੀਪ ਸਿੰਘ ਗੋਰਾ, ਠੇਕੇਦਾਰ ਬਲਕਾਰ ਸਿੰਘ, ਪਰਮਜੀਤ ਸਿੰਘ, ਮਲਕੀਤ ਸਿੰਘ ਫੌਜੀ, ਗੁਰਸਰਨ ਸਿੰਘ ਜੱਜ, ਰਤਨ ਸਿੰਘ, ਪ੍ਰਧਾਨ ਬੂਆ ਸਿੰਘ, ਦਿਲਬਾਗ ਸਿੰਘ, ਚੰਨਨ ਸਿੰਘ, ਗੁਰਜਿੰਦਰ ਸਿੰਘ, ਨਿਸ਼ਾਨ ਸਿੰਘ, ਬਾਬਾ ਗੁਰਮੀਤ ਸਿੰਘ, ਅੰਗਰੇਜ ਸਿੰਘ ਲਾਡੀ , ਸੋਨੂ, ਬਲਦੇਵ ਸਿੰਘ, ਸੁਬੇਗ ਸਿੰਘ, ਰਵੀ ਸ਼ੇਰ ਸਿੰਘ, ਸੰਦੀਪ ਸਿੰਘ, ਕੁਲਵੰਤ ਸਿੰਘ , ਪ੍ਰਭ ਸਿੰਘ ਆਦਿ ਨੇ ਵੀ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਦਾ ਧੰਨਵਾਦ ਕੀਤਾ।



ਖੁਸ਼ੀਆਂ-ਖੇੜਿਆਂ ਨਾਲ ਭਰਪੂਰ ਬਸੰਤ ਰੁੱਤ
ਆਖਰੀ ਸਫ਼ੇ 'ਤੇ


# ਨਵਾਂ ਜ਼ਮਾਨਾ ਐਤਵਾਰਤਾ

ਇੱਕ ਬਾਬਰ ਨੇ ਮੰਦਰ ਢਾਹਿਆ
ਦੂਜੇ ਢਾਹੀ ਮਸੀਤ
ਬਾਬਰ ਇੱਕ ਬਰਾਬਰ ਜਾਬਰ
ਇਹੋ ਇਨ੍ਹਾਂ ਦੀ ਰੀਤ।
- ਹਰਵਿੰਦਰ ਸਿੰਘ ਚੰਡੀਗੜ੍ਹ

Regd. No : L-4/Pb-JL-0023/2024-26, (R.N.I.)-00068/57 | ਜਲੰਧਰ : ਐਤਵਾਰ, 18 ਫਰਵਰੀ 2024 | www.nawanzamana.in | ਕੀਮਤ 5.00 ਰੁਪਏ


## ਰਾਮ ਦੀ ਪੁਨਰ-ਰਚਨਾ

**ਸਾਗਰ**

# ਬ੍ਰਾਹਮਣਵਾਦੀ ਸ੍ਰੇਸ਼ਟਤਾ ਥੋਪਣ ਦਾ ਸਾਧਨ ਹੈ ਅਯੁੱਧਿਆ ਦਾ ਨਵਾਂ ਰਾਮ ਮੰਦਰ

*[ਅਯੁੱਧਿਆ ਵਿਚ 22 ਜਨਵਰੀ ਨੂੰ ਬਾਬਰੀ ਮਸਜਿਦ ਵਾਲੀ ਜਗ੍ਹਾ ਬਣਾਏ ਜਾ ਰਹੇ ਰਾਮ ਮੰਦਰ ਅਤੇ ਇਸ ਅਧੂਰੇ ਮੰਦਰ ਵਿਚ 2024 ਦੀਆਂ ਆਮ ਚੋਣਾਂ ਤੋਂ ਐਨ ਪਹਿਲਾਂ ਨਰਿੰਦਰ ਮੋਦੀ ਵੱਲੋਂ ਆਰ.ਐੱਸ.ਐੱਸ. ਦੇ ਮੁਖੀ ਮੋਹਨ ਭਾਗਵਤ ਨਾਲ ਮਿਲ ਕੇ ਕੀਤੀ ਜਾ ਰਹੀ 'ਪ੍ਰਾਣ ਪ੍ਰਤਿਸ਼ਠਾ' ਦਾ ਦੂਰਗਾਮੀ ਮਨੋਰਥ ਕੀ ਹੈ, 'ਕਾਰਵਾਂ' ਰਸਾਲੇ ਦੇ ਸਟਾਫ਼ ਮੈਂਬਰ ਸਾਗਰ ਦੀ ਇਹ ਟਿੱਪਣੀ ਗ਼ੌਰਤਲਬ ਹੈ, ਜੋ ਰਸਾਲਾ ਆਪਣੀਆਂ ਖੋਜੀ ਰਿਪੋਰਟਾਂ ਲਈ ਜਾਣਿਆ ਜਾਂਦਾ ਹੈ। ਟਿੱਪਣੀ ਦੇ ਮਹੱਤਵ ਦੇ ਮੱਦੇਨਜ਼ਰ ਇਸ ਦਾ ਪੰਜਾਬੀ ਰੂਪ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ-ਸੰਪਾਦਕ]*

25 ਨਵੰਬਰ 2023 ਨੂੰ ਮੱਧ ਪ੍ਰਦੇਸ਼ ਦੇ ਤੀਰਥ ਅਸਥਾਨ ਚਿਤਰਕੂਟ ਦੇ ਇਕ ਮੰਦਰ ਦੇ ਮੁੱਖ ਪੁਜਾਰੀ ਰਾਮਭੱਦਰਾਚਾਰੀਆ ਨੇ ਇਕ ਨਿਊਜ਼ ਚੈਨਲ ਨੂੰ ਦੱਸਿਆ ਕਿ ਸਵੇਰ ਵੇਲੇ ਪਿਸ਼ਾਬ ਜਾਣ ਸਮੇਂ ਹਿੰਦੂ ਭਗਵਾਨ ਰਾਮ ਨੇ ਉਸ ਨੂੰ ਦੈਵੀ ਦਰਸ਼ਨ ਦਿੱਤੇ ਸਨ। ਉਸ ਨੇ ਕਿਹਾ, ਉਹ ਹਾਜਤ ਲਈ ਜਾਗਿਆ ਸੀ। ਜਦੋਂ ਰਾਮ ਤਿੰਨ ਸਾਲ ਦੇ ਬਾਲਕ ਦੇ ਰੂਪ ਵਿਚ ਪ੍ਰਗਟ ਹੋਏ, ਉਸ ਦਾ ਹੱਥ ਫੜ ਕੇ ਬਾਥਰੂਮ ਲੈ ਗਏ ਅਤੇ ਫਿਰ ਉਸ ਨੂੰ ਵਾਪਸ ਬਿਸਤਰੇ 'ਤੇ ਪਹੁੰਚਾ ਗਏ। ਰਾਮਭੱਦਰਚਾਰੀਆ ਅੱਖਾਂ ਤੋਂ ਅੰਨ੍ਹਾ ਹੈ ਅਤੇ ਭਗਵਾਨ ਦੇ ਦਰਸ਼ਨ ਹੋਏ ਹੋਣ ਦਾ ਦਾਅਵਾ ਕਰਦਾ ਹੈ। ਇਕ ਸਵਰਨ ਪੱਤਰਕਾਰ ਸੁਧੀਰ ਚੌਧਰੀ, ਜੋ ਬਹੁਜਨਾਂ ਲਈ ਰਾਖਵਾਂਕਰਨ ਦੇ ਵਿਰੁੱਧ ਸ਼ੋਅ ਕਰਨ ਲਈ ਬਦਨਾਮ ਹੈ, ਆਜ ਤੱਕ ਚੈਨਲ ਉੱਪਰ ਉਸ ਨੂੰ ਹੋਸਟ ਕਰ ਰਿਹਾ ਸੀ। ਚੌਧਰੀ ਨੇ ਸਿਰਫ਼ ਹਿੰਦੂਆਂ ਵੱਲੋਂ ਪੂਜੇ ਜਾਣ ਵਾਲੇ ਭਗਵਾਨ ਬਾਰੇ ਅਜਿਹੇ ਬਿਆਨ ਦੇਣ ਲਈ ਰਾਮਭੱਦਰਚਾਰੀਆ ਦੀ ਆਲੋਚਨਾ ਨਹੀਂ ਕੀਤੀ, ਸਗੋਂ ਪੁਜਾਰੀ ਨੂੰ "ਗੁਰੂ ਜੀ" ਵੀ ਕਹਿੰਦਾ ਰਿਹਾ।

ਇਸ ਦੀ ਬਜਾਏ ਚੌਧਰੀ ਨੇ ਪੁਜਾਰੀ ਨੂੰ ਪੁੱਛਿਆ ਕਿ 22 ਜਨਵਰੀ ਨੂੰ ਰਾਮ ਮੰਦਰ ਦਾ ਜੋ ਮਹੂਰਤ ਕੀਤਾ ਜਾਣਾ ਹੈ, ਉਸ ਬਾਰੇ ਉਸ ਦਾ ਬ੍ਰਹਮ ਦ੍ਰਿਸ਼ਟੀ ਕੀ ਕਹਿੰਦੀ ਹੈ। ਰਾਮਭੱਦਰਾਚਾਰੀਆ ਨੇ ਕਿਹਾ ਕਿ ਰਾਮ ਨੇ ਉਸ ਨੂੰ ਕਿਹਾ ਕਿ "ਗੁਰੂਵਰ ਤੁਸੀਂ ਵੀ ਆਓ, ਮੇਰੇ ਨਾਲ ਅੰਮ੍ਰਿਤ ਮਹੋਤਸਵ ਮਨਾਓ।" ਅੰਮ੍ਰਿਤ ਮਹੋਤਸਵ ਭਾਰਤ ਦੀ ਆਜ਼ਾਦੀ ਦੀ 75ਵੀਂ ਵਰ੍ਹੇਗੰਢ ਦੇ ਜਸ਼ਨਾਂ ਬਾਰੇ ਸਰਕਾਰੀ ਪ੍ਰਚਾਰ ਸ਼ਬਦ ਹੈ, ਜੋ ਬ੍ਰਾਹਮਣਵਾਦੀ ਸੰਸਕ੍ਰਿਤੀ ਦਾ ਪ੍ਰਚਾਰ ਕਰਨ ਦਾ ਸਾਧਨ ਹੈ।

ਮਹਿਜ਼ ਇਕ ਮਹੀਨਾ ਪਹਿਲਾਂ ਅਤੇ ਮੱਧ ਪ੍ਰਦੇਸ਼ ਵਿਧਾਨ ਸਭਾ ਚੋਣਾਂ ਤੋਂ ਕੁਝ ਹਫ਼ਤੇ ਪਹਿਲਾਂ ਇਕ ਜਨਤਕ ਸਮਾਗਮ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੇਦਾਂ ਅਤੇ ਹੋਰ ਬ੍ਰਾਹਮਣੀ ਸਾਹਿਤ ਦੇ ਗਿਆਨ ਲਈ ਰਾਮਭੱਦਰਾਚਾਰੀਆ ਨੂੰ "ਰਾਸ਼ਟਰੀ ਵਿਰਾਸਤ" ਐਲਾਨਿਆ ਸੀ। ਮੋਦੀ ਨੇ ਉਨ੍ਹਾਂ ਦੀ ਸਰਕਾਰ ਦੁਆਰਾ 2015 'ਚ ਰਾਮਭੱਦਰਾਚਾਰੀਆ ਨੂੰ ਦੇਸ਼ ਦੇ ਦੂਜੇ ਸਭ ਤੋਂ ਵੱਡੇ ਨਾਗਰਿਕ ਸਨਮਾਨ ਪਦਮ ਵਿਭੂਸ਼ਨ ਨਾਲ ਸਨਮਾਨਿਤ ਕੀਤੇ ਜਾਣ ਨੂੰ ਵੀ ਮਾਣ ਵਾਲੀ ਗੱਲ ਕਿਹਾ ਸੀ। ਉਸ ਦਿਨ ਮੋਦੀ ਦਾ ਧੰਨਵਾਦ ਕਰਦੇ ਹੋਏ ਰਾਮਭੱਦਰਾਚਾਰੀਆ ਨੇ ਕਿਹਾ ਕਿ ਉਸ ਨੇ ਭਗਵਾਨ ਨੂੰ ਕਿਹਾ ਸੀ ਕਿ ਉਹ ਆਪਣੇ ਲਈ ਅੱਖਾਂ ਨਹੀਂ, ਸਗੋਂ ਭਾਰਤ ਵਿਚ ਦੁਬਾਰਾ ਜਨਮ ਲੈਣਾ ਚਾਹੁੰਦਾ ਹੈ-ਅਤੇ ਉਹ ਵੀ "ਸਿਰਫ਼ ਬ੍ਰਾਹਮਣ ਵੰਸ਼ ਵਿਚ।"

ਰਾਮਭੱਦਰਾਚਾਰੀਆ ਇੱਕੋ-ਇਕ ਅਜਿਹਾ ਪੁਜਾਰੀ ਨਹੀਂ ਹੈ, ਜਿਸ ਦੇ ਤਰਕਹੀਣ ਭਾਸ਼ਣਾਂ ਨੂੰ ਸਵਰਨ ਪੱਤਰਕਾਰਾਂ ਅਤੇ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਵੱਲੋਂ ਰਾਮ ਦੇ ਨਾਂਅ 'ਤੇ ਜਨਤਕ ਤੌਰ 'ਤੇ ਸਨਮਾਨਿਤ ਕੀਤਾ ਜਾ ਰਿਹਾ ਹੈ ਅਤੇ ਮੰਚ ਦਿੱਤਾ ਜਾ ਰਿਹਾ ਹੈ। ਪਿਛਲੇ ਕੁਝ ਹਫ਼ਤਿਆਂ ਤੋਂ, ਜਿਉਂ ਹੀ ਮੰਦਰ ਦਾ ਮਹੂਰਤ ਨੇੜੇ ਆ ਰਿਹਾ ਹੈ, ਮੁੱਖ ਧਾਰਾ ਮੀਡੀਆ ਅਤੇ ਭਾਜਪਾ ਆਗੂ ਬ੍ਰਾਹਮਣ ਸਰਵਉੱਚਤਾ ਅਤੇ ਰਾਮ ਦੇ ਬ੍ਰਾਹਮਣਵਾਦੀ ਰੂਪ ਨੂੰ ਉਤਸ਼ਾਹਿਤ ਕਰ ਰਹੇ ਹਨ, ਜਦੋਂਕਿ ਕਿਸੇ ਵੀ ਤਰਕਸ਼ੀਲ ਆਵਾਜ਼ ਨੂੰ ਸਿਆਸੀ, ਵਿਵਾਦਪੂਰਨ ਅਤੇ ਹਿੰਦੂ ਅਕੀਦਿਆਂ ਵਿਰੋਧੀ ਵੀ ਕਹਿ ਰਹੇ ਹਨ।

ਜਨਵਰੀ ਦੇ ਪਹਿਲੇ ਹਫ਼ਤੇ, ਸ਼ੰਕਰਾਚਾਰੀਆ ਨਿਸਚਲਾਨੰਦ ਸਰਸਵਤੀ, ਜੋ ਕਿ ਹਿੰਦੂ ਧਰਮ ਦੇ ਚਾਰ ਸਭ ਤੋਂ ਉੱਚੇ ਪੀਠਾਂ ਵਿੱਚੋਂ ਇਕ ਹੈ, ਨੇ ਪੱਤਰਕਾਰਾਂ ਨੂੰ ਕਿਹਾ ਕਿ ਉਹ ਰਾਮ ਮੰਦਰ ਦੇ ਮਹੂਰਤ ਵਿਚ ਸ਼ਾਮਲ ਨਹੀਂ ਹੋਣਗੇ, ਕਿਉਂਕਿ ਮੋਦੀ ਨੂੰ ਮੂਰਤੀ ਸਥਾਪਤ ਕਰਦੇ ਦੇਖਣਾ ਉਸ ਦੇ ਰੁਤਬੇ ਦੀ ਹੇਠੀ ਹੋਵੇਗਾ। ਉਸ ਦਾ ਮੰਨਣਾ ਸੀ ਕਿ ਸਥਾਪਨਾ ਸਿਰਫ਼ ਇਕ ਧਰਮਾਚਾਰੀਆ ਦੁਆਰਾ ਹੀ ਕੀਤੀ ਜਾ ਸਕਦੀ ਹੈ-ਇਕ ਬ੍ਰਾਹਮਣ ਬੰਦਾ ਜੋ ਹਿੰਦੂ ਮੱਤ ਦਾ ਅਧਿਕਾਰੀ ਹੈ। 2019 'ਚ ਮੋਦੀ ਨੇ ਜਨਤਕ ਤੌਰ 'ਤੇ ਦਾਅਵਾ ਕੀਤਾ ਸੀ ਕਿ ਉਹ ਅਤਿ ਪੱਛੜੀਆਂ ਸ਼੍ਰੇਣੀਆਂ ਨਾਲ ਸੰਬੰਧਤ ਹੈ। ਖ਼ਫ਼ਾ ਹੋਏ ਸਰਸਵਤੀ ਨੇ ਕਿਹਾ, "ਜਦੋਂ ਮੋਦੀ ਸਮਾਰੋਹ ਵਿਚ ਮੂਰਤੀ ਨੂੰ ਛੂਹੇਗਾ, ਤਾਂ ਕੀ ਉਹ ਤਾੜੀ ਵਜਾਏਗਾ?" ਸ਼ੰਕਰਾਚਾਰੀਆ ਜਾਤੀ ਵਿਵਸਥਾ ਦਾ ਪੱਕਾ ਹਮਾਇਤੀ ਹੈ। ਪੱਤਰਕਾਰਾਂ ਦੇ ਸਾਹਮਣੇ ਆਪਣੀ ਬ੍ਰਹਮ ਸ਼ਖ਼ਸੀਅਤ ਪੇਸ਼ ਕਰਦੇ ਹੋਏ ਸਰਸਵਤੀ ਨੇ ਕਿਹਾ ਸੀ, "ਮੈਂ ਭਗਵਤੀ ਸੀਤਾ (ਰਾਮ ਦੀ ਸੁਪਤਨੀ) ਨੂੰ ਆਪਣੀ ਬੜੀ ਭੈਣ ਮੰਨਦਾ ਸੀ, ਪਰ ਇਕ ਵਾਰ, ਜਦੋਂ ਮੈਂ ਅੰਤਰ-ਧਿਆਨ ਸੀ ਤਾਂ ਸੀਤਾ ਨੇ ਮੈਨੂੰ ਕਿਹਾ ਕਿ ਮੈਂ ਉਸ ਨੂੰ ਆਪਣੀ ਛੋਟੀ ਭੈਣ ਮੰਨਾ।"

ਸੁਧੀਰ ਚੌਧਰੀ ਵਾਂਗ ਪੱਤਰਕਾਰਾਂ ਨੇ ਸਰਸਵਤੀ ਨੂੰ ਗੁਰੂਦੇਵ ਕਹਿ ਕੇ ਸੰਬੋਧਨ ਕੀਤਾ ਅਤੇ ਉਸ ਦੇ ਬਿਆਨਾਂ ਦਾ ਵਿਰੋਧ ਨਹੀਂ ਕੀਤਾ,



ਜਦਕਿ ਰਾਮਭੱਦਰਾਚਾਰੀਆ ਵਰਗੇ ਉਸ ਦੇ ਬਿਆਨ ਭਗਵਾਨ ਦੀ ਹੇਠੀ ਕਰਨ ਵਾਲੇ ਸਨ। ਇਸ ਤੋਂ ਤੁਰੰਤ ਬਾਅਦ, ਸਰਸਵਤੀ ਨੂੰ ਸੀ ਐੱਨ ਐੱਨ ਨਿਊਜ਼ 18 ਦੇ ਇਕ ਸ਼ੋਅ ਵਿਚ ਬੁਲਾਇਆ ਗਿਆ, ਜਿੱਥੇ ਉਸ ਨੇ ਕਿਹਾ ਕਿ ਕਿਵੇਂ ਸਿਰਫ਼ ਇਕ ਬ੍ਰਾਹਮਣ ਹੀ ਅਧਿਆਪਕ ਹੋ ਸਕਦਾ ਹੈ ਅਤੇ ਉਪਦੇਸ਼ ਦੇਣ ਦੇ ਕਾਬਲ ਵੀ ਉਹੀ ਹੋ ਸਕਦਾ ਹੈ। ਆਨੰਦ ਨਰਸਿਮਹਨ, ਇਕ ਮੈਨੇਜਿੰਗ ਐਡੀਟਰ ਜੋ ਕਿ ਤਾਮਿਲ ਬ੍ਰਾਹਮਣ ਹੈ, ਨੇ ਸਰਸਵਤੀ ਦੀ ਇੰਟਰਵਿਊ ਕੀਤੀ, ਜੋ ਇਕ ਸੋਫ਼ੇ 'ਤੇ ਬੈਠਾ ਸੀ, ਜਦੋਂ ਕਿ ਨਰਸਿਮਹਨ ਆਪ ਫਰਸ਼ 'ਤੇ ਬੈਠਾ ਸੀ ਅਤੇ ਉਸ ਨੂੰ ਗੁਰੂਦੇਵ ਕਹਿ ਕੇ ਸੰਬੋਧਨ ਕਰ ਰਿਹਾ ਸੀ। ਨਰਸਿਮਹਨ ਨੇ ਸਰਸਵਤੀ ਨੂੰ ਐਸੇ ਸਵਾਲ ਪੁੱਛੇ, ਜਿਸ ਦੇ ਜਵਾਬ 'ਚ ਉਸ ਨੇ ਕਿਹਾ ਕਿ ਰਾਮ ਮੰਦਰ ਭਾਰਤੀਆਂ ਦੀ ਧਾਰਮਿਕ ਚੇਤਨਾ ਨੂੰ ਜਾਗਰਿਤ ਕਰੇਗਾ।

ਉਸੇ ਹਫ਼ਤੇ ਇਕ ਮਸ਼ਹੂਰ ਬ੍ਰਾਹਮਣ ਪ੍ਰਚਾਰਕ, ਧੀਰੇਂਦਰ ਕ੍ਰਿਸ਼ਨ ਸ਼ਾਸਤਰੀ ਨੇ ਇਕ ਸਰਕਾਰ ਪੱਖੀ ਟੈਲੀਵਿਜ਼ਨ ਚੈਨਲ 'ਤੇ ਕਿਹਾ ਕਿ ਮਨੂੰਸਿਮ੍ਰਤੀ "ਮਾਨਵਤਾ ਦੀ ਗੱਲ ਕਰਦੀ ਹੈ" ਅਤੇ ਜੋ ਲੋਕ ਮਨੂੰਸਿਮ੍ਰਤੀ ਨੂੰ ਹੋਰ ਤਰ੍ਹਾਂ ਪੇਸ਼ ਕਰਦੇ ਹਨ, ਉਹ "ਮਾਨਸਿਕ ਰੋਗ" ਦਾ ਸ਼ਿਕਾਰ ਹਨ। ਹਿੰਦੂਆਂ ਦਾ ਇਹ ਗ੍ਰੰਥ ਨਾ ਸਿਰਫ਼ ਜਾਤ ਪ੍ਰਣਾਲੀ ਨੂੰ ਦਰਜੇਬੰਦੀਆਂ ਅਨੁਸਾਰ ਕੋਡ ਦਾ ਰੂਪ ਦਿੰਦਾ ਹੈ, ਸਗੋਂ ਇਸ ਨੂੰ ਧਾਰਮਿਕ ਮਨਜ਼ੂਰੀ ਵੀ ਦਿੰਦਾ ਹੈ।

ਸਿਰਫ਼ ਧਾਰਮਿਕ ਆਗੂ ਹੀ ਨਹੀਂ, ਸਵਰਨ ਭਾਜਪਾ ਦੇ ਆਗੂ ਵੀ ਅੰਧਵਿਸ਼ਵਾਸ ਫੈਲਾਉਣ ਲਈ ਰਾਮ ਦਾ ਸਹਾਰਾ ਲੈ ਰਹੇ ਹਨ। 5 ਜਨਵਰੀ ਨੂੰ ਭਾਜਪਾ ਦੇ ਇਕ ਬੁਲਾਰੇ ਸੁਧਾਂਸ਼ੂ ਤ੍ਰਿਵੇਦੀ ਨੇ, ਜੋ ਕਿ ਬ੍ਰਾਹਮਣ ਹੈ, ਇਕ ਟੈਲੀਵਿਜ਼ਨ ਸ਼ੋਅ ਵਿਚ ਦਲੀਲ ਦਿੱਤੀ ਕਿ ਹਸਪਤਾਲਾਂ ਨਾਲੋਂ ਮੰਦਰਾਂ ਦੀ ਲੋੜ ਜ਼ਿਆਦਾ ਹੈ, ਕਿਉਂਕਿ ਹਸਪਤਾਲ ਸਿਰਫ਼ ਬੰਦੇ ਦੀ ਸਿਹਤ ਦਾ ਇਲਾਜ ਕਰਦੇ ਹਨ, ਜਦੋਂ ਕਿ ਮੰਦਰ ਲੋਕਾਂ ਦੇ ਚਰਿੱਤਰ ਦਾ ਨਿਰਮਾਣ ਕਰਦੇ ਹਨ। ਤ੍ਰਿਵੇਦੀ ਬਿਹਾਰ ਦੇ ਉੱਪ ਮੁੱਖ ਮੰਤਰੀ ਤੇਜਸਵੀ ਯਾਦਵ ਦਾ ਵਿਰੋਧ ਕਰ ਰਿਹਾ ਸੀ, ਜਿਸ ਨੇ ਪਹਿਲਾਂ ਕਿਹਾ ਸੀ ਕਿ ਲੋਕਾਂ ਨੂੰ ਮੰਦਰਾਂ ਨਾਲੋਂ ਹਸਪਤਾਲਾਂ ਦੀ ਲੋੜ ਜ਼ਿਆਦਾ ਹੈ। ਯਾਦਵ ਹੋਰ ਪੱਛੜੀਆਂ ਸ਼੍ਰੇਣੀਆਂ 'ਚੋਂ ਹੈ।

ਦਸੰਬਰ 2023 'ਚ ਤ੍ਰਿਵੇਦੀ ਨੇ ਸੰਸਦ ਵਿਚ ਸੁਝਾਅ ਦਿੱਤਾ ਸੀ ਕਿ ਭਾਰਤ ਦਾ ਆਰਥਿਕ ਵਿਕਾਸ ਅਤੇ ਇਸਦੀ ਗਿਰਾਵਟ ਕ੍ਰਮਵਾਰ ਰਾਮ ਜਨਮ ਭੂਮੀ ਮੁਹਿੰਮ ਦੇ ਉਭਾਰ ਅਤੇ ਗਿਰਾਵਟ ਨਾਲ ਜੁੜੀ ਹੋਈ ਹੈ। ਜਨਵਰੀ 2023 'ਚ ਜਦੋਂ ਰਾਸ਼ਟਰੀ ਜਨਤਾ ਦਲ ਦੇ ਇਕ ਆਗੂ ਚੰਦਰ ਸ਼ੇਖਰ, ਜੋ ਸ਼ੂਦਰ ਸਮਾਜ 'ਚੋਂ ਹੈ, ਨੇ ਸੋਲ੍ਹਵੀਂ ਸਦੀ ਦੇ ਬ੍ਰਾਹਮਣ ਲੇਖਕ ਤੁਲਸੀ ਦਾਸ ਦੁੱਬੇ ਦੀ ਇਸ ਲਈ ਆਲੋਚਨਾ ਕੀਤੀ ਸੀ ਕਿ ਉਸ ਨੇ ਆਪਣੀ ਮਹਾਂਕਾਵਿ ਪੁਸਤਕ ਰਾਮਚਰਿਤਮਾਨਸ ਦੇ ਇਕ ਛੰਦ ਵਿਚ ਸ਼ੂਦਰਾਂ ਦਾ ਅਪਮਾਨ ਕੀਤਾ ਸੀ, ਤਾਂ ਤ੍ਰਿਵੇਦੀ ਨੇ ਅਪਮਾਨਜਨਕ ਛੰਦ ਨੂੰ ਇਹ ਕਹਿ ਕੇ ਜਾਇਜ਼ ਠਹਿਰਾਇਆ ਕਿ ਇਸ ਦੀ ਆਲੋਚਨਾ ਕਰਨ ਵਾਲਿਆਂ ਨੂੰ ਇਸ ਦੇ ਸਹੀ ਅਰਥ ਸਮਝ ਨਹੀਂ ਆਉਂਦੇ।

ਇਕ ਪਾਸੇ ਮੁੱਖ ਧਾਰਾ ਦਾ ਮੀਡੀਆ ਰਾਮ ਮੰਦਰ ਦੇ ਨਾਂਅ 'ਤੇ ਕਿਸੇ ਵੀ ਤਰ੍ਹਾਂ ਦੇ ਬਕਵਾਸ ਦਾ ਪ੍ਰਚਾਰ-ਪ੍ਰਸਾਰ ਕਰ ਰਿਹਾ ਹੈ, ਦੂਜੇ ਪਾਸੇ ਪੱਛੜੇ ਵਰਗਾਂ ਅਤੇ ਇੱਥੋਂ ਤੱਕ ਕਿ ਸਵਰਣ ਜਾਤੀ ਦੇ ਆਗੂਆਂ ਦੇ ਤਰਕਸ਼ੀਲ ਬਿਆਨਾਂ ਨੂੰ ਤੁਰੰਤ ਰਾਜਨੀਤਕ ਅਤੇ ਵਿਵਾਦਪੂਰਨ ਕਰਾਰ ਦਿੱਤਾ ਜਾ ਰਿਹਾ ਹੈ। ਹਾਲ ਹੀ ਵਿਚ ਇਕ ਖ਼ਾਨਾਬਦੋਸ਼ ਕਬੀਲੇ ਨਾਲ ਸੰਬੰਧਤ ਰਾਸ਼ਟਰਵਾਦੀ ਕਾਂਗਰਸ ਪਾਰਟੀ ਦੇ ਇਕ ਆਗੂ ਜਤਿੰਦਰ ਅਵਹਾਦ ਨੇ ਕਿਹਾ, "ਰਾਮ ਬਹੁਜਨਾਂ ਦਾ ਹੈ। ਸ਼ਿਕਾਰ ਕਰਨ ਵਾਲਾ, ਮਾਸਾਹਾਰੀ ਰਾਮ ਸਾਡਾ ਹੈ।" ਵਾਲਮੀਕਿ ਦੀ ਰਾਮਾਇਣ ਦਾ ਹਵਾਲਾ ਦਿੰਦਿਆਂ ਆਵਦ ਨੇ ਕਿਹਾ ਕਿ ਰਾਮ ਮਾਸਾਹਾਰੀ ਸਨ, ਕਿਉਂਕਿ ਉਹ ਚੌਦਾਂ ਸਾਲ ਤੱਕ ਜੰਗਲਾਂ ਵਿਚ ਰਹੇ ਸਨ। ਹਿੰਦੂ ਧਰਮ ਉੱਪਰ ਆਪਣੀਆਂ ਵਿਸਤਾਰਤ ਲਿਖਤਾਂ ਵਿਚ ਬੀ ਆਰ ਅੰਬੇਡਕਰ ਨੇ ਵੀ ਲਿਖਿਆ ਹੈ ਕਿ ਰਾਮ ਤੇ ਕ੍ਰਿਸ਼ਨ ਵੈਦਿਕ ਦੇਵਤੇ ਨਹੀਂ ਸਨ, ਸਗੋਂ ਬ੍ਰਾਹਮਣਾਂ ਦੁਆਰਾ ਕਬਜ਼ਾ ਕੀਤੇ ਜਾਣ ਤੋਂ ਪਹਿਲਾਂ ਸਥਾਨਕ ਭਾਈਚਾਰਿਆਂ 'ਚੋਂ ਪੈਦਾ ਹੋਏ ਸੰਪਰਦਾਇ ਸਨ।

ਜਦੋਂ ਅਵਹਾਦ ਨੇ ਦਾਅਵਾ ਕੀਤਾ ਕਿ ਰਾਮ ਉਨ੍ਹਾਂ ਦੇ ਭਾਈਚਾਰੇ ਦਾ ਭਗਵਾਨ ਹੈ ਅਤੇ ਉਨ੍ਹਾਂ ਨੂੰ ਉਸ ਦੇ ਮਾਸ ਖਾਣ ਵਾਲੇ ਸੱਭਿਆਚਾਰ 'ਤੇ ਮਾਣ ਹੈ, ਤਾਂ ਮੁੱਖਧਾਰਾ ਮੀਡੀਆ ਨੇ ਤੁਰੰਤ ਉਸ ਦੇ ਬਿਆਨ ਨੂੰ ਵਿਵਾਦਪੂਰਨ ਕਹਿ ਕੇ ਤੋੜ-ਮਰੋੜ ਕੇ ਪੇਸ਼ ਕੀਤਾ। ਰਾਮਭੱਦਰਾਚਾਰੀਆ ਨੇ ਅਵਹਾਦ ਦੇ ਵਾਲਮੀਕਿ ਦੇ ਹਵਾਲੇ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ। ਉਸ ਨੇ ਕਿਹਾ ਕਿ ਜਿਸ ਅਧਿਆਏ ਦਾ ਜ਼ਿਕਰ ਅਵਹਾਦ ਨੇ ਕੀਤਾ, ਉਹ "ਪ੍ਰਾਕਸ਼ਿਪਤ" (ਯਾਨੀ ਬਾਅਦ ਵਿਚ ਜੋੜਿਆ ਗਿਆ) ਹੈ ਅਤੇ "ਇਸ ਨੂੰ ਸਬੂਤ ਵਜੋਂ ਸਵੀਕਾਰ ਨਹੀਂ ਕੀਤਾ ਜਾ ਸਕਦਾ ਹੈ।" ਇਕ ਟੈਲੀਵਿਜ਼ਨ ਸ਼ੋਅ ਵਿਚ ਤ੍ਰਿਵੇਦੀ ਨੇ ਵੀ ਕੁਝ ਇਸੇ ਤਰ੍ਹਾਂ ਸੁਝਾਅ ਦਿੰਦੇ ਹੋਏ ਕਿਹਾ ਕਿ ਸਿਰਫ਼ ਜੋ ਲੋਕ ਸੰਸਕ੍ਰਿਤ ਭਾਸ਼ਾ 'ਚ ਵੈਦਿਕ ਸਕੂਲਾਂ ਤੋਂ ਗ੍ਰੈਜੂਏਟ ਹੋਏ ਹਨ, ਉਨ੍ਹਾਂ ਨੂੰ ਹੀ ਧਾਰਮਿਕ ਪੁਸਤਕਾਂ 'ਤੇ ਟਿੱਪਣੀ ਕਰਨ ਦੇ ਯੋਗ ਮੰਨਿਆ ਜਾ ਸਕਦਾ ਹੈ। ਉਸ ਨੇ ਇਹ ਵੀ ਕਿਹਾ ਕਿ ਧਾਰਮਿਕ ਕਿਤਾਬਾਂ ਦੀ ਗੈਰ-ਬ੍ਰਾਹਮਣ ਵਿਆਖਿਆ ਸਹੀ ਨਹੀਂ ਹੈ। ਇਹ ਦਲੀਲ ਜਾਤ-ਪਾਤੀ ਸ੍ਰੇਸ਼ਟਤਾ ਵਾਲੀ ਮਾਨਸਿਕਤਾ ਦੀ ਪ੍ਰਤੀਕ ਹੈ, ਜੋ ਇਸ ਵਿਚਾਰ ਨੂੰ ਮਜ਼ਬੂਤ ਕਰਦੀ ਹੈ ਕਿ ਸਿਰਫ਼ ਬ੍ਰਾਹਮਣ ਹੀ ਧਾਰਮਿਕ ਪੁਸਤਕਾਂ ਨੂੰ ਪੜ੍ਹਨ ਅਤੇ ਪ੍ਰਚਾਰ ਕਰਨ ਦੇ ਯੋਗ ਹਨ।

ਉਸੇ ਹਫ਼ਤੇ ਰਾਮ ਜਨਮ ਭੂਮੀ ਤੀਰਥ ਖੇਤਰ, ਜੋ ਕਿ ਅਯੁੱਧਿਆ ਵਿਖੇ ਮੰਦਰ ਕੰਪਲੈਕਸ ਦੀ ਉਸਾਰੀ ਲਈ ਜ਼ਿੰਮੇਵਾਰ ਟਰੱਸਟ ਦਾ ਜਨਰਲ ਸਕੱਤਰ ਚੰਪਤ ਰਾਏ ਬਾਂਸਲ ਤਾਂ ਸੰਘ ਪਰਵਾਰ ਦੇ ਰਾਮ ਦੇ ਬਿਰਤਾਂਤ ਨੂੰ ਅੱਗੇ ਵਧਾਉਂਦਿਆਂ ਇਕ ਕਦਮ ਹੋਰ ਅੱਗੇ ਚਲਾ ਗਿਆ। ਆਪਣੇ ਪੈਰੋਕਾਰਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਬਾਂਸਲ ਨੇ ਕਿਹਾ ਸੀ ਕਿ ਰਾਮ ਪੰਜ ਸਾਲ ਦੇ ਬਾਲਕ ਹਨ ਅਤੇ ਇਸੇ ਕਾਰਨ ਨਵੇਂ ਮੰਦਰ ਵਿਚ ਰਾਮ ਦੇ ਨਾਲ ਸੀਤਾ ਦੀ ਮੂਰਤੀ ਨਹੀਂ ਲਗਾਈ ਜਾਵੇਗੀ। ਬਾਂਸਲ ਇਕ ਔਰਤ ਪੈਰੋਕਾਰ ਦੇ ਸਵਾਲ ਦਾ ਜਵਾਬ ਦੇ ਰਿਹਾ ਸੀ, ਜਿਸ ਨੇ ਪੁੱਛਿਆ ਸੀ, "ਕੀ ਸਾਡੀ ਜਾਨਕੀ ਜੀ ਮੰਦਰ ਵਿਚ ਨਹੀਂ ਰਹੇਗੀ?" ਬਾਂਸਲ ਨੇ ਕਿਹਾ ਕਿ ਸੀਤਾ ਦੀ ਮੂਰਤੀ ਰਾਮ ਦੇ ਤਿੰਨ ਹੋਰ ਭਰਾਵਾਂ ਦੇ ਨਾਲ ਮੰਦਰ ਦੀ ਦੂਜੀ ਮੰਜ਼ਲ 'ਤੇ ਲਗਾਈ ਜਾਵੇਗੀ, ਜਦੋਂ ਕਿ ਰਾਮ ਦੀ ਮੂਰਤੀ ਪਹਿਲੀ ਮੰਜ਼ਲ 'ਤੇ ਇਕੱਲੀ ਲਗਾਈ ਜਾਵੇਗੀ। ਬਾਂਸਲ ਨਾ ਸਿਰਫ਼ ਭਗਵਾਨ ਦਾ ਸਰਪ੍ਰਸਤ ਬਣ ਰਿਹਾ ਸੀ, ਸਗੋਂ ਰਾਮ ਦੀ ਉਮਰ ਵੀ ਤੈਅ ਕਰ ਰਿਹਾ ਸੀ।

ਰਾਮ ਦੇ "ਹਮੇਸ਼ਾ ਬਾਲਕ ਰਹਿਣ" ਬਾਰੇ ਸੁਪਰੀਮ ਕੋਰਟ 'ਚ ਵੀ ਲੰਮੀ ਬਹਿਸ ਹੋਈ। ਰਾਮ ਨੂੰ ਮਨੁੱਖਾਂ ਵਰਗੇ ਅਧਿਕਾਰਾਂ ਵਾਲੇ ਨਿਆਂਇਕ ਵਿਅਕਤੀਤਵ ਦੇ ਰੂਪ 'ਚ ਸਵੀਕਾਰ ਕੀਤਾ ਗਿਆ, ਪਰ ਉਸ ਦੇ ਹਮੇਸ਼ਾ ਬਾਲਕ ਅਵਸਥਾ 'ਚ ਰਹਿਣ ਦੀ ਸਥਿਤੀ ਨੂੰ ਸੀਮਤ ਕਰ ਦਿੱਤਾ ਗਿਆ। ਇਸ ਦਾ ਮਤਲਬ ਇਹ ਸੀ ਕਿ ਰਾਮ ਸਦਾ ਲਈ ਬਾਲਕ ਅਵਸਥਾ 'ਚ ਨਹੀਂ ਰਹਿ ਸਕਦੇ। ਸਿਰਫ਼ ਰਾਮ ਦੀ ਬਾਲਕ ਅਵਸਥਾ ਦੇ ਕਰਕੇ ਹੀ ਹਿੰਦੂ ਮੁਕੱਦਮਾ ਪੱਖ ਭਗਵਾਨ ਦੀ ਤਰਫ਼ੋਂ ਕੇਸ ਲੜਨ ਦੇ ਯੋਗ ਸੀ। ਬੈਂਚ ਨੇ ਆਪਣੇ ਫ਼ੈਸਲੇ ਵਿਚ ਲਿਖਿਆ, "ਇਕ ਭਗਵਾਨ ਦੀ ਨਾਬਾਲਗ ਦੇ ਰੂਪ 'ਚ ਕਾਨੂੰਨੀ ਕਲਪਨਾ ਭਗਵਾਨ ਦੀ ਆਪਣੇ ਆਪ ਕਾਨੂੰਨੀ ਕਾਰਵਾਈ ਸ਼ੁਰੂ ਕਰਨ 'ਚ ਅਸਮਰੱਥਾ ਨੂੰ ਦੂਰ ਕਰਨ ਲਈ ਘੜੀ ਗਈ ਹੈ।" ਇਸ ਅਪਾਹਜਪਣ ਉੱਪਰ ਕਾਬੂ ਪਾਉਣ ਲਈ ਇਕ ਮਨੁੱਖੀ ਏਜੰਟ ਵੱਲੋਂ ਭਗਵਾਨ ਦੀ ਤਰਫ਼ੋਂ ਕਾਨੂੰਨੀ ਕਾਰਵਾਈ ਸ਼ੁਰੂ ਕਰਨੀ ਜ਼ਰੂਰੀ ਹੈ। ਹਾਲਾਂਕਿ ਸੀਮਤਾਈ ਦੇ ਕਾਨੂੰਨ ਦੀ ਅਮਲਦਾਰੀ ਤੋਂ ਭਗਵਾਨ ਨੂੰ ਛੋਟ ਦੇਣ ਲਈ ਕਲਪਨਾ ਦਾ ਵਿਸਤਾਰ ਨਹੀਂ ਕੀਤਾ ਗਿਆ ਹੈ।"

ਫਿਰ ਵੀ ਟਰੱਸਟ ਨੇ ਰਾਮ ਨੂੰ ਉਮਰ ਦੇ ਦਿੱਤੀ ਹੈ। ਹਾਲਾਂਕਿ ਅਸਲ ਸਵਾਲ ਇਹ ਹੈ ਕਿ ਕੀ ਟਰੱਸਟ ਕੇਂਦਰ ਸਰਕਾਰ ਦੁਆਰਾ ਉਸ ਨੂੰ ਦਿੱਤੀ ਗਈ ਸੱਤਰ ਏਕੜ ਜ਼ਮੀਨ ਅਤੇ ਰਾਮ ਦੇ ਨਾਂਅ 'ਤੇ ਖ਼ਰੀਦੀ ਗਈ ਵਾਧੂ ਜ਼ਮੀਨ ਰਾਮ ਦੇ ਬਾਲਗ ਹੋਣ 'ਤੇ ਭਗਵਾਨ ਨੂੰ ਵਾਪਸ ਕਰੇਗਾ ਜਾਂ ਇਹ ਉਸ ਦਾ ਨਿਗਰਾਨ ਬਣਿਆ ਰਹੇਗਾ? ਇਸ ਤੋਂ ਇਲਾਵਾ ਇਹ ਫ਼ੈਸਲਾ ਕੌਣ ਕਰੇਗਾ ਕਿ ਰਾਮ ਕਦੋਂ ਬਾਲਗ ਹੋਵੇਗਾ, ਇਸ ਬਾਰੇ ਕਦੇ ਵੀ ਜਨਤਕ ਤੌਰ 'ਤੇ ਗੱਲ ਨਹੀਂ ਕੀਤੀ ਗਈ। ਇਸ ਬਾਰੇ ਮੀਡੀਆ ਵੱਲੋਂ ਵੀ ਕੋਈ ਚਰਚਾ ਨਹੀਂ ਕੀਤੀ ਗਈ ਹੈ।

ਫਰਵਰੀ 2022 'ਚ, ਉੱਤਰ ਪ੍ਰਦੇਸ਼ ਵਿਚ ਵਿਧਾਨ ਸਭਾ ਚੋਣ ਮੁਹਿੰਮ ਦੌਰਾਨ ਬਾਂਸਲ ਨੇ ਕਿਹਾ ਸੀ ਕਿ ਭਾਜਪਾ ਨੂੰ "ਰਾਮ ਮੰਦਰ ਦੇ ਨਿਰਮਾਣ ਦਾ ਸਿਹਰਾ ਲੈਣ ਦਾ ਪੂਰਾ ਹੱਕ ਹੈ" ਅਤੇ ਨਾਗਰਿਕਾਂ ਨੂੰ ਅਜਿਹੇ ਲੋਕਾਂ ਨੂੰ ਵੋਟ ਪਾਉਣੀ ਚਾਹੀਦੀ ਹੈ। ਇਹ ਟਰੱਸਟ ਵੱਲੋਂ ਨਿਰੋਲ ਸਿਆਸੀ ਬਿਆਨ ਸੀ, ਜਿਸ ਨੇ ਅਦਾਲਤ ਵਿਚ ਇਕ ਨਿੱਜੀ ਸੰਸਥਾ ਹੋਣ ਦਾ ਦਾਅਵਾ ਕੀਤਾ ਸੀ। ਫਿਰ ਵੀ ਕਿਸੇ ਵੀ ਮੀਡੀਆ ਨੇ ਬਾਂਸਲ ਦੇ ਬਿਆਨ ਨੂੰ ਸਿਆਸੀ ਜਾਂ ਵਿਵਾਦਪੂਰਨ ਨਹੀਂ ਕਿਹਾ। ਦਸੰਬਰ 2023 'ਚ ਰਾਮ ਕੀ ਪੈੜੀ ਕੋਲ ਚੱਲ ਰਹੇ ਇਕ ਟੈਲੀਵਿਜ਼ਨ ਸ਼ੋਅ ਵਿਚ ਬਾਂਸਲ ਨੇ ਸਿਆਸੀ ਹੰਕਾਰ ਨਾਲ ਕਿਹਾ, "ਜੇਕਰ ਵਿਰੋਧੀ ਧਿਰ ਦੇ ਆਗੂ ਚੁੱਪ ਰਹਿਣਗੇ ਤਾਂ ਉਨ੍ਹਾਂ ਲਈ ਇਹੀ ਚੰਗਾ ਹੋਵੇਗਾ। ਜੇਕਰ ਤੁਸੀਂ ਚੁੱਪ ਰਹੋਗੇ ਤਾਂ ਤੁਹਾਡਾ ਸੱਦਾ ਪੱਤਰ ਆ ਸਕਦਾ ਹੈ।"

ਟਰੱਸਟ ਨੂੰ ਆਉਂਦੀ ਮਾਇਆ ਉੱਪਰ ਟੈਕਸ ਛੋਟ ਵੀ ਹਾਸਲ ਹੈ, ਜੋ ਮਾਰਚ 2023 ਤੱਕ 3000 ਕਰੋੜ ਰੁਪਏ ਤੋਂ ਵੱਧ ਸੀ। ਟਰੱਸਟ ਜਿਸ ਤਰ੍ਹਾਂ ਮੰਦਰ ਨੂੰ ਕੰਟਰੋਲ ਕਰਦਾ ਹੈ ਅਤੇ ਭਗਵਾਨ ਦੀ ਤਰਫ਼ੋਂ ਫ਼ੈਸਲੇ ਲੈਂਦਾ ਹੈ, ਉਹ ਹੁਣ ਬਹੁਤ ਸਪੱਸ਼ਟ ਹੈ। ਜਨਵਰੀ 2023 'ਚ, ਰਾਜਪੂਤ ਭਾਈਚਾਰੇ ਦੇ ਇਕ ਰਾਸ਼ਟਰੀ ਜਨਤਾ ਦਲ ਦੇ ਨੇਤਾ, ਜਗਦਾਨੰਦ ਸਿੰਘ ਨੇ ਵੀ ਇਹੀ ਗੱਲ ਕਹੀ ਸੀ ਕਿ ਰਾਮ ਦਾ ਸ਼ਰਧਾਲੂ ਹੋਣ ਦੇ ਨਾਤੇ ਉਸ ਨੂੰ ਇਹ ਦੇਖ ਕੇ ਦੁੱਖ ਹੋਇਆ ਕਿ ਕਿਵੇਂ ਭਗਵਾਨ ਉੱਪਰ ਰਾਜਨੀਤਕ ਲਾਹੇ ਲਈ ਕਬਜ਼ਾ ਕਰ ਲਿਆ ਗਿਆ ਹੈ। "ਰਾਮ ਨੂੰ ਇਕ ਆਲੀਸ਼ਾਨ ਇਮਾਰਤ ਵਿਚ ਕੈਦ ਕਰ ਦਿੱਤਾ ਗਿਆ ਹੈ" ਉਸ ਨੇ ਕਿਹਾ। "ਪਹਿਲਾਂ ਉਹ ਇਸ ਰਾਸ਼ਟਰ ਦੇ ਕਣ-ਕਣ ਵਿਚ ਰਹਿੰਦੇ ਸਨ। ਭਾਰਤ ਹੁਣ ਰਾਮ ਦਾ ਨਹੀਂ ਹੋਵੇਗਾ, ਰਾਮ ਦਾ ਸਿਰਫ਼ ਇਕ ਮੰਦਰ ਹੋਵੇਗਾ।" ਮੀਡੀਆ ਨੇ ਇਸ ਬਿਆਨ ਨੂੰ ਵੀ ਵਿਵਾਦਗ੍ਰਸਤ ਕਰਾਰ ਦਿੱਤਾ, ਹਾਲਾਂਕਿ ਇਹ ਬਿਆਨ ਹਿੰਦੂਆਂ ਲਈ ਇਕ ਚੇਤਾਵਨੀ ਤੋਂ ਸਿਵਾਏ ਕੁਝ ਨਹੀਂ ਸੀ ਕਿ ਉਹ ਰਾਮ ਨੂੰ ਇਕ ਸਥਾਨ ਤੱਕ ਸੀਮਤ ਰੱਖਣ ਦੇ ਰਾਜਨੀਤਕ ਪ੍ਰਚਾਰ ਤੋਂ ਖ਼ੁਦ ਨੂੰ ਰੋਕਣ।

ਇਸੇ ਤਰ੍ਹਾਂ, ਨਵੰਬਰ 2023 'ਚ ਸਮਾਜਵਾਦੀ ਪਾਰਟੀ ਦੇ ਇਕ ਪੱਛੜੀਆਂ ਸ਼੍ਰੇਣੀਆਂ ਨਾਲ ਸੰਬੰਧਤ ਆਗੂ ਸਵਾਮੀ ਪ੍ਰਸਾਦ ਮੌਰੀਆ ਨੇ 22 ਜਨਵਰੀ ਨੂੰ ਭਗਵਾਨ ਰਾਮ ਦੀ ਮੂਰਤੀ ਲਗਾਉਣ ਲਈ ਟਰੱਸਟ ਦੁਆਰਾ ਆਯੋਜਿਤ ਕੀਤੀ ਜਾ ਰਹੀ ਰਸਮ 'ਤੇ ਸਵਾਲ ਚੁੱਕੇ। ਟਰੱਸਟ ਨੇ ਰਾਮ ਦੀ ਮੂਰਤੀ ਦੀ ਸਥਾਪਨਾ ਨੂੰ "ਪ੍ਰਾਣ ਪ੍ਰਤਿਸ਼ਠਾ" ਦਾ ਨਾਂਅ ਦਿੱਤਾ ਹੈ-ਜਿਸ ਦਾ ਸ਼ਾਬਦਿਕ ਅਰਥ ਹੈ ਕਿਸੇ ਮੂਰਤੀ ਵਿਚ ਜਾਨ ਪਾਉਣਾ। ਮੌਰੀਆ ਨੇ ਕਿਹਾ, "ਤੁਸੀਂ ਉਸ ਵਿਚ ਜਾਨ ਕਿਵੇਂ ਪਾ ਸਕਦੇ ਹੋ, ਜਿਸ ਦੀ ਹਜ਼ਾਰਾਂ ਸਾਲਾਂ ਤੋਂ ਪੂਜਾ ਕੀਤੀ ਜਾ ਰਹੀ ਹੈ? ਕੀ ਇਹ ਇਸ ਲਈ ਹੈ, ਕਿਉਂਕਿ ਤੁਸੀਂ ਇਹ ਦਿਖਾਉਣਾ ਚਾਹੁੰਦੇ ਹੋ ਕਿ ਤੁਸੀਂ ਭਗਵਾਨ ਤੋਂ ਉੱਪਰ ਹੋ?" ਇਹ ਇਕ ਵਾਜਬ ਸਵਾਲ ਸੀ, ਜਿਸ ਨੂੰ ਰਾਮ ਦਾ ਕੋਈ ਵੀ ਵਫ਼ਾਦਾਰ ਸ਼ਰਧਾਲੂ ਪੁੱਛਣਾ ਚਾਹੇਗਾ। ਮੀਡੀਆ ਨੇ ਮੌਰੀਆ ਨੂੰ ਵੀ ਵਿਵਾਦ ਖੜ੍ਹੇ ਕਰਨ ਵਾਲਾ ਕਰਾਰ ਦੇ ਦਿੱਤਾ।

ਮੀਡੀਆ ਅਤੇ ਭਾਜਪਾ ਦੇ ਆਗੂ ਬ੍ਰਾਹਮਣੀ ਸਰਦਾਰੀ, ਅੰਧਵਿਸ਼ਵਾਸ, ਸਿਆਸੀ ਹਿੰਦੂਵਾਦ ਅਤੇ ਰਾਮ ਦੀ ਕੱਟੜ ਤਸਵੀਰ ਦਾ ਪ੍ਰਚਾਰ ਕਰਕੇ ਹਿੰਦੂਆਂ ਦੀ ਬੁੱਧੀ ਨੂੰ ਕਮਜ਼ੋਰ ਕਰ ਰਹੇ ਹਨ। ਆਪਣੇ ਜਾਤੀ ਵਿਸ਼ੇਸ਼ ਅਧਿਕਾਰਾਂ ਨੂੰ ਬਰਕਰਾਰ ਰੱਖਣ ਦੀ ਕੋਸ਼ਿਸ਼ 'ਚ ਉਹ ਇਕ ਦਬੂ ਵਸੋਂ ਪੈਦਾ ਕਰ ਰਹੇ ਹਨ, ਜੋ ਇਕ ਬਰਾਬਰੀ ਵਾਲੇ ਅਤੇ ਸਿਹਤਮੰਦ ਸਮਾਜ ਲਈ ਚੰਗੀ ਗੱਲ ਨਹੀਂ ਹੈ।

**ਅਨੁਵਾਦ : ਬੂਟਾ ਸਿੰਘ ਮਹਿਮੂਦਪੁਰ**

**ਸੁਕੀਰਤ**

# ਆਨੰਦ ਜੋੜੀ ਸਿਮਰਤੀ ਪੁਰਸਕਾਰ ਸਮਾਗਮ 17 ਮਾਰਚ ਨੂੰ

2019 ਤੋਂ ਸ਼ੁਰੂ ਕਰਕੇ ਹਰ ਸਾਲ ਕਾਮਰੇਡ ਜਗਜੀਤ ਸਿੰਘ ਆਨੰਦ ਦੀ ਯਾਦ ਵਿਚ ਪੱਤਰਕਾਰੀ ਵਿਚ ਸ਼ਲਾਘਾਯੋਗ ਹਿੱਸਾ ਪਾਉਣ ਵਾਲੇ ਪੱਤਰਕਾਰ ਨੂੰ 51,000 ਰੁਪਏ ਦਾ ਅਤੇ ਉਰਮਿਲਾ ਆਨੰਦ ਦੀ ਯਾਦ ਵਿਚ ਸਾਲ ਵਿਚ ਛਪੀਆਂ ਸਾਰੀਆਂ ਕਹਾਣੀਆਂ ਵਿਚੋਂ ਬਿਹਤਰੀਨ ਚੁਣੀ ਗਈ ਕਹਾਣੀ ਦੇ ਲੇਖਕ ਨੂੰ 21,000 ਰੁਪਏ ਦਾ ਪੁਰਸਕਾਰ ਦਿੱਤਾ ਜਾਂਦਾ ਹੈ। ਹੁਣ ਤੱਕ ਇਸ ਲੜੀ ਤਹਿਤ ਪੱਤਰਕਾਰੀ ਵਿਚ ਸ਼ਲਾਘਾਯੋਗ ਦੇਣ ਲਈ ਸ਼ਿਵਿੰਦਰ ਸਿੰਘ ਨੂੰ (2019 ), ਪ੍ਰਭਜੀਤ ਸਿੰਘ ਨੂੰ ( 2020) , ਸਵਰਾਜਬੀਰ ਨੂੰ (2021) ਜਤਿੰਦਰ ਕੌਰ ਤੁੜ ਨੂੰ (2022) ਅਤੇ ਚਰਨਜੀਤ ਭੁੱਲਰ ਨੂੰ 2023 ਵਿਚ ਜਗਜੀਤ ਸਿੰਘ ਆਨੰਦ ਸਿਮਰਤੀ ਪੁਰਸਕਾਰ ਨਾਲ ਸਨਮਾਨਿਆ ਜਾ ਚੁੱਕਾ ਹੈ। ਏਸੇ ਤਰ੍ਹਾਂ ਉਰਮਿਲਾ ਆਨੰਦ ਸਿਮਰਤੀ ਪੁਰਸਕਾਰ ਨਾਲ 2019 ਦੀ ਬਿਹਤਰੀਨ ਕਹਾਣੀ ਲਈ ਬਲਵਿੰਦਰ ਗਰੇਵਾਲ ਨੂੰ ਉਨ੍ਹਾ ਦੀ ਕਹਾਣੀ 'ਡਬੋਲੀਆ' ਲਈ, 2020 ਵਿਚ ਬਿੰਦਰ ਬਸਰਾ ਨੂੰ ਕਹਾਣੀ 'ਕੱਲ੍ਹ ਵੀ ਆਉਣੈ' ਲਈ, 2021 ਵਿਚ ਹਰਪ੍ਰੀਤ ਸੇਖਾ ਨੂੰ ਕਹਾਣੀ 'ਉਹ ਰਾਤ' ਲਈ, 2022 ਵਿਚ ਅਲੀ ਉਸਮਾਨ ਬਾਜਵਾ ਨੂੰ 'ਤਪਦੀ ਛਾਂ' ਲਈ ਅਤੇ 2023 ਵਿਚ ਬਲਿਜੀਤ ਨੂੰ ਕਹਾਣੀ 'ਨੂਣ' ਲਈ ਸਨਮਾਨਿਆ ਜਾ ਚੁੱਕਾ ਹੈ।

ਇਨ੍ਹਾਂ ਪੁਰਸਕਾਰਾਂ ਨੂੰ ਵਿਓਂਤਣ ਸਮੇਂ ਸਭ ਤੋਂ ਔਖਾ ਕੰਮ ਨਿਰਪੱਖ ਹੋ ਕੇ ਸਹੀ ਹੱਕਦਾਰ ਦੀ ਚੋਣ ਕਰ ਸਕਣਾ ਹੈ। ਪੱਤਰਕਾਰੀ ਵਿਚ ਸ਼ਲਾਘਾਯੋਗ ਦੇਣ ਲਈ ਸਾਡੀ ਕੋਸ਼ਿਸ਼ ਰਹੀ ਹੈ ਕਿ ਉਨ੍ਹਾਂ ਪੱਤਰਕਾਰਾਂ ਨੂੰ ਸਨਮਾਨਿਆ ਜਾਵੇ, ਜੋ ਕਾਲਮ ਨਵੀਸ ਜਾਂ ਸੰਪਾਦਕ ਨਹੀਂ, ਬਲਕਿ ਖਬਰਾਂ ਲੱਭਣ ਅਤੇ ਨਸ਼ਰ ਕਰਨ ਲਈ ਸਰਗਰਮ ਹੋ ਕੇ ਕਿਸੇ ਇਲਾਕੇ ਜਾਂ ਸੰਦਰਭ ਵਿਸ਼ੇਸ਼ ਤਹਿਤ ਕੰਮ ਕਰਦੇ ਹਨ। ਪੱਤਰਕਾਰੀ ਦੇ ਖੇਤਰ ਦੇ ਇਹ ਉਹ ਜਾਂਬਾਜ਼ ਸਿਪਾਹੀ ਹੀ ਹਨ, ਜੋ ਆਪਣੀ ਮਿਹਨਤ ਅਤੇ ਤਿੱਖੀ ਨਜ਼ਰ ਤੇ ਪੜਚੋਲ ਰਾਹੀਂ ਸਾਡਾ ਧਿਆਨ ਉਨ੍ਹਾਂ ਗੱਲਾਂ ਵੱਲ ਦੁਆਉਂਦੇ ਹਨ, ਜੋ ਜਾਂ ਤਾਂ ਅਣਗੌਲੀਆਂ ਹੀ ਰਹਿ ਜਾਂਦੀਆਂ ਹਨ ਜਾਂ ਜਿਨ੍ਹਾਂ ਨੂੰ ਢੱਕਣ-ਦਫ਼ਨਾਉਣ ਦੇ ਉਪਰਾਲੇ ਲਗਾਤਾਰ ਕੀਤੇ ਜਾਂਦੇ ਹਨ। ਇਸ ਵਾਰ ਪੱਤਰਕਾਰੀ ਵਿਚ ਸ਼ਲਾਘਾਯੋਗ ਦੇਣ ਲਈ ਜਗਜੀਤ ਸਿੰਘ ਆਨੰਦ ਸਿਮਰਤੀ ਪੁਰਸਕਾਰ ਨਾਲ ਇਸ ਸਮੇਂ ਕੈਨੇਡਾ ਵਾਸੀ ਉੱਘੀ ਪੱਤਰਕਾਰ ਨਵਜੋਤ ਢਿੱਲੋਂ ਨੂੰ ਸਨਮਾਨਿਆ ਜਾਵੇਗਾ, ਜਿਸ ਨੇ ਓਥੋਂ ਦੇ ਭਾਰਤੀ ਭਾਈਚਾਰੇ ਵਿੱਚ ਪ੍ਰਚੱਲਤ ਸਮਾਜਿਕ ਕੁਰੀਤੀਆਂ ਅਤੇ ਵਿਤਕਰੇ ਬਾਰੇ ਸੰਵਾਦੀ ਪ੍ਰੋਗਰਾਮ ਕਰਵਾਉਣ ਦਾ ਮੁੱਢ ਬੰਨ੍ਹਿਆ । ਆਮ ਤੌਰ ਉੱਤੇ ਸਾਡੇ ਸਮਾਜ ਵਿਚ ਨਾ ਛੋਹੇ ਜਾਂ ਲੁਕਾਏ ਜਾਂਦੇ ਵਿਸ਼ਿਆਂ ਵੱਲ ਧਿਆਨ ਦੁਆਣ ਅਤੇ ਉਨ੍ਹਾਂ ਬਾਰੇ ਗੱਲਬਾਤ ਛੇੜਨ ਦਾ ਉਹ ਵਡਮੁੱਲਾ ਕਾਰਜ ਕਰ ਰਹੇ ਹਨ।

ਏਸੇ ਤਰ੍ਹਾਂ, ਜਦੋਂ ਅਸੀਂ ਉਰਮਿਲਾ ਜੀ ਦੀ ਯਾਦ ਵਿਚ ਸਾਲ ਦੀ ਬਿਹਤਰੀਨ ਕਹਾਣੀ ਨੂੰ ਪੁਰਸਕਾਰਨ ਦਾ ਫੈਸਲਾ ਲਿਆ, ਸਾਡੇ ਸਾਹਮਣੇ ਇਕੋ-ਇਕ ਟੀਚਾ ਸੀ ਕਿ ਇਸ ਪੁਰਸਕਾਰ ਉਤੇ ਕਿਸੇ ਕਿਸਮ ਦਾ ਪੱਖਪਾਤੀ ਪਰਛਾਵਾਂ ਬਿਲਕੁਲ ਨਾ ਹੋਵੇ, ਏਥੋਂ ਤੱਕ ਕਿ ਸਾਡੀ ਆਪਣੀ ਨਿੱਜੀ ਰਾਏ ਦਾ ਵੀ ਨਹੀਂ। ਲੰਮੇ ਰਾਏ-ਮਸ਼ਵਰੇ ਅਤੇ ਕਈ ਸਲਾਹਾਂ-ਬਹਿਸਾਂ ਤੋਂ ਮਗਰੋਂ ਉਰਮਿਲਾ ਆਨੰਦ ਯਾਦਗਾਰੀ ਪੁਰਸਕਾਰ ਲਈ ਸਾਲ ਦੀਆਂ ਵਿਚ ਛਪੀਆਂ ਸਭ ਤੋਂ ਵਧੀਆ ਕਹਾਣੀਆਂ ਦੀ ਨਿਸ਼ਾਨਦੇਹੀ ਕਰਨ ਲਈ ਅਸੀਂ ਜਿਹੜੀ ਵਿਧੀ ਅਪਨਾਈ ਹੋਈ ਹੈ, ਉਸ ਦਾ ਵੇਰਵਾ ਇਉਂ ਹੈ :

ਹਰ ਵਰ੍ਹੇ ਦੇ ਮੁੱਢਲੇ ਦਿਨਾਂ ਵਿਚ ਪੰਜਾਬੀ ਦੇ ਸੱਤ ਅਦੀਬਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਸਾਲ ਭਰ ਵਿਚ ਛਪਣ ਵਾਲੀਆਂ ਸਾਰੀਆਂ ਕਹਾਣੀਆਂ ਇਸ ਨਜ਼ਰ ਨਾਲ ਪੜ੍ਹਨ ਕਿ ਸਾਲ ਦੇ ਅੰਤ ਵਿਚ ਆਪਣੀਆਂ ਚੋਣਵੀਆਂ ਕਹਾਣੀਆਂ ਦੀ ਸਿਫ਼ਾਰਿਸ਼ ਸਾਨੂੰ ਭੇਜ ਸਕਣ। ਪਹਿਲੇ ਚਾਰ ਸਾਲ ਅਸੀਂ ਇਸ ਪਰਖ ਕਮੇਟੀ ਦੇ ਹਰ ਮੈਂਬਰ ਕੋਲੋਂ ਸਿਰਫ ਦੋ-ਦੋ ਕਹਾਣੀਆਂ ਮੰਗਦੇ ਰਹੇ, ਪਰ ਹੁਣ ਪਿਛਲੇ ਦੋ ਸਾਲਾਂ ਤੋਂ ਮੁੱਢਲੇ ਚੋਣ ਘੇਰੇ ਨੂੰ ਵਿਸ਼ਾਲ ਕਰਨ ਲਈ ਸਭਨਾਂ ਨੂੰ ਆਪੋ-ਆਪਣੀ ਪਸੰਦ ਦੀਆਂ ਪੰਜ-ਪੰਜ ਕਹਾਣੀਆਂ ਭੇਜਣ ਲਈ ਕਿਹਾ ਜਾਂਦਾ ਹੈ। ਇਨ੍ਹਾਂ ਸੱਤ ਨਾਂਵਾਂ ਵਿਚ ਪੰਜਾਬੀ ਦੇ ਪ੍ਰਸਿੱਧ ਕਹਾਣੀਕਾਰ, ਆਲੋਚਕ ਅਤੇ ਸੰਪਾਦਕ ਸ਼ਾਮਲ ਹੁੰਦੇ ਹਨ, ਪਰ ਇਨ੍ਹਾਂ ਸੱਤਾਂ 'ਚੋਂ ਕਿਸੇ ਨੂੰ ਵੀ ਨਹੀਂ ਦੱਸਿਆ ਜਾਂਦਾ ਕਿ ਬਾਕੀ ਦੇ ਛੇ ਕੌਣ ਹਨ। ਪੰਜਾਬੀ ਅਦਬ ਨਾਲ ਵੱਖੋ-ਵੱਖ ਖੇਤਰਾਂ ਰਾਹੀਂ ਜੁੜੇ ਇਨ੍ਹਾਂ ਚੋਣਕਾਰਾਂ ਰਾਹੀਂ ਕਰਾਈ ਗਈ ਇਹ ਸਮੂਹਕ ਚੋਣ ਇਸ ਗੱਲ ਦਾ ਵੀ ਉਪਰਾਲਾ ਹੈ ਕਿ ਪੁਰਸਕਾਰ ਲਈ ਸੁਯੋਗ ਕੋਈ ਵੀ ਕਹਾਣੀ ਕਿਤੇ ਨਜ਼ਰੋਂ ਉਕ ਨਾ ਜਾਵੇ। ਸਾਲ ਭਰ ਦੇ ਪਰਚਿਆਂ ਵਿਚ ਛਪਣ ਵਾਲੀ ਹਰ ਕਹਾਣੀ ਨੂੰ ਪੜ੍ਹ ਸਕਣਾ ਕਿਸੇ ਵਿਰਲੇ ਦੇ ਹੀ ਹਿਸੇ ਆਉਂਦਾ ਹੈ, ਪਰ ਸੱਤ ਚੇਤੰਨ ਸਾਹਿਤ-ਰਸੀਆਂ ਦੀ ਮਦਦ ਨਾਲ ਅਸੀ ਇਸ ਕਿਸਮ ਦੀ ਉਕਾਈ ਦੀ ਸੰਭਾਵਨਾ ਨੂੰ ਵੀ ਤਕਰੀਬਨ ਖਾਰਜ ਹੀ ਕਰ ਦੇਣ ਦੀ ਕੋਸ਼ਿਸ਼ ਕੀਤੀ ਹੈ। ਇਨ੍ਹਾ ਸੱਤ ਪਾਰਖੂਆਂ ਕੋਲੋਂ ਮਿਲਣ ਵਾਲੀ ਮੁੱਢਲੀ ਸੂਚੀ ਨੂੰ ਮੇਲ ਕੇ, ਉਸ ਦੇ ਸਾਂਝੇ ਨਿਚੋੜ ਰਾਹੀਂ ਸਭ ਤੋਂ ਉਪਰ

ਨਿੱਤਰ ਕੇ ਆਉਣ ਵਾਲੀਆਂ ਕਹਾਣੀਆਂ ਨੂੰ ਪੁਰਸਕਾਰ ਲਈ ਤਾਂ ਵਿਚਾਰਿਆ ਜਾਂਦਾ ਹੀ ਹੈ, ਉਨ੍ਹਾਂ ਨੂੰ ਵਰ੍ਹੇ ਦੀਆਂ





ਪ੍ਰਤੀਨਿਧ ਕਹਾਣੀਆਂ ਵਜੋਂ ਪੁਸਤਕ ਰੂਪ ਵਿਚ ਪ੍ਰਕਾਸ਼ਤ ਵੀ ਕੀਤਾ ਜਾਂਦਾ ਹੈ।

ਇਨ੍ਹਾ ਸੱਤ ਚੋਣਕਾਰਾਂ ਦੀ ਫਹਿਰਿਸਤ ਵਿਚ ਵੀ ਕੁਝ ਤਬਦੀਲੀਆਂ ਹਰ ਸਾਲ ਜ਼ਰੂਰ ਕੀਤੀਆਂ ਜਾਂਦੀਆਂ ਹਨ। ਇਵੇਂ ਕਰਨ ਪਿੱਛੇ ਸਾਡੀ ਭਾਵਨਾ ਇਹ ਹੈ ਕਿ ਹਰ ਵਰ੍ਹੇ ਇਕੋ ਕਿਸਮ ਦਾ ਸੁਹਜ ਜਾਂ ਪਰਖ-ਢੰਗ ਕਹਾਣੀਆਂ ਦੀ ਚੋਣ ਉਤੇ ਹਾਵੀ ਨਾ ਹੁੰਦਾ ਰਹੇ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸੱਤ ਚੋਣਕਾਰਾਂ ਦੀ ਨਿੱਜੀ ਪਸੰਦ ਬਣ ਕੇ ਉਭਰੀਆਂ ਕਹਾਣੀਆਂ ਕਿਸੇ ਨੂੰ ਉਨੀ, ਕਿਸੇ ਨੂੰ ਇੱਕੀ ਜਾਪ ਸਕਦੀਆਂ ਹਨ, ਕਿਉਂਕਿ ਕਿਸੇ ਵੀ ਕਲਾਤਮਕ ਜਾਂ ਸਾਹਿਤਕ ਕਿਰਤ ਨੂੰ ਪਰਖਣ ਦੀ ਕਸੌਟੀ ਕਦੀ ਵੀ ਇਕਸਾਰ ਨਹੀਂ ਹੁੰਦੀ, ਨਾ ਹੋ ਸਕਦੀ ਹੈ। ਆਪੋ ਆਪਣੀ ਸੁਹਜ-ਪ੍ਰਣਾਲੀ ਅਤੇ ਪੜ੍ਹਤ-ਢੰਗ ਮੁਤਾਬਕ ਹਰ ਪਾਠਕ/ ਆਲੋਚਕ ਆਪਣੀ ਪਸੰਦ ਦਾ ਮਾਲਕ ਆਪ ਹੁੰਦਾ ਹੈ। ਅਸੀ ਆਪਣੇ ਨਿੱਜੀ ਸੰਬੰਧਾਂ ਤੋਂ ਉਪਰ ਉਠ ਕੇ ਨਿਰਪੱਖ ਨਿਰੀਖਣ ਦੀ ਯੋਗਤਾ ਹਾਸਲ ਕਰ ਵੀ ਲਈਏ, ਪਰਖ ਅਸੀਂ ਆਪਣੇ ਨਿੱਜੀ ਦ੍ਰਿਸ਼ਟੀਕੋਣ ਅਤੇ ਸੁਹਜ-ਸੂਝ ਦੀਆਂ ਸੀਮਾਵਾਂ ਅੰਦਰ ਰਹਿ ਕੇ ਹੀ ਕਰ ਸਕਦੇ ਹਾਂ ਅਤੇ ਹੋਣਾ ਵੀ ਇੰਜ ਹੀ ਚਾਹੀਦਾ ਹੈ, ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਇਸ ਸਮੂਹਕ ਉਪਰਾਲੇ ਨਾਲ ਚੁਣੀਆਂ ਗਈਆਂ ਇਹ ਕਹਾਣੀਆਂ ਪੂਰੇ ਵਰ੍ਹੇ ਵਿਚ ਸਾਹਮਣੇ ਆਈ ਪੰਜਾਬੀ ਕਹਾਣੀ ਦੇ ਮੁਹਾਂਦਰੇ ਨੂੰ ਸਮੁੱਚੇ ਤੌਰ ਉਤੇ ਪ੍ਰਤੀਬਿੰਬਤ ਜ਼ਰੂਰ ਕਰਦੀਆਂ ਹਨ। ਇਹ ਕਹਾਣੀਆਂ ਨਾ ਸਿਰਫ 2023 ਵਿਚ ਛਪ ਕੇ ਆਈਆਂ ਕਹਾਣੀਆਂ ਦਾ ਮੁਹਾਂਦਰਾ ਹਨ, ਏਸ ਸਮੇਂ ਕਹਾਣੀ ਦੇ ਖੇਤਰ ਵਿੱਚ ਸਰਗਰਮ ਲੇਖਕਾਂ ਦੀਆਂ ਕਈ ਪੀੜ੍ਹੀਆਂ ਦੀ ਨੁਮਾਇੰਦਗੀ ਵੀ ਹਨ ਅਤੇ ਸਮੁੱਚੀ ਪੰਜਾਬੀ ਕਹਾਣੀ ਵਿਚ ਅਜੋਕੀ ਪੰਜਾਬੀ ਮਾਨਸਿਕਤਾ ਦੇ ਬਹੁ-ਪੱਧਰੇ ਚਿਤਰਣ ਦੀਆਂ ਲਖਾਇਕ ਵੀ । ਇਸ ਰਲਵੇਂ ਉਪਰਾਲੇ ਰਾਹੀਂ ਲੰਘੇ ਵਰ੍ਹੇ 2023 ਵਿਚ ਛਪੀਆਂ ਜਿਹੜੀਆਂ 11 ਕਹਾਣੀਆਂ ਨਿੱਤਰ ਕੇ ਸਾਹਮਣੇ ਆਈਆਂ ਹਨ, ਉਹ ਇਹ ਹਨ: (ਹੇਠ ਦਰਜ ਤਰਤੀਬ ਪੈਂਤੀ ਅੱਖਰੀ ਵਿਚ ਕਹਾਣੀਕਾਰਾਂ ਦੇ ਨਾਂਵਾਂ ਮੁਤਾਬਕ ਰੱਖੀ ਗਈ ਹੈ)

1. ਮਾਰੂਥਲ (ਅਨੇਮਨ ਸਿੰਘ)
2. ਦ ਪਿੰਕ ਕੇਕ (ਅਰਵਿੰਦਰ ਧਾਲੀਵਾਲ)
3. ਸਿਓਂਕ (ਸਵਾਮੀ ਸਰਬਜੀਤ)
4. ਸੁੰਗੜਿਆ ਹੋਇਆ ਆਦਮੀ (ਸੁਕੀਰਤ)
5. ਮੈਲਾਨਿਨ (ਜਸਵਿੰਦਰ ਧਰਮਕੋਟ)
6. ਚਿੱਟੀ ਤਿਤਲੀ ਦਾ ਸਿਰਨਾਵਾਂ (ਜਗਜੀਤ ਬਰਾੜ)
7. ਉਸਦੀਆਂ ਅੱਖਾਂ ਵਿਚ ਸੂਰਜ ਸੀ (ਜਤਿੰਦਰ ਹਾਂਸ)
8. ਪਿੰਡ ਜਿਉਂਦਾ ਹੀ ਕਿੱਥੇ ਹੈ! ( ਬਲਬੀਰ ਪਰਵਾਨਾ)
9. ਡਲੀਵਰੀ ਮੈਨ (ਭਗਵੰਤ ਰਸੂਲਪੁਰੀ)
10. ਐਨ ਅਫੇਅਰ (ਰਮਨਦੀਪ ਵਿਰਕ)
11. ਟੋਆ (ਵਿਪਨ)

ਚੋਣ ਪ੍ਰਕਿਰਿਆ ਦਾ ਅਗਲਾ ਪੜਾਅ ਇਨ੍ਹਾਂ ਪ੍ਰਤੀਨਿਧ ਕਹਾਣੀਆਂ ਵਿਚੋਂ ਕਿਸੇ ਇਕ, ਯਾਨੀ ਬਿਹਤਰੀਨ ਕਹਾਣੀ ਦੀ ਚੋਣ ਕਰਨਾ ਹੁੰਦਾ ਹੈ । ਉਤਲੇ ਚੋਣਕਾਰਾਂ ਦੀ ਗਿਣਤੀ ਵੀ ਸੱਤ ਹੀ ਰੱਖੀ ਜਾਂਦੀ ਹੈ । ਇਹ ਸਾਰੇ ਨਾਂਅ ਵੀ ਪੰਜਾਬੀ ਸਾਹਿਤ ਨਾਲ ਨੇੜਿਓਂ ਜੁੜੇ ਸਰਗਰਮ ਨਾਂਅ ਹਨ। ਉਨ੍ਹਾਂ ਦੀ ਆਪਣੀ ਪਸੰਦ ਭਾਵੇਂ ਇਸ ਸੂਚੀ ਵਿਚੋਂ ਬਾਹਰਲੀ ਕੋਈ ਹੋਰ ਕਹਾਣੀ ਵੀ ਹੋਵੇ, ਚੋਣ ਉਨ੍ਹਾਂ ਨੂੰ ਉਪਰੋਕਤ ਕਹਾਣੀਆਂ ਵਿਚੋਂ ਹੀ ਕਰਨੀ ਪੈਂਦੀ ਹੈ ਅਤੇ ਉਨ੍ਹਾਂ ਹਰ ਕਹਾਣੀ ਬਾਰੇ ਆਪੋ-ਆਪਣੀ ਦਰਜਾਬੰਦੀ ਦੇਣੀ ਹੁੰਦੀ ਹੈ।

ਸਾਰਿਆਂ ਤੋਂ ਮਿਲਣ ਵਾਲੀ ਦਰਜਾਬੰਦੀ (ਮਾਰਕਿੰਗ) ਦੇ ਕੁਲ ਜੋੜ ਦੇ ਆਧਾਰ ਉਤੇ ਸਭ ਤੋਂ ਵੱਧ ਨੰਬਰ ਲੈਣ ਵਾਲੀ ਕਹਾਣੀ ਨੂੰ ਬਿਹਤਰੀਨ ਕਹਾਣੀ ਵਜੋਂ ਚੁਣਿਆ ਜਾਂਦਾ ਹੈ । ਜੇਕਰ ਦੋ ਕਹਾਣੀਆਂ ਨੂੰ ਬਰਾਬਰ ਦੇ ਨੰਬਰ ਮਿਲਣ ਤਾਂ ਫੈਸਲਾ ਆਪਸੀ ਬਹਿਸ ਰਾਹੀਂ ਲਿਆ ਜਾਂਦਾ ਹੈ। ਹਰ ਸਾਲ ਵਾਂਗ ਬਿਹਤਰੀਨ ਚੁਣੀ ਗਈ ਕਹਾਣੀ ਅਤੇ ਉਸ ਦੇ ਲੇਖਕ ਦਾ ਨਾਂਅ ਸਨਮਾਨ ਸਮਾਰੋਹ ਸਮੇਂ ਹੀ ਦੱਸਿਆ ਜਾਵੇਗਾ।

ਬਿਹਤਰੀਨ ਕਹਾਣੀ ਦੇ ਲੇਖਕ ਨੂੰ ਉਰਮਿਲਾ ਆਨੰਦ ਯਾਦਗਾਰੀ ਪੁਰਸਕਾਰ ਅਤੇ ਇਸ ਸਾਲ ਵਿਚ ਸਨਮਾਨਤ ਕੀਤੇ ਜਾ ਰਹੀ ਪੱਤਰਕਾਰ ਨਵਜੋਤ ਢਿੱਲੋਂ ਨੂੰ ਜਗਜੀਤ ਸਿੰਘ ਆਨੰਦ ਯਾਦਗਾਰੀ ਪੁਰਸਕਾਰ ਗੁਰਬਖ਼ਸ਼ ਸਿੰਘ ਨਾਨਕ ਸਿੰਘ ਫਾਊਂਡੇਸ਼ਨ, ਪ੍ਰੀਤਨਗਰ (ਜ਼ਿਲ੍ਹਾ ਅੰਮ੍ਰਿਤਸਰ) ਦੇ ਵਿਹੜੇ ਵਿਚ ਐਤਵਾਰ, 17 ਮਾਰਚ 2024 ਨੂੰ ਦਿੱਤੇ ਜਾਣਗੇ। ਇਹ ਪੁਰਸਕਾਰ ਸਮਾਰੋਹ ਨਿਰੋਲ ਸਨਮਾਨ ਸਮਾਗਮ ਨਹੀਂ, ਸਗੋਂ ਪੰਜਾਬੀ ਦੇ ਦੋ ਮਹਾਨ ਲੇਖਕਾਂ ਦੀ ਕਰਮ ਭੂਮੀ ਉਤੇ ਸਾਲਾਨਾ ਸਾਹਿਤਕ ਮਿਲਣੀ ਦੇ ਰੂਪ ਵਿਚ ਵਿਓਂਤਿਆ ਜਾਂਦਾ ਹੈ। ਸਮਾਗਮ ਦਿਨੇ 11 ਵਜੇ ਤੋਂ 3 ਵਜੇ ਤੱਕ ਚਲੇਗਾ, ਜਿਸ ਵਿਚ ਸੁਆਗਤੀ ਚਾਹ ਅਤੇ ਪ੍ਰੀਤੀ ਭੋਜਨ ਵੀ ਸ਼ਾਮਲ ਹਨ। 11 ਵਜੇ ਤੋਂ ਓਥੇ ਜੁੜਨ ਵਾਲੇ ਲੇਖਕ ਅਤੇ ਪਾਠਕ ਆਪਸ ਵਿਚ ਮਿਲ-ਗਿਲ ਸਕਣਗੇ ਅਤੇ ਪਹਿਲੀ ਵੇਰ ਪ੍ਰੀਤ ਨਗਰ ਪਹੁੰਚਣ ਵਾਲੇ ਦੋਸਤ-ਮਿੱਤਰ ਲੇਖਕਾਂ ਦੇ ਇਸ ਮੱਕੇ ਦੀ ਖੁੱਲ੍ਹੀ ਸੈਰ ਵੀ ਕਰ ਸਕਣਗੇ। ਰਸਮੀ ਸਨਮਾਨ ਸਮਾਰੋਹ 12 ਵਜੇ ਸ਼ੁਰੂ ਕੀਤਾ ਜਾਵੇਗਾ ਅਤੇ ਦੁਪਹਿਰ ਦੇ ਖਾਣੇ ਸਮੇਤ 3 ਵਜੇ ਤੀਕ ਸੰਪੂਰਨ ਹੋ ਜਾਵੇਗਾ। ਸਨਮਾਨਤ ਹੋਣ ਵਾਲੀਆਂ ਦੋਵੇਂ ਸ਼ਖਸੀਅਤਾਂ ਅਤੇ ਇਸ ਸਾਲ ਦੀਆਂ ਬੇਹਤਰੀਨ ਕਹਾਣੀਆਂ ਦੇ ਸਾਰੇ ਲੇਖਕਾਂ ਤੋਂ ਇਲਾਵਾ ਤੁਸੀਂ ਇਸ ਵਰ੍ਹੇ ਦੇ ਮੁੱਖ ਮਹਿਮਾਨ ਸਾਡੇ ਬਹੁ-ਸਨਮਾਨਤ ਕਹਾਣੀਕਾਰ ਵਰਿਆਮ ਸਿੰਘ ਸੰਧੂ ਦੇ ਵਿਚਾਰ ਵੀ ਸੁਣ ਸਕੋਗੇ । ਇਸ ਸਾਲ ਦੀਆਂ ਚੋਣਵੀਆਂ ਕਹਾਣੀਆਂ ਦਾ ਸੰਗ੍ਰਹਿ ਵੀ ਉਸ ਦਿਨ ਤੁਹਾਡੇ ਰੂ-ਬ-ਰੂ ਕੀਤਾ ਜਾਵੇਗਾ। ਪੰਜਾਬੀ ਨਾਲ ਜੁੜੇ ਸਾਰੇ ਸਾਹਿਤ ਪ੍ਰੇਮੀਆਂ ਨੂੰ ਉਸ ਦਿਨ ਪ੍ਰੀਤ ਨਗਰ ਪਹੁੰਚਣ ਦਾ ਖੁੱਲ੍ਹਾ ਸੱਦਾ ਹੈ। ਅਸੀਂ ਜਾਣਦੇ ਹਾਂ ਕਿ ਜਨਤਕ ਸਾਧਨਾਂ ਰਾਹੀਂ ਪ੍ਰੀਤ ਨਗਰ ਪਹੁੰਚ ਸਕਣਾ ਸੌਖਾ ਨਹੀਂ, ਪਰ ਆਪੋ-ਆਪਣੇ ਇਲਾਕਿਆਂ ਤੋਂ ਆਣ ਵਾਲੇ ਮਿੱਤਰ ਇਕ-ਦੂਜੇ ਨਾਲ ਸੰਪਰਕ ਕਰਕੇ ਸਾਂਝੇ ਸਾਧਨਾਂ ਦਾ ਵਸੀਲਾ ਵਿਓਂਤ ਲੈਣ ਤਾਂ ਇਹ ਕੰਮ ਕੋਈ ਏਡਾ ਔਖਾ ਵੀ ਨਹੀਂ। ਤੁਹਾਡੀ ਆਮਦ ਤੇ ਰਲਤ ਦੀ ਉਡੀਕ ਰਹੇਗੀ।

# ਭਵਿੱਖ ਦੇ ਭਾਰਤ ਲਈ ਇਸ ਵਾਰ ਦੀਆਂ ਲੋਕ ਸਭਾ ਚੋਣਾਂ ਕਿਸੇ ਅੰਤਮ ਫੈਸਲੇ ਦੀ ਘੜੀ ਤਾਂ ਨਹੀਂ !

**ਦ੍ਰਿਸ਼ਟੀਕੋਣ**

**ਜਤਿੰਦਰ ਪਨੂੰ**

ਭਵਿੱਖ ਦੇ ਭਾਰਤ ਦੀ ਕਿਸੇ ਤਸਵੀਰ ਦੀ ਕਲਪਨਾ ਕੀਤੇ ਬਗੈਰ ਇਸ ਦੇਸ਼ ਦੇ ਆਮ ਲੋਕ ਵੀ ਅਤੇ ਰਾਜਸੀ ਆਗੂ ਵੀ ਇਸ ਗੱਲ ਵੱਲ ਅੱਖਾਂ ਲਾਈ ਬੈਠੇ ਹਨ ਕਿ ਪਾਰਲੀਮੈਂਟ ਦੀ ਚੋਣ ਆਉਣ ਵਾਲੀ ਹੈ। ਜਿਨ੍ਹਾਂ ਦਾ ਪੱਲਾ ਸੱਖਣਾ ਰਹਿਣ ਬਾਰੇ ਬਹੁਤ ਸਾਰੇ ਚੋਣ ਮਾਹਰ ਖੁੱਲ੍ਹੇ ਸ਼ਬਦਾਂ ਵਿੱਚ ਕਹੀ ਜਾਂਦੇ ਹਨ, ਉਹ ਵੀ ਇਸ ਵਾਰ ਲੋਕ ਸਭਾ ਚੋਣ ਮੌਕੇ ਭਾਰਤ ਦੀ ਤਕਦੀਰ ਬਦਲਣ ਦੇ ਦਾਅਵੇ ਕਰਦੇ ਪਏ ਹਨ। ਇਸ ਦੇਸ਼ ਦੀ ਆਜ਼ਾਦੀ ਲਈ ਹੋਏ ਸੰਗਰਾਮ ਵਿੱਚ ਭੂਮਿਕਾ ਕਈ ਧਿਰਾਂ ਦੀ ਸੀ, ਪਰ ਜਿਹੜੀ ਪਾਰਟੀ ਹੋਰ ਕਿਸੇ ਨੂੰ ਵੀ ਕੋਈ ਸਿਹਰਾ ਨਹੀਂ ਦੇਣਾ ਚਾਹੁੰਦੀ ਤੇ ਸਾਰੀ ਕੁਰਬਾਨੀ ਦਾ ਕਿੱਸਾ ਸਿਰਫ ਆਪਣੇ ਉਸ ਵਕਤ ਦੇ ਰਾਜਸੀ ਵਡੇਰਿਆਂ ਸਿਰ ਬੰਨ੍ਹੀ ਰੱਖਣ ਲਈ ਬਜ਼ਿਦ ਹੈ, ਉਹ ਇਸ ਵੇਲੇ ਜਿਸ ਹਾਲ ਵਿੱਚ ਪਹੁੰਚੀ ਹੋਈ ਹੈ, ਉਸ ਉੱਤੇ ਕਈ ਲੋਕਾਂ ਨੂੰ ਤਰਸ ਆਉਂਦਾ ਹੈ। ਹੈਰਾਨੀ ਦੀ ਗੱਲ ਹੈ ਕਿ ਉਸ ਦੇ ਆਗੂ ਅਜੇ ਵੀ ਹੋਰ ਸਾਰਿਆਂ ਤੋਂ ਆਪਣੇ ਪਿਛਲੱਗ ਬਣ ਕੇ ਚੱਲਣ ਦੀ ਉਹ ਆਸ ਕਰੀ ਜਾਂਦੇ ਹਨ, ਜਿਹੜੀ ਇਸ ਪਾਰਟੀ ਅੰਦਰਲੇ ਲੋਕਾਂ ਵਿੱਚੋਂ ਕੀਤੀ ਜਾਣੀ ਵੀ ਮੁਸ਼ਕਲ ਹੁੰਦੀ ਜਾਂਦੀ ਹੈ। ਪਾਰਟੀ ਦੀ ਕਾਰਜਕਾਰੀ ਮੁਖੀ ਸੋਨੀਆ ਗਾਂਧੀ ਵਧਦੀ ਉਮਰ ਕਾਰਨ ਰਾਜਸੀ ਮੈਦਾਨ ਛੱਡਣ ਲਈ ਮਜਬੂਰ ਹੋ ਚੁੱਕੀ ਹੈ, ਅਗਲੀ ਪੀੜ੍ਹੀ ਦੇ ਪੈਰ ਅਜੇ ਲੱਗ ਨਹੀਂ ਰਹੇ, ਪਰ ਪਾਰਟੀ ਅਜੇ ਵੀ ਆਸ ਰੱਖਦੀ ਹੈ ਕਿ ਇਸ ਚੋਣ ਵਿੱਚ ਉਹ ਅਟਲ ਬਿਹਾਰੀ ਵਾਜਪਾਈ ਦੇ ਦੌਰ ਪਿੱਛੋਂ ਮਿਲੀ ਜਿੱਤ ਵਰਗੀ ਅਣਕਿਆਸੀ ਜਿੱਤ ਫਿਰ ਜਿੱਤਣ ਦਾ ਕ੍ਰਿਸ਼ਮਾ ਕਰ ਜਾਵੇਗੀ। ਮਰਹੂਮ ਸ਼ਾਇਰ ਮੁਨੱਵਰ ਰਾਣਾ ਨੇ ਉਰਦੂ ਭਾਸ਼ਾ ਦੀ ਗੱਲ ਕਰਦਿਆਂ ਕਿਹਾ ਸੀ: 'ਹਰ ਇੱਕ ਆਵਾਜ਼ ਅਬ ਉਰਦੂ ਕੋ ਫਰਿਆਦੀ ਬਤਾਤੀ ਹੈ, ਯੇ ਪਗਲੀ ਫਿਰ ਭੀ ਅਬ ਤੱਕ ਖੁਦ ਕੋ ਸ਼ਹਿਜ਼ਾਦੀ ਬਤਾਤੀ ਹੈ।' ਉਸ ਦੀ ਇਹ ਗੱਲ ਉਰਦੂ ਭਾਸ਼ਾ ਬਾਰੇ ਬਿਲਕੁਲ ਠੀਕ ਸੀ, ਕਾਂਗਰਸ ਵੀ ਓਸੇ ਵਰਗੀ ਹਾਲਤ ਵਿੱਚ ਹੈ। ਜਦੋਂ ਹਰ ਕੋਈ ਇਸ ਪਾਰਟੀ ਦੀ ਨਿੱਘਰਦੀ ਹਾਲਤ ਦੀ ਚਰਚਾ ਕਰਦਾ ਪਿਆ ਹੈ ਅਤੇ ਇਸ ਦੇ ਦੋਬਾਰਾ ਉੱਠ ਸਕਣ ਦੀ ਆਸ ਦਾ ਸ਼ਬਦ ਕਿਸੇ ਪਾਸੇ ਕੋਈ ਨਹੀਂ ਬੋਲਦਾ, ਉਸ ਵਕਤ ਵੀ ਇਸ ਦੇ ਲੀਡਰ ਹਕੀਕਤਾਂ ਨੂੰ ਮੰਨਣਾ ਨਹੀਂ ਚਾਹੁੰਦੇ।

ਹਕੀਕਤਾਂ ਕੂਕ-ਕੂਕ ਕੇ ਕਹਿ ਰਹੀਆਂ ਹਨ ਕਿ ਸਿਰਫ ਕਾਂਗਰਸ ਪਾਰਟੀ ਨਹੀਂ, ਸਮੁੱਚੀ ਭਾਰਤੀ ਰਾਜਨੀਤੀ ਇਹੋ ਜਿਹੀ ਨੀਵਾਣ ਵੱਲ ਰਿੜ੍ਹਨ ਲੱਗ ਚੁੱਕੀ ਹੈ, ਜਿੱਧਰ ਉਸ ਦੇ ਅੱਗੇ ਕੋਈ ਸਪੀਡ-ਬਰੇਕਰ ਦਿਖਾਈ ਨਹੀਂ ਦੇ ਰਿਹਾ। ਕਦੀ ਇਸ ਦੇਸ਼ ਵਿੱਚ ਇੱਕ ਪਾਰਟੀ ਤੇ ਉਸ ਦੀ ਇੱਕਲੌਤੀ ਆਗੂ ਵਜੋਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਜਿੱਡਾ ਅਕਸ ਬਣਾ ਕੇ ਪੇਸ਼ ਕੀਤਾ ਜਾਂਦਾ ਰਿਹਾ ਸੀ, ਅੱਜ ਦੇਸ਼ ਦਾ ਇੱਕ ਖਾਸ ਕਾਰੋਬਾਰੀ ਵਰਗ ਤੇ ਖਾਸ ਮੀਡੀਆ ਲਾਬੀ ਮਿਲ ਕੇ ਨਰਿੰਦਰ ਮੋਦੀ ਦਾ ਓਸੇ ਵਰਗਾ ਅਕਸ ਬਣਾ ਕੇ ਪੇਸ਼ ਕਰਦੇ ਪਏ ਹਨ। ਜਦੋਂ ਕੋਈ ਆਗੂ ਉਸ ਪਾਰਟੀ ਤੋਂ ਵੱਡਾ ਦਿੱਸਣ ਲੱਗਦਾ ਹੈ, ਜਿਹੜੀ ਪਾਰਟੀ ਨੇ ਉਸ ਨੂੰ ਪੈਦਾ ਕੀਤਾ ਸੀ ਤਾਂ ਦੋ ਹੀ ਗੱਲਾਂ ਹੋਇਆ ਕਰਦੀਆਂ ਹਨ ਜਾਂ ਉਸ ਲੀਡਰ ਦੇ ਪਤਨ ਦਾ ਦੌਰ ਸ਼ੁਰੂ ਹੋ ਜਾਂਦਾ ਹੈ, ਪਰ ਏਦਾਂ ਹਮੇਸ਼ਾ ਨਹੀਂ ਹੋਇਆ ਕਰਦਾ ਜਾਂ ਫਿਰ ਉਹ ਆਗੂ ਏਡਾ ਕੱਦਾਵਰ ਬਣ ਜਾਂਦਾ ਹੈ ਕਿ ਆਪਣਿਆਂ-ਪਰਾਇਆਂ ਵਿੱਚੋਂ ਕਈ-ਕਈ ਸਾਲਾਂ ਤੱਕ ਉਸ ਵੱਲ ਉਂਗਲ ਉਠਾਉਣ ਦੀ ਹਿੰਮਤ ਕਰਨ ਵਾਲਾ ਕੋਈ ਨਹੀਂ ਉੱਠ ਸਕਦਾ। ਜਿਹੜੀਆਂ ਕੌਮਾਂ ਇਹੋ ਜਿਹੇ ਆਗੂ ਦਾ ਉਭਾਰ ਹੁੰਦਾ ਇੱਕ ਵਾਰ ਵੇਖ ਚੁੱਕੀਆਂ ਹਨ, ਉਨ੍ਹਾਂ ਦਾ ਹੰਢਾਇਆ ਤਜਰਬਾ ਬਾਕੀ ਦੇਸ਼ਾਂ ਅਤੇ ਕੌਮਾਂ ਲਈ ਰਾਹ-ਦਿਖਾਵਾ ਹੋ ਸਕਦਾ ਹੈ, ਪਰ ਦੇਖਣ ਵਾਲੀ ਅੱਖ ਚਾਹੀਦੀ ਹੈ।

ਮੌਜੂਦਾ ਹਾਲਾਤ ਵਿੱਚ ਭਾਰਤ ਦੀ ਰਾਜਨੀਤੀ ਅਗਲੀਆਂ ਲੋਕ ਸਭਾ ਚੋਣਾਂ ਵਿੱਚ ਜਿਸ ਰੌਂਅ ਦੀ ਝਲਕ ਦਿਖਾ ਰਹੀ ਹੈ, ਉਸ ਦੇ ਲੱਛਣ ਚੰਗੇ ਨਹੀਂ ਅਤੇ ਜਿਨ੍ਹਾਂ ਆਗੂਆਂ ਅਤੇ ਪਾਰਟੀਆਂ ਨੇ ਇਸ ਮੁਹਾਣ ਮੂਹਰੇ ਇੱਕਮੁੱਠ ਅੜਿੱਕਾ ਬਣਨ ਵਾਲੀ ਸ਼ਕਤੀ ਹੋਣ ਦਾ ਦਾਅਵਾ ਕੀਤਾ ਸੀ, ਉਨ੍ਹਾਂ ਦੀ ਏਕਤਾ ਵਿੱਚ ਮਘੋਰੇ ਹੋਣ ਲੱਗ ਪਏ ਹਨ। ਵਿਰੋਧੀ ਗੱਠਜੋੜ ਵੱਲੋਂ ਪ੍ਰਧਾਨ ਮੰਤਰੀ ਬਣਨ ਵਾਸਤੇ ਉਮੀਦਵਾਰ ਹੋਣ ਦਾ ਸਭ ਤੋਂ ਵੱਡਾ ਦਾਅਵੇਦਾਰ ਨਿਤੀਸ਼ ਕੁਮਾਰ ਸਭ ਤੋਂ ਪਹਿਲਾਂ ਗੱਠਜੋੜ ਨੂੰ ਠਿੱਬੀ ਲਾ ਕੇ ਭਾਜਪਾ ਨਾਲ ਜਾ ਜੁੜਿਆ ਅਤੇ ਇੱਕੋ ਛੜੱਪੇ ਵਿੱਚ ਕਈ ਲਾਭ ਖੱਟ ਗਿਆ ਹੈ। ਅਗਲੀ ਲੋਕ ਸਭਾ ਚੋਣ ਵਿੱਚ ਉਸ ਨੂੰ ਭਾਜਪਾ ਨਾਲ ਗੱਠਜੋੜ ਵਿੱਚ ਕੁਝ ਸੀਟਾਂ ਜਿੱਤ ਜਾਣ ਦੀ ਝਾਕ ਹੋ ਗਈ ਤੇ ਆਪਣੇ ਰਾਜ ਦੀ ਸਰਕਾਰ ਦਾ ਮੁਖੀ ਬਣੇ ਰਹਿਣ ਦਾ ਜੁਗਾੜ ਵੀ ਉਸ ਨੇ ਨਾਲ ਹੀ ਕਰ ਲਿਆ ਹੈ। ਵਿਰੋਧ ਦੀਆਂ ਪਾਰਟੀਆਂ ਉਸ ਬੰਦੇ ਦੀ ਫਿਤਰਤ ਦਾ ਰਿਕਾਰਡ ਜਾਣਨ ਦੇ ਬਾਵਜੂਦ ਉਸ ਨੂੰ ਆਪਣਾ ਆਗੂ ਬਣਾਉਣ ਦੀ ਤਿਆਰੀ ਕਰੀ ਜਾਂਦੀਆਂ ਸਨ, ਪਰ ਕੁਝ ਧਿਰਾਂ ਵੱਲੋਂ ਵਿਰੋਧ ਕਾਰਨ ਉਹ ਖੇਡ ਸਿਰੇ ਨਹੀਂ ਸੀ ਚੜ੍ਹ ਸਕੀ। ਜੇ ਉਸ ਨੂੰ ਆਗੂ ਬਣਾ ਲਿਆ ਹੁੰਦਾ ਤਾਂ ਅਗਲੀ ਚਲਾਕੀ ਇਹ ਵੀ ਕਰ ਸਕਦਾ ਸੀ ਕਿ ਉਮੀਦਵਾਰ ਐਲਾਨੇ ਜਾਣ ਮਗਰੋਂ ਜਾ ਕੇ ਨਰਿੰਦਰ ਮੋਦੀ ਨਾਲ ਸਮਝੌਤਾ ਕਰ ਲੈਂਦਾ ਅਤੇ ਸਾਰੇ ਦੇਸ਼ ਵਿੱਚ ਭਾਜਪਾ ਨੂੰ ਇਹ ਪ੍ਰਚਾਰ ਕਰਨ ਦਾ ਮੌਕਾ ਦੇ ਦੇਂਦਾ ਕਿ ਵਿਰੋਧੀ ਧਿਰ ਦਾ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਉਮੀਦਵਾਰ ਹੀ ਉਸ ਨੂੰ ਛੱਡ ਕੇ ਨਰਿੰਦਰ ਮੋਦੀ ਦੀ ਅਗਵਾਈ ਕਬੂਲ ਕਰ ਗਿਆ ਹੈ। ਉਹ ਖੇਡ ਸਿਰੇ ਚੜ੍ਹ ਜਾਂਦੀ ਤਾਂ ਅਗਲੀ ਲੋਕ ਸਭਾ ਚੋਣ ਲਈ ਪ੍ਰਚਾਰ ਸ਼ੁਰੂ ਹੋਣ ਤੋਂ ਪਹਿਲਾਂ ਉਸ ਨੇ ਵਿਰੋਧੀ ਧਿਰਾਂ ਦੇ ਗੁਬਾਰੇ ਵਿੱਚ ਤਿੱਖੀ ਸੂਈ ਮਾਰ ਕੇ ਸਾਰੀ ਫੂਕ ਕੱਢ ਦੇਣੀ ਸੀ। ਵਿਰੋਧੀ ਧਿਰਾਂ ਅਜੇ ਵੀ ਏਦਾਂ ਦੇ ਕੁਝ ਆਗੂਆਂ ਨੂੰ ਟੋਂਹਦੀਆਂ ਪਈਆਂ ਹਨ।

ਦੂਸਰੇ ਪਾਸੇ ਨਰਿੰਦਰ ਮੋਦੀ ਅਤੇ ਉਸ ਨਾਲ ਜੁੜੀ ਹੋਈ ਚੋਣਵੇਂ ਸਿਰਾਂ ਦੀ ਇੱਕ ਟੀਮ ਇੱਕ-ਸਾਰ ਰਣਨੀਤੀ ਦਾ ਹਰ ਨਵਾਂ ਦਾਅ ਸੋਚ ਕੇ ਉਸ ਮੁਤਾਬਕ ਪੈਂਤੜੇ ਤੈਅ ਕਰਨ ਦਾ ਕੰਮ ਕਰਦੇ ਰਹਿੰਦੇ ਹਨ। ਪਿਛਲੇ ਸਮੇਂ ਵਿੱਚ ਕਈ ਵਾਰ ਬਹੁਤ ਅਣਕਿਆਸੇ ਅਦਾਲਤੀ ਫੈਸਲਿਆਂ ਪਿੱਛੋਂ ਲੱਗਣ ਲੱਗਾ ਸੀ ਕਿ ਭਾਜਪਾ ਲੀਡਰਸ਼ਿਪ ਕੋਲ ਇਸ ਕਾਨੂੰਨੀ ਉਲਝਣ ਤੋਂ ਨਿਕਲਣ ਦਾ ਕੋਈ ਰਾਹ ਨਹੀਂ ਰਿਹਾ, ਪਰ ਉਹ ਹਰ ਵਾਰ ਸਾਰੀ ਗੱਲ ਤਿਲਕਾ ਕੇ ਅਗਲਾ ਕਦਮ ਅਚਾਨਕ ਏਦਾਂ ਦਾ ਚੁੱਕ ਲੈਂਦੇ ਰਹੇ ਸਨ ਕਿ ਹਰ ਕੋਈ ਹੈਰਾਨ ਰਹਿ ਜਾਂਦਾ ਸੀ। ਫਿਰ ਵੀ ਇਸ ਮਹੀਨੇ ਸੁਪਰੀਮ ਕੋਰਟ ਨੇ ਜਿਹੜਾ ਫੈਸਲਾ ਚੋਣ-ਬਾਂਡ ਰਾਹੀਂ ਵੱਖ-ਵੱਖ ਪਾਰਟੀਆਂ ਨੂੰ ਚੰਦੇ ਦੇਣ ਦੇ ਕਾਨੂੰਨਾਂ ਨੂੰ ਗੈਰ-ਸੰਵਿਧਾਨਕ ਐਲਾਨਣ ਵਾਲਾ ਕੀਤਾ ਹੈ, ਉਹ ਮੋਦੀ ਸਰਕਾਰ ਅਤੇ ਭਾਜਪਾ ਲੀਡਰਸ਼ਿਪ ਲਈ ਪਿਛਲੀਆਂ ਸਾਰੀਆਂ ਸੱਟਾਂ ਤੋਂ ਵੱਧ ਮਾਰੂ ਸੀ। ਭਾਰਤ ਦੀ ਸੁਪਰੀਮ ਕੋਰਟ ਦਾ ਇਹ ਫੈਸਲਾ ਸੰਵਿਧਾਨਕ ਬੈਂਚ ਨੇ ਦਿੱਤਾ ਤੇ ਇਹ ਦਿੱਤਾ ਵੀ ਸਰਬਸੰਮਤੀ ਨਾਲ ਹੈ, ਜਿਸ ਵਿੱਚ ਕਿਸੇ ਇੱਕ ਵੀ ਜੱਜ ਨੇ ਵਿਰੋਧਤਾ ਕਰਨ ਦੀ ਟਿਪਣੀ ਨਹੀਂ ਲਿਖਾਈ। ਆਮ ਪ੍ਰਭਾਵ ਹੈ ਕਿ ਭਾਜਪਾ ਤੇ ਇਸ ਦੇ ਲੀਡਰਾਂ ਲਈ ਇਸ ਫੈਸਲੇ ਦਾ ਤੋੜ ਲੱਭਣਾ ਮੁਸ਼ਕਲ ਹੈ, ਪਰ ਇਹ ਧਾਰਨਾ ਬਣਾਉਣ ਵਾਲੇ ਇਹ ਭੁੱਲ ਜਾਂਦੇ ਹਨ ਕਿ ਸੁਪਰੀਮ ਕੋਰਟ ਨੇ ਜਦੋਂ ਦੇਸ਼ ਦੇ ਚੋਣ ਕਮਿਸ਼ਨ ਦੀ ਨਿਯੁਕਤੀ ਦੇ ਢੰਗ ਬਾਰੇ ਫੈਸਲਾ ਦਿੱਤਾ ਸੀ, ਓਦੋਂ ਵੀ ਸਰਕਾਰ ਫਸੀ ਜਾਪਦੀ ਸੀ। ਹੋਇਆ ਫਿਰ ਇਹ ਸੀ ਕਿ ਸਰਕਾਰ ਨੇ ਬਹੁਤ ਕਾਹਲੀ ਵਿੱਚ ਚੋਣ ਕਮਿਸ਼ਨਰਾਂ ਦੀ ਨਿਯੁਕਤੀ ਦੇ ਨਿਯਮ ਬਣਾਉਣ ਲਈ ਆਪਣੀ ਮਰਜ਼ੀ ਦਾ ਬਿੱਲ ਪਾਰਲੀਮੈਂਟ ਵਿੱਚ ਪੇਸ਼ ਕੀਤਾ ਅਤੇ ਝਟਾਪਟ ਪਾਸ ਕਰਵਾ ਕੇ ਉਸ ਪ੍ਰਕਿਰਿਆ ਤੋਂ ਭਾਰਤ ਦੀ ਸੁਪਰੀਮ ਕੋਰਟ ਨੂੰ ਬਾਹਰ ਕਰ ਦਿੱਤਾ ਸੀ, ਕਿਉਂਕਿ ਏਦਾਂ ਦੇ ਕਾਨੂੰਨ ਬਣਾਉਣ ਦਾ ਸਾਰਾ ਅਧਿਕਾਰ ਪਾਰਲੀਮੈਂਟ ਨੂੰ ਸੀ ਅਤੇ ਅਜੇ ਵੀ ਹੈ, ਇਸ ਲਈ ਸੁਪਰੀਮ ਕੋਰਟ ਨੇ ਪਹਿਲਾਂ ਜੋ ਵੀ ਹਦਾਇਤਾਂ ਦਿੱਤੀਆਂ ਹੋਈਆਂ ਸਨ, ਇਸ ਸਰਕਾਰੀ ਪੈਂਤੜੇ ਨੂੰ ਰੱਦ ਕਰਨ ਜਾਂ ਮੁੜ ਵਿਚਾਰ ਲਈ ਕਹਿਣ ਦੀ ਥਾਂ ਜੱਜ ਸਾਹਿਬ ਨੇ ਚੁੱਪ ਵੱਟ ਜਾਣ ਵਿੱਚ ਭਲਾਈ ਸਮਝੀ ਸੀ।

ਇਸ ਦਾ ਅਰਥ ਹੈ ਕਿ ਭਾਰਤ ਉਸ ਅਲੋਕਾਰ ਦੌਰ ਵਿੱਚ ਦਾਖਲ ਹੋ ਚੁੱਕਾ ਹੈ, ਜਿੱਥੇ ਵਗਦੇ ਵਹਿਣ ਨਾਲ ਵਗਣ ਲਈ ਤਾਂ ਸੈਂਕੜੇ ਜਾਂ ਹਜ਼ਾਰਾਂ ਨਹੀਂ, ਲੱਖਾਂ ਲੋਕ ਬਿਨਾਂ ਕਿਸੇ ਝਿਜਕ ਮੰਨ ਸਕਦੇ ਹਨ, ਪਰ ਵਹਿਣ ਮੂਹਰੇ ਕਿਸੇ ਤਰ੍ਹਾਂ ਦਾ ਅੜਿੱਕਾ ਬਣਨ ਦੀ ਜੁਰਅਤ ਕਰਨ ਵਾਲਾ ਕੋਈ ਵਿਰਲਾ-ਟਾਵਾਂ ਵੀ ਲੱਭਣਾ ਸੌਖਾ ਨਹੀਂ। ਅਗਲੇ ਦਿਨੀਂ ਜਦੋਂ ਲੋਕ ਸਭਾ ਚੋਣਾਂ ਦਾ ਐਲਾਨ ਹੋਵੇਗਾ ਅਤੇ ਇਸ ਦਾ ਚੋਣ-ਜ਼ਾਬਤਾ ਲਾਗੂ ਕੀਤਾ ਜਾਵੇਗਾ, ਉਸ ਦੇ ਬਾਅਦ ਅਚਾਨਕ ਉਹ ਟੀਮ ਕਈ ਧਿਰਾਂ ਤੋਂ ਆਪੋ-ਆਪਣੇ ਰਾਜਸੀ ਕਿੱਲੇ ਦਾ ਰੱਸਾ ਤੁੜਵਾ ਕੇ ਇੱਕੋ ਵੱਡੀ ਧਿਰ ਨਾਲ ਜੁੜਨ ਦੇ ਐਲਾਨ ਕਰਵਾਉਣ ਲਈ ਏਦਾਂ ਦੀ ਸਰਗਰਮੀ ਕਰਨ ਵਾਲੀ ਸੁਣੀਂਦੀ ਹੈ, ਜਿਸ ਦਾ ਤੋੜ ਵਿਰੋਧੀ ਧਿਰ ਕੋਲ ਨਹੀਂ ਹੋਣਾ। ਚੋਣ ਦਾ ਐਲਾਨ ਹੋਣ ਤੋਂ ਪਹਿਲਾਂ ਫਾਰੂਖ ਅਬਦੁੱਲਾ ਵਰਗੇ ਲੀਡਰਾਂ ਦਾ ਕਸ਼ਮੀਰ ਵਿੱਚ ਆਪੇ ਸ਼ੁਰੂ ਕੀਤੇ ਰਾਜਸੀ ਪੜੁੱਲ 'ਗੁਪਕਾਰ ਅੰਦੋਲਨ' ਤੋਂ ਵੱਖਰੇ ਹੋਣ ਤੇ ਆਪਣੇ ਸਿਰ ਇਕੱਲੇ ਚੋਣਾਂ ਲੜਨ ਦਾ ਬਿਆਨ ਇਸੇ ਦਾ ਸੰਕੇਤ ਹੈ। ਜਿਸ ਦਿਨ ਧਾਰਾ ਤਿੰਨ ਸੌ ਸੱਤਰ ਤੋੜਨ ਦਾ ਐਲਾਨ ਨਰਿੰਦਰ ਮੋਦੀ ਸਰਕਾਰ ਨੇ ਕੀਤਾ ਸੀ, ਓਦੋਂ ਇਸ ਦੇ ਵਿਰੋਧ ਵਿੱਚ ਹਰ ਹੱਦ ਤੱਕ ਲੜਨ ਦੇ ਨਾਅਰੇ ਮਾਰਨ ਵਾਲੇ ਗੁਲਾਮ ਨਬੀ ਆਜ਼ਾਦ ਵਰਗੇ ਕਾਂਗਰਸੀ ਸਾਬਕਾ ਮੁੱਖ ਮੰਤਰੀ ਬਾਅਦ ਵਿੱਚ ਪਾਰਟੀ ਤੇ ਪੈਂਤੜਾ ਦੋਵੇਂ ਛੱਡ ਗਏ ਸਨ ਤੇ ਅੱਜਕੱਲ੍ਹ ਨਰਿੰਦਰ ਮੋਦੀ ਦੀ ਅਗਵਾਈ ਦੀਆਂ ਸਿਫਤਾਂ ਕਰਦੇ ਪਏ ਹਨ। ਲੋਕ ਸਭਾ ਚੋਣਾਂ ਵਿੱਚ ਉਹ ਸਿੱਧਾ ਭਾਵੇਂ ਭਾਜਪਾ ਨਾਲ ਕੋਈ ਸਮਝੌਤਾ ਨਾ ਕਰਨ, ਵਲਾਵਾਂ ਪਾ ਕੇ ਤਾਲਮੇਲ ਕਰਨ ਦੇ ਜਿੰਦਾਂ ਦੇ ਸੰਕੇਤ ਦੋਵਾਂ ਪਾਸਿਆਂ ਤੋਂ ਮਿਲਦੇ ਹਨ, ਓਦਾਂ ਦੇ ਸੰਕੇਤ ਮਹਾਰਾਸ਼ਟਰ ਵੱਲ ਵੀ ਇੱਕ ਵਾਰ ਫਿਰ ਸ਼ਿਵ ਸੈਨਾ ਨਾਲ ਗੱਠਜੋੜ ਕਰ ਕੇ ਊਧਵ ਠਾਕਰੇ ਨੂੰ ਨਾਲ ਲੈਣ ਦੇ ਯਤਨਾਂ ਤੋਂ ਮਿਲਣ ਲੱਗੇ ਹਨ। ਆਂਧਰਾ ਪ੍ਰਦੇਸ਼ ਦੇ ਦੋਵੇਂ ਪ੍ਰਮੁੱਖ ਆਗੂ, ਮੁੱਖ ਮੰਤਰੀ ਜਗਨ ਮੋਹਨ ਰੈਡੀ ਤੇ ਉਸ ਦੇ ਧੁਰ ਵਿਰੋਧੀ ਚੰਦਰ ਬਾਬੂ ਨਾਇਡੂ ਦਾ ਭਾਜਪਾ ਦੇ ਨਾਲ ਜੁੜਨ ਲਈ ਆਪਸ ਵਿੱਚ ਮੁਕਾਬਲਾ ਚੱਲ ਰਿਹਾ ਹੈ। ਦੋਵਾਂ ਵਿੱਚੋਂ ਅਸਲ ਵਿੱਚ ਕੋਈ ਵੀ ਦਿਲ ਤੋਂ ਭਾਜਪਾ ਨਾਲ ਜੁੜਨਾ ਪਸੰਦ ਨਹੀਂ ਕਰਦਾ, ਪਰ ਦੋਵਾਂ ਜਣਿਆਂ ਦੇ ਖਿਲਾਫ ਕੇਂਦਰੀ ਏਜੰਸੀਆਂ ਦੀਆਂ ਫਾਈਲਾਂ ਦੇ ਥੱਬੇ ਉਨ੍ਹਾਂ ਨੂੰ ਇਸ ਜੀ-ਹਜ਼ੂਰੀ ਲਈ ਮਜਬੂਰ ਕਰਦੇ ਹਨ ਤੇ ਦੋਵਾਂ ਵਿੱਚੋਂ ਨਾਲ ਕਿਸ ਨੂੰ ਲੈਣਾ ਹੈ, ਇਹ ਭਾਜਪਾ ਲੀਡਰਸ਼ਿਪ ਦੀ ਮਰਜ਼ੀ ਉੱਤੇ ਨਿਰਭਰ ਕਰੇਗਾ। ਕੀ ਕਾਂਗਰਸ ਜਾਂ ਉਸ ਦੇ ਸਹਿਯੋਗੀਆਂ ਵਿੱਚੋਂ ਕਿਸੇ ਇੱਕ ਧਿਰ ਕੋਲ ਵੀ ਇਹੋ ਜਿਹੀ ਕੋਈ ਮਨਮਰਜ਼ੀ ਦੀ ਸਥਿਤੀ ਵਾਲਾ ਰਾਜ ਹੈ!

ਜਦੋਂ ਹਾਲਾਤ ਏਦਾਂ ਦੇ ਮੰਝਧਾਰ ਵਾਲੇ ਹੋਣ ਤਾਂ ਘੱਟੋ-ਘੱਟ ਇੱਕ ਸਾਂਝੇ ਵਿਰੋਧੀ ਨਾਲ ਸਿੱਝਣ ਲਈ ਤਾਲਮੇਲ ਦੇ ਕੋਈ ਨੁਕਤੇ ਲੱਭਣੇ ਹੁੰਦੇ ਹਨ, ਪਰ ਇਹ ਕੰਮ ਵੇਲੇ ਦੀ ਮੁੱਖ ਵਿਰੋਧੀ ਧਿਰ ਨੂੰ ਕਰਨਾ ਪੈਂਦਾ ਹੈ। ਕਾਂਗਰਸੀ ਆਗੂਆਂ ਦੇ ਸਿਰ ਇਸ ਵੇਲੇ ਇਹ ਜ਼ਿੰਮੇਵਾਰੀ ਸੀ ਕਿ ਉਹ ਏਦਾਂ ਦਾ ਮਾਹੌਲ ਬਣਾਉਂਦੇ ਕਿ ਬਾਕੀ ਧਿਰਾਂ ਉਸ ਨਾਲ ਜੁੜ ਕੇ ਚੱਲਣ ਨੂੰ ਸੁਖਾਲਾ ਤਿਆਰ ਹੋ ਸਕਦੀਆਂ, ਪਰ ਜਿਹੜੇ ਰਾਜ ਵਿੱਚ ਕਾਂਗਰਸ ਦਾ ਬਾਗੀਂ ਕੋਹੀਂ ਦੀਵਾ ਨਹੀਂ ਜਗਦਾ ਦਿੱਸਦਾ, ਉਹ ਉਸ ਰਾਜ ਵਿੱਚ ਵੀ ਖੁਦ ਨੂੰ ਮੋਹਰੀ ਵਜੋਂ ਪੇਸ਼ ਕਰਨਾ ਚਾਹੁੰਦੇ ਹਨ। ਜਦੋਂ ਇਹ ਗੱਲ ਪਤਾ ਹੈ ਕਿ ਅਖਿਲੇਸ਼ ਯਾਦਵ ਦੇ ਜੋ ਵੀ ਨੁਕਸ ਹੋਣ, ਉੱਤਰ ਪ੍ਰਦੇਸ਼ ਵਿੱਚ ਉਸ ਨੂੰ ਲਾਂਭੇ ਕਰ ਕੇ ਕਾਂਗਰਸ ਪਾਰਟੀ ਓਥੇ ਭਾਜਪਾ ਵਿਰੁੱਧ ਕੁਝ ਕਰ ਸਕਣ ਦੀ ਸਥਿਤੀ ਵਿੱਚ ਨਹੀਂ ਤਾਂ ਇਸ ਹਾਲਤ ਮੁਤਾਬਕ ਚੱਲਣਾ ਪੈਣਾ ਹੈ, ਪਰ ਕਾਂਗਰਸ ਦਾ ਕੋੜਮਾ ਆਪਣੇ ਰਵਾਇਤੀ ਆਗੂ ਪਰਵਾਰ ਦੇ ਦੋ ਮੈਂਬਰਾਂ ਰਾਹੁਲ ਗਾਂਧੀ ਅਤੇ ਪ੍ਰਿਅੰਕਾ ਗਾਂਧੀ ਨੂੰ ਓਥੇ ਵੀ ਅੱਗੇ ਰੱਖਣਾ ਚਾਹੁੰਦਾ ਹੈ। ਉਸ ਰਾਜ ਵਿੱਚ ਬਿਨਾਂ ਸੋਚੇ ਉਨ੍ਹਾਂ ਦੀ ਅਖਿਲੇਸ਼ ਸਿੰਘ ਯਾਦਵ ਅਤੇ ਸਮਾਜਵਾਦੀ ਪਾਰਟੀ ਦੇ ਵਿਰੁੱਧ ਬਿਆਨਬਾਜ਼ੀ ਵੀ ਕੁਵੇਲੇ ਦਾ ਰਾਗ ਬਣ ਕੇ ਸਿਰ ਚੁੱਕਦੀ ਅਤੇ ਹਰ ਸੰਭਾਵਨਾ ਦਾ ਰਸਤਾ ਰੋਕ ਦੇਂਦੀ ਹੈ। ਇਨ੍ਹਾਂ ਹਰਕਤਾਂ ਕਾਰਨ ਹੀ ਰਾਹੁਲ ਗਾਂਧੀ ਨੂੰ ਪਿਛਲੀ ਵਾਰੀ ਆਪਣੀ ਅਮੇਠੀ ਦੀ ਸੀਟ ਦੇ ਨਾਲ ਅਚਾਨਕ ਕੇਰਲਾ ਦੇ ਵਾਇਨਾਡ ਦੀ ਸੀਟ ਤੋਂ ਚੋਣ ਲੜਨ ਦਾ ਰਾਹ ਫੜਨਾ ਪਿਆ ਸੀ ਅਤੇ ਜੇ ਏਦਾਂ ਨਾ ਕੀਤਾ ਹੁੰਦਾ ਤਾਂ ਉਹ ਓਦੋਂ ਹੀ ਪਾਰਲੀਮੈਂਟ ਤੋਂ ਪਾਸੇ ਹੋ ਗਿਆ ਹੁੰਦਾ। ਇਸ ਵਾਰੀ ਅਮੇਠੀ ਦੇ ਬਾਅਦ ਨਾਲ ਲੱਗਦੀ ਰਾਏ ਬਰੇਲੀ ਦੀ ਖਾਨਦਾਨੀ ਵਿਰਾਸਤ ਸਮਝੀ ਜਾਂਦੀ ਸੀਟ ਵੀ ਜਿੱਤ ਸਕਣ ਦੇ ਕੋਈ ਸੰਕੇਤ ਨਹੀਂ ਮਿਲਦੇ, ਪਰ ਕਾਂਗਰਸੀ ਆਗੂ ਪ੍ਰਿਅੰਕਾ ਗਾਂਧੀ ਨੂੰ ਓਥੋਂ ਚੋਣ ਲੜਾਉਣ ਦਾ ਮਨ ਬਣਾਈ ਬੈਠੇ ਹਨ। ਭਾਜਪਾ ਦੇ ਆਗੂ ਇਸ ਐਲਾਨ ਦੀ ਉਡੀਕ ਵਿੱਚ ਹਨ ਕਿ ਪ੍ਰਿਅੰਕਾ ਗਾਂਧੀ ਉਸ ਹਲਕੇ ਤੋਂ ਚੋਣ ਲੜੇਗੀ, ਇਸ ਦੇ ਬਾਅਦ ਕੋਈ ਵੱਡੀ ਚਰਚਿਤ ਹਸਤੀ ਅਚਾਨਕ ਲਿਆ ਕੇ ਉਸ ਦਾ ਰਾਹ ਰੋਕਣ ਦਾ ਯਤਨ ਕਰਨ ਲਈ ਭਾਜਪਾ ਵੱਲੋਂ ਅਗੇਤੀ ਤਿਆਰੀ ਹੋਈ ਪਈ ਹੈ।

ਕਾਂਗਰਸ ਪਾਰਟੀ ਨੂੰ ਉਹ ਵਕਤ ਯਾਦ ਕਰਨਾ ਚਾਹੀਦਾ ਹੈ, ਜਦੋਂ ਸੋਨੀਆ ਗਾਂਧੀ ਨੇ ਪਹਿਲੀ ਚੋਣ ਲੜਨ ਵਾਸਤੇ ਕਾਗਜ਼ ਭਰਨੇ ਸਨ ਤਾਂ ਉਸ ਦੇ ਲੀਡਰਾਂ ਦੇ ਸਾਰਾ ਕੁਝ ਗੁਪਤ ਰੱਖਣ ਦੇ ਬਾਵਜੂਦ ਭਾਜਪਾ ਵਾਲਿਆਂ ਨੇ ਸੁਸ਼ਮਾ ਸਵਰਾਜ ਦਾ ਹੈਲੀਕਾਪਟਰ ਚੁੱਪ-ਚੁਪੀਤੇ ਤਿਆਰ ਕਰ ਛੱਡਿਆ ਸੀ। ਜਦੋਂ ਸੋਨੀਆ ਗਾਂਧੀ ਦਾ ਹੈਲੀਕਾਪਟਰ ਉੱਡਿਆ ਤਾਂ ਸੁਸ਼ਮਾ ਦਾ ਹੈਲੀਕਾਪਟਰ ਵੀ ਉੱਡ ਪਿਆ ਅਤੇ ਸਾਰਾ ਦਿਨ ਦੋਵੇਂ ਹੈਲੀਕਾਪਟਰ ਅੱਗੜ-ਪਿੱਛੜ ਅਸਮਾਨ ਵਿੱਚ ਉਡਾਰੀਆਂ ਦੇ ਬਾਅਦ ਕਾਗਜ਼ ਦਾਖਲ ਕਰਨ ਦਾ ਸਮਾਂ ਮੁੱਕਣ ਤੋਂ ਕੁਝ ਪਲ ਪਹਿਲਾਂ ਸੋਨੀਆ ਗਾਂਧੀ ਕਰਨਾਟਕ ਦੇ ਬੇਲਾਰੀ ਹਲਕੇ ਵਿੱਚ ਚੋਣ ਅਧਿਕਾਰੀ ਕੋਲ ਕਾਗਜ਼ ਭਰਨ ਜਾ ਪਹੁੰਚੀ ਸੀ। ਉਹ ਅਜੇ ਕਾਗਜ਼ ਭਰਦੀ ਪਈ ਸੀ ਕਿ ਚੋਣ ਅਫਸਰ ਦੇ ਦਰਵਾਜ਼ੇ ਮੂਹਰੇ ਕਾਗਜ਼ ਭਰਨ ਵਾਸਤੇ ਸੁਸ਼ਮਾ ਸਵਰਾਜ ਆ ਖੜੋਤੀ ਅਤੇ ਓਥੇ ਉਨ੍ਹਾਂ ਦੋਵਾਂ ਦਾ ਇਹੋ ਜਿਹਾ ਚੋਣ ਭੇੜ ਹੋਇਆ ਸੀ ਕਿ ਸੋਨੀਆ ਗਾਂਧੀ ਲਈ ਬਾਕੀ ਦੇਸ਼ ਵਿੱਚ ਜਾਣਾ ਔਖਾ ਹੋਇਆ ਰਿਹਾ ਸੀ। ਇਸ ਵਾਰੀ ਭਾਜਪਾ ਲੀਡਰਸ਼ਿਪ ਫਿਰ ਓਦਾਂ ਦੀ ਤਿਆਰੀ ਵਿੱਚ ਹੈ ਤੇ ਪ੍ਰਿਅੰਕਾ ਗਾਂਧੀ ਅਤੇ ਰਾਹੁਲ ਗਾਂਧੀ ਦੋਵਾਂ ਨੂੰ ਬੁਰੀ ਤਰ੍ਹਾਂ ਘੇਰਿਆ ਜਾਣਾ ਤੈਅ ਸੁਣਿਆ ਜਾਂਦਾ ਹੈ। ਉਸ ਹਾਲਤ ਵਿੱਚ ਕਾਂਗਰਸ ਪਾਰਟੀ ਲਈ ਜ਼ਰੂਰੀ ਹੈ ਕਿ ਉਹ ਆਪਣੇ ਆਪ ਨੂੰ ਮੁਨੱਵਰ ਰਾਣਾ ਦੇ ਕਹੇ ਹੋਏ ਸ਼ਬਦਾਂ ਮੁਤਾਬਕ 'ਖੁਦ ਕੋ ਸ਼ਹਿਜ਼ਾਦੀ' ਸਮਝਣ ਅਤੇ ਪ੍ਰਚਾਰਨ ਦੇ ਵਹਿਮ ਤੋਂ ਬਾਹਰ ਨਿਕਲੇ। ਜਿਹੜੇ ਹਾਲਾਤ ਦੇਸ਼ ਦੇ ਬਣਦੇ ਜਾਂਦੇ ਹਨ, ਇਨ੍ਹਾਂ ਸਾਰੇ ਪੱਖਾਂ ਬਾਰੇ ਕਾਂਗਰਸ ਪਾਰਟੀ ਦੇ ਨਾਲ ਉਨ੍ਹਾਂ ਸਭਨਾਂ ਸਿਆਸੀ ਧਿਰਾਂ ਲਈ ਸੋਚਣ ਦੀ ਜ਼ਿੰਮੇਵਾਰੀ ਵੀ ਹੈ, ਜਿਨ੍ਹਾਂ ਦੀ ਨਜ਼ਰ ਆਪਣੇ ਪੈਰਾਂ ਤੱਕ ਸੀਮਤ ਨਹੀਂ। ਭਵਿੱਖ ਦਾ ਭਾਰਤ ਕਿਹੋ ਜਿਹਾ ਹੋਵੇਗਾ, ਇਸ ਵਾਰ ਦੀਆਂ ਲੋਕ ਸਭਾ ਚੋਣਾਂ ਉਸ ਆਖਰੀ ਫੈਸਲੇ ਦੀ ਘੜੀ ਵੀ ਸਾਬਤ ਹੋ ਸਕਦੀਆਂ ਹਨ।

# ਘਨੱਈਏ, ਬੁੱਚੜ ਤੇ ਫੇਲ੍ਹ ਗਰੰਟੀ

**ਸੁਲਘਦੇ ਸਵਾਲ**

**ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ**

ਮੰਨੀਆਂ ਮੰਗਾਂ ਪੂਰੀਆਂ ਨਾ ਕਰਨ 'ਤੇ ਦੇਸ਼ ਦਾ ਕਿਸਾਨ ਫਿਰ ਸੰਘਰਸ਼ ਦੇ ਰਾਹ ਪਿਆ ਹੈ। ਇਹ ਵਰਤਾਰਾ ਕੋਈ ਅਚਾਨਕ ਨਹੀਂ, ਸਗੋਂ ਮੰਨੀਆਂ ਮੰਗਾਂ ਪੂਰੀਆਂ ਕਰਨ ਲਈ ਬਣਦਾ ਸਮਾਂ ਦੇ ਕੇ ਦੁਬਾਰਾ ਤੇਰਾਂ ਫਰਵਰੀ ਤੋਂ ਹੋਂਦ ਵਿੱਚ ਆਇਆ ਹੈ। ਦੁਖੀ ਕਿਸਾਨ ਮੁੜ ਸੰਘਰਸ਼ ਦੇ ਰਾਹ ਨਾ ਪੈਣ, ਇਸ ਵਾਸਤੇ ਵੀ ਸੰਬੰਧਤ ਸਰਕਾਰ ਅਤੇ ਕਿਸਾਨ ਨੇਤਾਵਾਂ ਵੱਲੋਂ ਲੰਬੀਆਂ ਤੋਂ ਲੰਬੀਆਂ ਮੀਟਿੰਗਾਂ ਕੀਤੀਆਂ ਗਈਆਂ। ਜਿਸ ਨੂੰ ਅਜੇ ਤੱਕ ਬੂਰ ਨਹੀਂ ਪਿਆ। ਇਸ ਚਾਲੂ ਸੰਘਰਸ਼ ਨੂੰ ਰੋਕਣ ਲਈ ਇਸ ਵਾਰ ਕੇਂਦਰ ਸਰਕਾਰ ਅਤੇ ਭਾਜਪਾ ਦੀ ਹਰਿਆਣਾ ਸਰਕਾਰ ਨੇ ਕਿਸਾਨਾਂ ਨੂੰ ਰੋਕਣ ਲਈ ਆਪਣਾ ਪੂਰਾ ਟਿੱਲ ਲਾਇਆ ਹੋਇਆ ਹੈ। ਕਿੰਨੀ ਅਜੀਬ ਗੱਲ ਹੈ ਕਿ ਦੇਸ਼ ਦੇ ਲੋਕਾਂ ਦੁਆਰਾ ਚੁਣੀ ਹੋਈ ਸਰਕਾਰ ਨੂੰ ਦੇਸ਼ ਦੇ ਅੰਨ-ਦਾਤਿਆਂ ਨੂੰ ਮਿਲਣ ਨਹੀਂ ਦਿੱਤਾ ਜਾ ਰਿਹਾ। ਉਹ ਵੀ ਉਦੋਂ ਜਦੋਂ ਉਹ ਸ਼ਾਂਤਮਈ ਸੰਘਰਸ਼ ਨਾਲ ਮਿਲਣ ਜਾ ਰਹੇ ਹਨ। ਇਸ ਵਾਰ ਹਰਿਆਣਾ ਅਤੇ ਕੇਂਦਰ ਸਰਕਾਰ ਵੱਲੋਂ ਰਸਤੇ 'ਚ ਖੜੀਆਂ ਕੀਤੀਆਂ ਰੁਕਾਵਟਾਂ ਤੋਂ ਲਗਦਾ ਹੈ ਕਿ ਉਹ ਮੀਟਿੰਗਾਂ ਕਰਨ ਦਾ ਸਵਾਂਗ ਰਚਾ ਕੇ ਆਰ-ਪਾਰ ਦੀ ਲੜਾਈ ਲਈ ਤਿਆਰੀ ਕਰ ਰਹੀ ਹੋਵੇ, ਪਰ ਮੌਕੇ ਦੀ ਕੇਂਦਰ ਸਰਕਾਰ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਇਸ ਕਿਸਾਨ ਮੋਰਚੇ ਦੀ ਸਮੁੱਚੀ ਅਗਵਾਈ ਉਸ ਪੰਜਾਬ ਕੋਲ ਹੈ, ਜਿਸ ਨੇ ਅੱਜ ਤੱਕ ਹਰ ਵਿਦੇਸ਼ੀ ਹਮਲਾਆਵਰ ਨੂੰ ਹਮਲੇ ਦਾ ਸਮੇਂ-ਸਮੇਂ ਸਿਰ ਮੂੰਹ ਤੋੜਵਾਂ ਜਵਾਬ ਦਿੱਤਾ ਹੈ ਅਤੇ ਅਗੋਂ ਦਿੰਦਾ ਰਹੇਗਾ।

ਇਸ ਮੌਜੂਦਾ ਕਿਸਾਨ ਸੰਘਰਸ਼ ਦੀਆਂ ਜੋ ਖ਼ਬਰਾਂ ਵੱਖ-ਵੱਖ ਚੈਨਲਾਂ ਤੋਂ ਸੁਣਾਈਆਂ ਅਤੇ ਦਿਖਾਈਆਂ ਜਾ ਰਹੀਆਂ ਹਨ, ਉਸ ਮੁਤਾਬਕ ਤਾਂ ਲੱਗਦਾ ਹੈ ਕਿ ਜਿਵੇਂ ਸੂਬੇ ਅਤੇ ਸੈਂਟਰ ਵੱਲੋਂ ਤਾਇਨਾਤ ਵੱਖ-ਵੱਖ ਫੋਰਸਾਂ ਆਪਣੇ ਦੇਸ਼ ਦੇ ਅੰਨ ਦਾਤਿਆਂ ਨਾਲ ਨਹੀਂ, ਬਲਕਿ ਕਿਸੇ ਗਵਾਂਢੀ ਦੇਸ਼ ਨਾਲ ਭਿੜ ਰਹੀ ਹੋਵੇ। ਅੰਤਾਂ ਦੀਆਂ ਬੇਸ਼ੁਮਾਰ ਰੁਕਾਵਟਾਂ ਖੜੀਆਂ ਕੀਤੀਆਂ ਗਈਆਂ ਹਨ, ਜਿਨ੍ਹਾਂ 'ਚ ਖੂਹਨੁਮਾ ਟੋਏ ਪੁੱਟੇ ਗਏ ਹਨ, ਗਰੀਬੀ ਦੀ ਹਾਲਤ 'ਚ ਕਿਸ਼ਤਾਂ 'ਚ ਲਏ ਟਰੈਕਟਰਾਂ ਨੂੰ ਪੰਚਰ ਕਰਨ ਲਈ ਇਵੇਂ ਵੱਡੇ-ਵੱਡੇ ਕਿੱਲ ਅਤੇ ਨੋਕੀਲੇ ਸਰੀਏ ਗੱਡੇ ਗਏ ਹਨ। ਜਿਵੇਂ ਦੁਸ਼ਮਣ ਦੀ ਸੈਨਾ ਨੂੰ ਰੋਕਣ ਲਈ ਜੰਗਾਂ ਸਮੇਂ ਕੀਤਾ ਜਾਂਦਾ ਹੈ। ਇਸ ਲੜਾਈ ਜਾਂ ਸੰਘਰਸ਼ 'ਚ ਪੰਜਾਬ ਦਾ ਛੋਟਾ ਭਰਾ ਜੋ ਪੰਜਾਬ ਦਾ ਹਿੱਸਾ ਕੱਟਣ ਤੋਂ ਹੋਂਦ ਵਿੱਚ ਆਇਆ ਹੈ, ਉਹ ਹੀ ਮਾਣ ਨਹੀਂ। ਉਹ ਛੋਟਾ ਭਰਾ ਵੀ ਦੁਸ਼ਮਣਾਂ ਵਾਂਗ ਥਾਪੀਆਂ ਮਾਰ ਰਿਹਾ ਹੈ, ਪਰ ਉਸ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਅੰਨਦਾਤੇ ਕਿਸਾਨ ਨੇ ਆਪਣੇ ਦੁਖੜੇ ਸੁਣਾਉਣ ਲਈ ਦੇਸ਼ ਦੇ ਰਾਜੇ ਪਾਸ ਜਾਣਾ ਹੈ। ਇਹ ਅਲੱਗ ਗੱਲ ਹੈ ਕਿ ਭਾਵੇਂ ਉਸ ਵਿੱਚ ਇਸ ਵੇਲੇ ਤਾਨਾਸ਼ਾਹ ਦੀ ਰੂਹ ਪ੍ਰਵੇਸ਼ ਹੋ ਰਹੀ ਹੈ। ਜੇ ਗੱਲਬਾਤ ਰਾਹੀਂ ਸਮੱਸਿਆ ਦਾ ਹੱਲ ਨਾ ਨਿਕਲਿਆ ਤਾਂ ਮੌਜੂਦਾ ਰੁਕਾਵਟਾਂ ਨੂੰ ਕਿਸਾਨਾਂ ਦੀ ਏਕਤਾ ਨੇ ਪਾਰ ਕਰਨਾ ਹੀ ਕਰਨਾ ਹੈ।

ਵਾਅਦਾ ਕਰਕੇ ਮੁੱਕਰਿਆ ਮੌਜੂਦਾ ਮੁਖੀ ਜੋ ਅਜਿਹੇ ਮੌਕਿਆਂ 'ਤੇ ਅਕਸਰ ਮੌਨ ਜਾਂ ਵਿਦੇਸ਼ ਰਹਿੰਦਾ ਹੈ, ਅੱਜ-ਕੱਲ੍ਹ ਵਿਦੇਸ਼ੀ ਦੌਰੇ 'ਤੇ ਜਾ ਕੇ ਜੱਫੀਆਂ ਪਾ ਰਿਹਾ ਹੈ। ਜੋ ਬਾਹਰ ਜਾ ਕੇ ਵੀ ਝੂਠ ਪ੍ਰਚਾਰ ਰਿਹਾ ਹੈ ਕਿ ਮੋਦੀ ਦੀ ਗਰੰਟੀ ਪਕੀ ਹੁੰਦੀ ਹੈ। ਜਿਹੜੀ ਗਰੰਟੀ ਅੰਨ-ਦਾਤਿਆਂ ਪ੍ਰਤੀ ਕਦੇ ਵੀ ਸੱਚੀ ਸਾਬਤ ਨਹੀਂ ਹੋਈ। ਨਾ ਕਿਸਾਨ ਦੀ ਆਮਦਨ ਦੁੱਗਣੀ ਹੋਈ, ਨਾ ਕਰਜ਼ਾ ਮੁਆਫ਼ ਹੋਇਆ, ਨਾ ਮੰਨਣ ਤੋਂ ਬਾਅਦ ਐੱਮ ਐੱਸ ਪੀ ਜੋ ਇੱਕ ਕਿਸਾਨ ਨੂੰ ਜੀਵਤ ਰੱਖਣ ਲਈ ਅਤੀ ਜ਼ਰੂਰੀ ਹੈ ਦਿੱਤੀ। ਜੋ ਸਮੇਂ-ਸਮੇਂ ਜਨਤਾ ਨੂੰ ਮੂਰਖ ਬਣਾਉਣ ਲਈ ਵਿਊਂਤਾਂ ਬਣਾਉਂਦਾ ਰਹਿੰਦਾ ਹੈ। ਜਿਵੇਂ ਹੁਣੇ-ਹੁਣੇ ਹੀ ਸਵਾਮੀਨਾਥਨ ਜੀ ਨੂੰ ਬੜੇ ਚਿਰਾਂ ਬਾਅਦ ਮਰਨ ਉਪਰੰਤ 'ਭਾਰਤ ਰਤਨ' ਦੇ ਕੇ ਕੀਤਾ ਹੈ, ਜਿਸ ਸਵਾਮੀਨਾਥਨ ਦੀ ਰਿਪੋਰਟ ਦੀ ਇਕਧਾਰਾ ਵੀ ਲਾਗੂ ਨਹੀਂ ਕੀਤੀ। ਨਾ ਹੀ ਮਹਿੰਗਾਈ ਘਟੀ, ਜਿਸ ਤੇ ਸਵਰਗੀਏ ਸਵਾਮੀਨਾਥਨ ਦੀਆਂ ਦੋ ਧੀਆਂ ਨੇ ਵੀ




ਹਾਅ ਦਾ ਨਾਅਰਾ ਮਾਰਿਆ ਹੈ। ਜੋ ਕਹਿ ਰਹੀਆਂ ਹੋਣ ਕਿ 'ਭਾਰਤ ਰਤਨ' ਦੇਣ ਤੋਂ ਬਾਅਦ 'ਚ ਤਾਂ ਸਰਕਾਰ ਕੁਝ ਸ਼ਰਮ ਕਰੇ। ਪੁੱਛਿਆ ਜਾ ਸਕਦਾ ਹੈ ਕਿ ਸ੍ਰੀ ਅਡਵਾਨੀ ਜੀ ਨੇ ਪਾਰਟੀ ਲਈ ਤਾਂ ਬਹੁਤ ਕੁਝ ਕੀਤਾ ਹੋਵੇਗਾ, ਜਿਸ ਨਾਲ ਭਾਜਪਾ ਦੋ ਤੋਂ ਵਧ ਕੇ ਅੱਜ ਵਾਲਾ ਰੁਤਬਾ ਕਾਇਮ ਕਰ ਸਕੀ, ਪਰ ਦੇਸ਼ ਲਈ ਉਸ ਨੇ ਕੀ ਕੀਤਾ ਕਿ ਉਹ "ਭਾਰਤ ਰਤਨ" ਦਾ ਹੱਕਦਾਰ ਬਣ ਗਿਆ? ਉਸ ਨੇ ਤਾਂ ਰੱਥ ਯਾਤਰਾ ਕੱਢ ਕੇ ਦੇਸ਼ 'ਚ ਅੱਗ ਲਾਉਣ ਅਤੇ ਫਿਰਕੂ ਹਿੰਸਾ ਤੋਂ ਵੱਧ ਕੁਝ ਨਹੀਂ ਕੀਤਾ। ਕਿਸਾਨਾਂ ਦੀਆਂ ਮੰਗਾਂ ਦਾ ਮੁੱਖ ਚਾਰਟ ਇੱਕ ਪਾਸੇ ਰੱਖ ਕੇ ਜੇਕਰ ਉਨ੍ਹਾਂ ਨੂੰ ਸਵਾਮੀਨਾਥਨ ਦੀ ਰਿਪੋਰਟ ਮੁਤਾਬਕ ਦਿੱਤਾ ਜਾਵੇ ਤਾਂ ਸਮੁੱਚੀ ਕਿਸਾਨੀ ਅੱਜ ਹੀ ਸੰਤੁਸ਼ਟ ਹੋ ਜਾਵੇਗੀ, ਪਰ ਮੌਜੂਦਾ ਮੁਖੀ ਅਤੇ ਉਸ ਦੇ ਨਾਇਬ ਇਸ ਸਭ ਕਾਸੇ ਨੂੰ ਟਾਲਣ ਲਈ ਬਹਾਨਿਆਂ ਦੀ ਖੋਜ 'ਚ ਹਨ। ਜੇ ਹਿਸਾਬ-ਕਿਤਾਬ ਲਾ ਕੇ ਸੋਚਿਆ ਜਾਵੇ ਤਾਂ ਸਾਫ਼ ਹੋ ਜਾਵੇਗਾ ਕਿ ਜਿੰਨਾ ਖਰਚਾ ਕਿਸਾਨਾ ਵੱਲੋਂ ਅੰਦੋਲਨ ਕਰਨ ਤੇ ਸਰਕਾਰ ਵੱਲੋਂ ਇਸ ਨੂੰ ਰੋਕਣ ਤੇ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਸੰਘਰਸ਼ ਕਰਦੇ ਲੋਕਾਂ ਦੇ ਏਕੇ ਲਈ ਤਾਂਘਦੇ ਲੋਕ-8

**ਲੋਕਾਂ ਦੀ ਗੱਲ**

**ਹਰਜਿੰਦਰ ਸਿੰਘ ਅਟਵਾਲ (ਡਾ.)**

ਵਰਤਮਾਨ ਕਿਸਾਨੀ ਸੰਘਰਸ਼ ਦੀ ਗੱਲ ਕਰਨ ਤੋਂ ਪਹਿਲਾ ਕੁਝ ਉਨ੍ਹਾਂ ਇਤਿਹਾਸ ਘੋਲਾਂ ਨੂੰ ਸਮਝੀਏ, ਜੋ ਇਸ ਖਿੱਤੇ ਵਿੱਚ ਲੜੇ ਗਏ। ਪੰਜਾਬ ਦਾ ਇਹ ਖਿੱਤਾ ਜਿੱਥੇ ਅਸੀਂ ਰਹਿ ਰਹੇ ਹਾਂ, ਭਾਵ ਚੜ੍ਹਦਾ ਪੰਜਾਬ ਅਤੇ ਪਾਕਿਸਤਾਨ ਵਾਲਾ ਲਹਿੰਦਾ ਪੰਜਾਬ ਖੇਤੀ ਦੇ ਆਸਰੇ ਗੁਜ਼ਰ-ਬਸਰ ਕਰਨ ਵਾਲਾ ਖੇਤਰ ਰਿਹਾ ਹੈ। ਉੱਨੀਵੀਂ ਸਦੀ ਦੀ ਆਖਰੀ ਚੌਥਾਈ ਵਿੱਚ ਅੰਗਰੇਜ਼ ਹਕੂਮਤ ਨੇ ਜੰਗਲ ਆਬਾਦ ਕਰਕੇ 'ਬਾਰਾਂ' ਵਸਾ ਕੇ ਇਸ ਉਪਜਾਊ ਧਰਤੀ ਨੂੰ ਵਰਤਿਆ ਵੀ ਅਤੇ ਲੁੱਟਿਆ ਵੀ। ਦੁਆਬੇ ਵਿੱਚੋਂ ਖਾਸ ਕਰਕੇ ਅਤੇ ਮਾਝੇ-ਮਾਲਵੇ ਵਿੱਚੋਂ ਕੁਝ ਚੋਣਵੇਂ ਕਿਸਾਨਾਂ ਨੇ ਉਨ੍ਹਾਂ ਨਵੀਆਂ ਵਸੀਆਂ ਬਾਰਾਂ ਵਿੱਚ ਜ਼ਮੀਨਾਂ ਆਬਾਦ ਕੀਤੀਆਂ, ਜੰਗਲਾਂ ਦੀ ਕਟਾਈ ਕਰਦਿਆਂ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਵੀ ਕੀਤਾ, ਪਰ ਇਸ ਦੇ ਨਾਲ-ਨਾਲ ਜਾਂ ਇਸ ਤੋਂ ਵੀ ਵਧੇਰੇ ਇਨ੍ਹਾਂ ਆਬਾਦਕਾਰ ਕਿਸਾਨਾਂ ਨੂੰ ਉਨ੍ਹਾਂ 'ਜਾਂਗਲੀਆਂ' ਦੇ ਵਿਰੋਧ ਦਾ ਵੀ ਸਾਹਮਣਾ ਕਰਨਾ ਪਿਆ, ਜਿਹੜੇ ਉਨ੍ਹਾਂ ਜ਼ਮੀਨਾਂ 'ਤੇ ਅਣਅਧਿਕਾਰਤ ਤੌਰ 'ਤੇ ਲੰਮੇ ਸਮੇਂ ਤੋਂ ਕਾਬਜ਼ ਸਨ ਤੇ ਉਨ੍ਹਾਂ ਜ਼ਮੀਨਾਂ ਦੇ ਮਾਲਕ ਆਪਣੇ ਆਪ ਨੂੰ ਸਮਝੀ ਬੈਠੇ ਸਨ। ਆਬਾਦਕਾਰਾਂ ਦੀਆਂ ਭਰਵੀਆਂ ਫਸਲਾਂ ਦਾ ਉਜਾੜਾ, ਚੋਰੀ, ਡਾਕੇ ਆਦਿ ਵਰਗੀਆਂ ਵਾਰਦਾਤਾਂ ਬਾਰਾਂ ਵਸਣ ਦੇ ਪਹਿਲੇ ਸਾਲਾਂ ਵਿੱਚ ਵਾਪਰਦੀਆਂ ਰਹੀਆਂ, ਜੋ ਹੌਲੀ-ਹੌਲੀ ਘਟਦੀਆਂ, ਬੰਦ ਹੋ ਗਈਆਂ। ਉਨ੍ਹਾਂ ਬਾਰਾਂ ਦੇ ਵਸਣ ਨਾਲ ਪੰਜਾਬ ਦੀ ਖੇਤੀ ਨੂੰ ਇੱਕ ਨਵੀਂ ਦਿਸ਼ਾ ਅਤੇ ਹੁਲਾਰਾ ਮਿਲਦਾ ਹੈ। ਜਦੋਂ ਉਨ੍ਹਾਂ ਬਾਰਾਂ ਵਿਚਲੇ ਆਬਾਦਕਾਰ ਪੂਰੀ ਤਰ੍ਹਾਂ ਉਸ ਓਪਰੀ ਧਰਤੀ 'ਤੇ ਆਪਣੇ ਪੈਰ ਪੱਕੇ ਕਰਦੇ ਜਾਪੇ ਤਾਂ ਅੰਗਰੇਜ਼ੀ ਹਕੂਮਤ ਨੇ ਕੁਝ ਇੱਕ ਅਜਿਹੇ ਕਾਨੂੰਨ ਲਿਆਉਣ ਦੀ ਵਿਉਂਤ ਬਣਾਈ, ਜਿਨ੍ਹਾਂ ਦੇ ਲਾਗੂ ਹੋਣ ਨਾਲ ਕਿਸਾਨਾਂ ਵਿੱਚ ਅਸੁਰੱਖਿਅਤਾ ਦੀ ਭਾਵਨਾ ਪੈਦਾ ਹੋਣ ਲੱਗੀ। ਹੱਡ ਭੰਨਵੀਂ ਮਿਹਨਤ ਨਾਲ ਆਬਾਦ ਕੀਤੀਆਂ ਜ਼ਮੀਨਾਂ ਉਨ੍ਹਾਂ ਕਿਸਾਨਾਂ ਨੂੰ ਆਪਣੀ ਜਾਨ ਵਾਂਗ ਹੀ ਪਿਆਰੀਆਂ ਲੱਗਣ ਲੱਗ ਪਈਆਂ ਸਨ, ਜੋ ਕੁਦਰਤੀ ਵਰਤਾਰਾ ਸੀ। ਜੇ ਸਰਕਾਰ ਦੇ ਉਹ ਕਾਨੂੰਨ ਲਾਗੂ ਹੁੰਦੇ ਤਾਂ ਕਿਸਾਨ ਨੂੰ ਆਪਣੀ ਫ਼ਸਲ ਬੀਜਣ, ਰੁੱਖ ਲਾਉਣ, ਰੁੱਖ ਦੀ ਕਟਾਈ ਕਰਨ ਦਾ ਵੀ ਅਧਿਕਾਰ ਨਹੀਂ ਸੀ ਰਹਿਣਾ, ਸਗੋਂ ਸਰਕਾਰ ਨੇ ਹੀ ਤਹਿ ਕਰਨਾ ਸੀ ਕਿ ਕਿਸਾਨ ਆਪਣੀ ਜ਼ਮੀਨ ਵਿੱਚ ਕੀ ਬੀਜੇ, ਕਦੋਂ ਬੀਜੇ, ਰੁੱਖ ਲਗਾਵੇ, ਰੁੱਖ ਦੀ ਕਟਾਈ ਕਰੇ। ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿੱਚ ਅਜਿਹੇ ਕਾਨੂੰਨਾਂ ਦਾ ਵਿਰੋਧ ਕਰਨ ਲਈ ਕੁਝ ਕਿਸਾਨ ਇਕੱਠੇ ਹੋ ਕੇ ਸਰਕਾਰ ਦੇ ਅਜਿਹੇ ਦਾਅ-ਪੇਚਾਂ ਦਾ ਵਿਰੋਧ ਕਰਨ ਲੱਗੇ। ਇਸ ਅੰਦੋਲਨ ਦੀ ਅਗਵਾਈ ਸ਼ਹੀਦ-ਇ-ਆਜ਼ਮ ਸਰਦਾਰ ਭਗਤ ਸਿੰਘ ਦੇ ਚਾਚਾ ਸਰਦਾਰ ਅਜੀਤ ਸਿੰਘ ਕਰ ਰਹੇ ਸਨ। ਇਸ ਅੰਦੋਲਨ ਦੇ ਪਹਿਲੇ ਪੜਾਅ 'ਤੇ ਇਸ ਦਾ ਨਾਂਅ ਕੋਈ ਹੋਰ ਸੀ, ਪਰ ਇੱਕ ਜਲਸੇ ਵਿੱਚ ਬਾਂਕੇ ਦਿਆਲ ਦੇ ਇੱਕ ਗੀਤ ਨੇ ਹਾਜ਼ਰ ਲੋਕਾਂ ਦੀਆਂ ਭਾਵਨਾਵਾਂ ਨੂੰ ਇਸ ਹੱਦ ਤੱਕ ਕਬੂਲਿਆ ਕਿ ਉਸ ਲਹਿਰ (ਅੰਦੋਲਨ) ਦਾ ਨਾਂਅ ਹੀ ਉਸ ਗੀਤ ਦੇ ਮੁੱਖੜੇ ਨਾਲ ਜੁੜ ਗਿਆ। ਬਾਂਕੇ ਦਿਆਲ ਦਾ ਉਹ ਗੀਤ "ਪਗੜੀ ਸੰਭਾਲ ਜੱਟਾ-ਪਗੜੀ ਸੰਭਾਲ ਓਏ...।" ਲੋਕਾਂ ਦਾ ਗੀਤ ਬਣ ਕੇ ਲੋਕਾਂ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਦਾ ਨਜ਼ਰ ਆਇਆ ਅਤੇ ਉਸ ਸੰਘਰਸ਼ (ਅੰਦੋਲਨ) ਦਾ ਨਾਂਅ ਹੀ 'ਪਗੜੀ ਸੰਭਾਲ ਜੱਟਾ' ਲਹਿਰ ਬਣ ਗਿਆ। ਇਸ ਇਤਿਹਾਸਕ ਲਹਿਰ ਦੀ ਅਗਵਾਈ ਸਰਦਾਰ ਅਜੀਤ ਸਿੰਘ ਕਰ ਰਹੇ ਸਨ, ਜੋ ਆਪ ਵੀ ਉਨ੍ਹਾਂ ਦਾ ਪਰਵਾਰ ਵੀ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ 'ਤੇ ਚੱਲ ਰਹੀ ਰਾਜਨੀਤੀ ਬਾਰੇ ਸਮਝ ਰੱਖਦੇ ਸਨ, ਜਿਸ ਕਰਕੇ ਉਨ੍ਹਾਂ ਵੱਲੋਂ ਸੰਘਰਸ਼ ਨੂੰ ਅਜਿਹੀ ਰਣਨੀਤੀ ਨਾਲ ਵਿਉਂਤਿਆ ਕਿ ਸਰਕਾਰ ਨੂੰ ਝੁਕਣਾ ਪਿਆ ਅਤੇ ਕਿਸਾਨ ਮਾਰੂ ਕਾਨੂੰਨ ਵਾਪਸ ਲੈਣ ਲਈ ਮਜਬੂਰ ਹੋਣਾ ਪਿਆ। ਇਹ ਉਨ੍ਹਾਂ ਦਿਨਾਂ ਦੀ ਘਟਨਾ ਹੈ, ਜਦੋਂ ਕੁ ਸਰਦਾਰ ਭਗਤ ਸਿੰਘ ਦਾ ਜਨਮ ਹੁੰਦਾ ਹੈ। ਅਜੀਤ ਸਿੰਘ ਸਮੇਤ ਦੂਸਰੇ ਆਗੂਆਂ ਦੀ ਸਿਆਣਪ ਨਾਲ ਘੜੀ ਰਣਨੀਤੀ ਦੇ ਪਿਛੋਕੜ ਵਿੱਚ ਮੁੱਖ ਤੌਰ 'ਤੇ ਰਾਜਨੀਤਕ ਸੂਝ ਅਤੇ ਸੰਘਰਸ਼ ਵਿੱਚ ਆਏ ਲੋਕਾਂ ਦੀ ਮਾਨਸਿਕਤਾ ਨੂੰ ਸਮਝਦੇ ਹੋਏ ਸੰਘਰਸ਼ ਨੂੰ ਸਹੀ ਦਿਸ਼ਾ ਵੱਲ ਤੋਰਨ ਦੀ ਰਣਨੀਤੀ ਸੀ। ਉਂਜ ਕਿਸਾਨੀ ਅੰਦੋਲਨਾਂ ਦਾ ਦੁਖਾਂਤ ਵਧੇਰੇ ਕਰਕੇ ਇਹ ਰਿਹਾ ਹੈ ਕਿ ਕਿਸਾਨ ਤਨਦੇਹੀ ਨਾਲ ਅਤੇ ਇਮਾਨਦਾਰੀ ਨਾਲ ਲੜਨ ਦੀ ਸਮਰੱਥਾ ਤਾਂ ਰੱਖਦਾ ਹੈ, ਪਰ ਆਗੂਆਂ ਵੱਲੋਂ ਘੋਲ ਨੂੰ ਸਹੀ ਦਿਸ਼ਾ ਨਾ ਦੇ ਸਕਣ ਕਰਕੇ ਲੋੜੀਂਦੇ ਨਤੀਜੇ ਨਹੀਂ ਪ੍ਰਾਪਤ ਕਰ ਸਕਿਆ। ਅਗਵਾਈ ਕਰ ਰਹੇ ਲੋਕਾਂ ਦੀ ਇਮਾਨਦਾਰੀ ਅਤੇ ਲੋੜੀਂਦੀ ਰਾਜਨੀਤਕ ਸੂਝ ਹੀ ਅਜਿਹੇ ਘੋਲਾਂ ਨੂੰ ਸਹੀ ਦਿਸ਼ਾ ਵੱਲ ਤੋਰ ਕੇ ਜਿੱਤ ਵੱਲ ਵਧ ਸਕਦੀ ਹੈ। ਸਾਡੇ ਚੇਤਿਆਂ ਦੇ ਇਤਿਹਾਸ ਵਿੱਚ ਸ਼ਾਇਦ ਇਹ ਪਹਿਲਾ ਕਿਸਾਨੀ ਅੰਦੋਲਨ ਸੀ, ਜੋ ਕਿਸੇ ਸੂਝਵਾਨ ਆਗੂਆਂ ਦੀ ਅਗਵਾਈ ਵਿੱਚ ਲੜਿਆ ਅਤੇ ਜਿੱਤਿਆ। ਉਸ ਨਾਲ ਜੁੜੇ ਲੋਕ ਦੱਸਦੇ ਹੁੰਦੇ ਸੀ ਕਿ ਲਹਿੰਦੇ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿੱਚ ਕਿਸਾਨਾਂ ਨੇ ਆਪਣੇ 'ਗੱਡਿਆਂ' ਨਾਲ ਮਾਰਚ ਕੀਤਾ ਸੀ, ਜਿਸ ਵਿੱਚ ਹਜ਼ਾਰਾਂ-ਲੱਖਾਂ ਦੀ ਗਿਣਤੀ ਵਿੱਚ ਲੋਕ ਸ਼ਾਮਲ ਹੋਏ ਸਨ।

ਆਜ਼ਾਦ ਭਾਰਤ ਵਿੱਚ ਖਾਸ ਕਰਕੇ ਮਾਲਵੇ ਦੇ ਖਿੱਤੇ ਵਿੱਚ ਜੋ ਕਦੀ ਪੈਪਸੂ ਦੇ ਅਧੀਨ ਆਉਂਦਾ ਸੀ, ਉਥੋਂ ਦੀ ਰਜਵਾੜਾਸ਼ਾਹੀ ਸਰਕਾਰ ਵਿਰੁੱਧ ਵੀ ਅਜਿਹੇ ਅੰਦੋਲਨ ਲੜੇ ਅਤੇ ਜਿੱਤੇ ਗਏ। ਪਹਿਲੇ ਅੰਦੋਲਨ ਨਾਲੋਂ ਇਨ੍ਹਾਂ ਅੰਦੋਲਨਾਂ ਦਾ ਫ਼ਰਕ ਇਹ ਸੀ ਕਿ ਜਿੱਥੇ ਪਹਿਲੇ ਅੰਦੋਲਨ ਸਮੇਂ ਹਾਕਮ ਵਿਦੇਸ਼ੀ ਸਨ, ਜਿਨ੍ਹਾਂ ਪ੍ਰਤੀ ਲੋਕ ਮਨਾਂ ਵਿੱਚ ਇੱਕ ਨਫ਼ਰਤ ਦੀ ਭਾਵਨਾ ਪਹਿਲਾਂ ਵੀ ਮੌਜੂਦ ਸੀ, ਜੋ ਅੰਦੋਲਨਾਂ ਦੌਰਾਨ ਭਾਂਬੜ ਬਣ ਕੇ ਮਚ ਉੱਠੀ। ਉਸ ਅੰਦੋਲਨ ਵਿੱਚ ਸਰਕਾਰ ਦਾ ਸਾਥ ਦੇਣ ਲਈ ਕੋਈ ਇੱਕਾ-ਦੁੱਕਾ ਵਿਅਕਤੀ ਹੀ ਆਇਆ, ਜੋ ਲੋਕ ਰੋਹ ਦਾ ਸ਼ਿਕਾਰ ਹੋਇਆ, ਬੱਝਵੇਂ ਰੂਪ ਵਿੱਚ ਸਰਕਾਰ ਦਾ ਸਾਥ ਕਿਸੇ ਜਥੇਬੰਦੀ ਵੱਲੋਂ ਨਹੀਂ ਦਿੱਤਾ ਗਿਆ, ਜਿਸ ਕਰਕੇ ਪਹਿਲੇ ਅੰਦੋਲਨ ਦੇ ਅੰਦੋਲਨਕਾਰੀ ਸਿਰਫ਼ ਸਰਕਾਰ ਨਾਲ ਲੜਦੇ ਨਜ਼ਰ ਆਏ, ਪਰ ਆਪਣੀ 'ਦੇਸੀ ਹਕੂਮਤ' ਆਉਣ ਨਾਲ ਇਹ ਲੜਾਈ ਥੋੜ੍ਹੀ ਮੁਸ਼ਕਲ ਇਸ ਕਰਕੇ ਹੋ ਜਾਂਦੀ ਹੈ ਕਿ ਸਰਕਾਰਾਂ ਆਪਣੀ ਮਰਜ਼ੀ ਦੀਆਂ ਕਈ ਜਥੇਬੰਦੀਆਂ ਖੜੀਆਂ ਕਰਨ ਦੀ ਸਮਰੱਥਾ ਰੱਖਦੀਆਂ ਹਨ, ਅੰਦੋਲਨਕਾਰੀਆਂ ਨੂੰ ਜਿੱਥੇ ਇੱਕ ਪਾਸੇ ਸਰਕਾਰ ਨਾਲ ਲੜਨਾ ਪੈਂਦਾ ਹੈ, ਉਥੇ ਦੂਜੇ ਪਾਸੇ ਸਰਕਾਰ ਦੇ ਪਲੋਸੇ ਇਨ੍ਹਾ 'ਆਪਣਿਆਂ ਨਾਲ' ਵੀ ਲੜਨਾ ਪੈਂਦਾ ਹੈ। ਅਜਿਹਾ ਪੈਪਸੂ ਵਿੱਚ ਵੱਖ-ਵੱਖ ਲਹਿਰਾਂ ਵੱਲੋਂ ਲੜੇ ਘੋਲਾਂ ਦੌਰਾਨ ਵੀ ਦੇਖਣ ਨੂੰ ਮਿਲਦਾ ਹੈ। ਉਨ੍ਹਾਂ ਦੇਸੀ ਰਾਜਿਆਂ-ਮਹਾਰਾਜਿਆਂ ਦੇ ਝੋਲੀ ਚੁੱਕ ਲੋਕ ਸੰਘਰਸ਼ਾਂ ਵਿੱਚ ਰੋੜਾ ਬਣਦੇ ਰਹੇ, ਪਰ ਅੰਤ ਸੰਘਰਸ਼ ਕਰਦੇ ਲੋਕਾਂ ਦੀ ਹੀ ਜਿੱਤ ਹੁੰਦੀ ਰਹੀ ਭਾਵੇਂ ਇਸ ਪ੍ਰਾਪਤੀ ਲਈ ਬੇਅੰਤ ਕੁਰਬਾਨੀਆਂ ਦੇਣੀਆਂ ਪਈਆਂ।

*(ਚੱਲਦਾ)*

*ਸੰਪਰਕ-98721-73475*

**ਜ਼ਿੰਦਗੀ ਵੱਲ ਖੁੱਲ੍ਹਦੀ ਖਿੜਕੀ**

**ਡਾ: ਸ਼ਿਆਮ ਸੁੰਦਰ ਦੀਪਤੀ**

# ਸਿਹਤ ਦਾ ਪ੍ਰਸ਼ਨ

ਮੇਰੇ ਵਿਸ਼ੇ ਨੂੰ ਲੈ ਕੇ ਨਾਰਥ ਜ਼ੋਨ ਦੀ ਸਾਲਾਨਾ ਕਾਨਫਰੰਸ ਇਸ ਵਾਰ ਹਿਮਾਚਲ ਪ੍ਰਦੇਸ਼ ਦੇ ਮੈਡੀਕਲ ਕਾਲਜ ਟਾਂਡਾ ਵਿਖੇ ਸੀ ਧਰਮਸ਼ਾਲਾ ਕੋਲ। ਮੈਡੀਕਲ ਕਾਲਜਾਂ ਦੀ ਗੱਲ ਕਰੀਏ, ਜਦੋਂ ਇਸ ਨਾਰਥ ਜ਼ੋਨ ਦਾ ਗਠਨ ਹੋਇਆ ਤਾਂ ਹਿਮਾਚਲ ਵਿਚ ਇਕ ਮੈਡੀਕਲ ਕਾਲਜ ਸ਼ਿਮਲਾ ਸੀ ਅਤੇ ਹਰਿਆਣਾ ਵਿਚ ਰੋਹਤਕ! 2014 ਤੋਂ ਬਾਅਦ ਫਿਰ ਤਾਂ ਮੈਡੀਕਲ ਕਾਲਜਾਂ ਨੇ ਰਫ਼ਤਾਰ ਫੜ ਲਈ। ਕੋਈ ਵੀ ਦੇਸ਼ ਦਾ ਹਿੱਸਾ ਹੋਵੇਗਾ। ਵੱਡੀ ਗਿਣਤੀ ਵਿਚ ਪ੍ਰਾਈਵੇਟ ਕਾਲਜਾਂ ਦੇ ਬਣਾਏ ਜਾਣ ਦਾ ਰਾਹ ਖੋਲ੍ਹਿਆ ਜਾਣਿਆ।

ਹਿਮਾਚਲ ਵਿਚ ਇਸ ਵੇਲੇ ਟਾਂਡਾ ਤੋਂ ਅੱਗੇ ਮੰਡੀ, ਨਾਹਨ, ਹਮੀਰਪੁਰ, ਚੰਬਾ ਆਦਿ ਮੈਡੀਕਲ ਕਾਲਜ ਚੱਲ ਰਹੇ ਹਨ। ਮੈਂ ਗੱਲ ਕਰ ਰਿਹਾ ਸੀ ਟਾਂਡੇ ਮੈਡੀਕਲ ਕਾਲਜ ਵਿਚ ਸਾਡੀ ਕਾਨਫਰੰਸ ਸੀ।

ਜਿਵੇਂ ਮੇਰੇ ਵਿਸ਼ੇ ਨੇ ਮੈਨੂੰ ਸਿਹਤ ਪ੍ਰਤੀ ਇਕ ਸੋਝੀ ਦਿੱਤੀ ਅਤੇ ਸਿਹਤ ਦਾ ਸਮਾਜਿਕ ਅਤੇ ਆਰਥਿਕ ਪੱਖ ਸਮਝਾਇਆ, ਉਸੇ ਤਰ੍ਹਾਂ ਇਸ ਕਾਨਫਰੰਸ ਨੇ ਸਿਹਤ ਨੂੰ ਸਮਝਣ ਦਾ ਇਕ ਨਵਾਂ ਨਜ਼ਰੀਆ ਦਿੱਤਾ। ਕਾਨਫਰੰਸ ਦੇ ਇਕ ਵਕਤਾ ਡਾ. ਤਿਆਗੀ ਨੇ ਜਦੋਂ ਇਹ ਗੱਲ ਉਭਾਰੀ ਕਿ ਅਸੀਂ ਆਪਣੀ ਜ਼ਿਆਦਾ ਤਾਕਤ ਬਿਮਾਰੀ ਨੂੰ ਸਮਝਣ 'ਤੇ ਲਾ ਰਹੇ ਹਾਂ, ਜਦੋਂ ਕਿ ਚਾਹੀਦਾ ਹੈ ਅਸੀਂ ਸਿਹਤ ਦੀ ਗੱਲ ਕਰੀਏ। ਉਨ੍ਹਾਂ ਨੇ ਉਦਾਹਰਣ ਦਿੱਤੇ ਕਿ ਇਕ ਸਮਾਂ ਸੀ ਜਦੋਂ ਬਿਮਾਰੀਆਂ ਨਾਲ ਪਿੰਡ ਦੇ ਪਿੰਡ ਖਤਮ ਹੋ ਜਾਂਦੇ ਸੀ। ਪਰ ਫਿਰ ਵੀ ਚੰਦ ਲੋਕ ਬਚ ਹੀ ਜਾਂਦੇ ਸੀ। ਜਿਵੇਂ ਪਲੇਗ, ਹੈਜ਼ਾ ਅਤੇ ਟੀ.ਬੀ. ਵਰਗੀਆਂ ਬਿਮਾਰੀਆਂ ਆਦਿ। ਉਹ ਕਿਉਂ? ਇਸ ਸਵਾਲ ਦੇ ਜਵਾਬ ਤਲਾਸ਼ੀਏ।

ਉਸ ਵਿਚਾਰ ਨੇ ਮੈਨੂੰ ਅਜਿਹਾ ਟੁੰਬਿਆ ਕਿ ਮੈਂ ਆਪਣੇ ਅਗਲੇ ਖੋਜ ਕਾਰਜਾਂ ਵਿਚ ਸਿਹਤ ਨੂੰ ਹੀ ਤਰਜੀਹ ਦਿੱਤੀ, ਜਿਵੇਂ ਸ਼ੂਗਰ ਦੇ ਮਰੀਜ਼ਾਂ ਦੇ ਬਿਮਾਰ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਲੰਬੇ ਸਮੇਂ ਤੱਕ ਕੋਈ ਦਿੱਕਤ ਨਾ ਹੋਣੀ ਜਾਂ ਪੈਂਹਠ ਫੀਸਦੀ ਨਸ਼ਾ ਕਰਨ ਵਾਲੇ ਨੌਜਵਾਨਾਂ ਬਾਰੇ ਗੱਲ ਹੁੰਦੀ ਹੈ ਤਾਂ ਮਤਲਬ ਪੈਂਤੀ ਫੀਸਦੀ ਜੋ ਨਸ਼ਾ ਨਹੀਂ ਕਰਦੇ, ਉਹ ਕਿਉਂ ਨਹੀਂ ਕਰਦੇ? ਵਰਗੇ ਵਿਸ਼ਿਆਂ ਵੱਲ ਮੇਰਾ ਧਿਆਨ ਗਿਆ।

ਨਾਰਥ ਜ਼ੋਨ ਬਣਨ ਤੋਂ ਬਾਅਦ ਉਸ ਸਮੇਂ ਪੰਜਾਬ ਵਿਚ ਮੈਡੀਕਲ ਕਾਲਜਾਂ ਅਤੇ ਡਾਕਟਰਾਂ ਦੀ ਗਿਣਤੀ ਇਸ ਖਿੱਤੇ ਵਿਚ ਸਭ ਤੋਂ ਵੱਧ ਸੀ। ਮੈਡੀਕਲ ਕਾਲਜ ਦੇ ਡਾਕਟਰਾਂ ਦੀਆਂ ਅਤੇ ਸਿਹਤ ਸੇਵਾਵਾਂ ਵਿਚ ਕੰਮ ਕਰਦੇ ਡਾਕਟਰਾਂ ਦੀਆਂ, ਵਿਸ਼ੇਸ਼ਕਰ ਸਾਡੇ ਵਿਸ਼ੇ ਨੂੰ ਲੈ ਕੇ ਮਾਹਿਰਾਂ ਦੀਆਂ ਕਈ ਤਰ੍ਹਾਂ ਦੀਆਂ ਵੱਖਰੀਆਂ ਦਿੱਕਤਾਂ ਸੀ ਤੇ ਅਸੀਂ ਅੰਮ੍ਰਿਤਸਰ ਵਿਚ ਕਾਰਜਸ਼ੀਲ ਡਾਕਟਰਾਂ ਨੇ ਪਹਿਲ ਕਰਕੇ ਇਸ ਵਿਸ਼ੇ ਨੂੰ ਲੈ ਕੇ ਪੰਜਾਬ ਦੀ ਵੱਖਰੀ ਸੰਸਥਾ ਉਸਾਰੀ, ਉਦੋਂ ਪੰਜਾਬ ਵਿਚ ਅੰਮ੍ਰਿਤਸਰ, ਪਟਿਆਲਾ, ਲੁਧਿਆਣਾ ਤੋਂ ਇਲਾਵਾ ਬਠਿੰਡਾ ਅਤੇ ਬਨੂੜ ਮੈਡੀਕਲ ਕਾਲਜ ਹੋਂਦ ਵਿਚ ਆ ਚੁੱਕੇ ਸਨ ਤੇ ਪਠਾਨਕੋਟ ਦਾ ਮੈਡੀਕਲ ਕਾਲਜ ਤਿਆਰੀ ਵਿਚ ਸੀ।

ਮੇਰੇ ਦਿਮਾਗ ਵਿਚ ਉਹ ਟਾਂਡਾ ਕਾਨਫਰੰਸ ਵਾਲਾ ਵਿਚਾਰ ਦਿਨ ਪ੍ਰਤੀ ਦਿਨ ਹਾਵੀ ਹੋ ਰਿਹਾ ਸੀ। ਜਦੋਂ ਅਸੀਂ ਪੰਜਾਬ ਦੀ ਸਾਲਾਨਾ ਕਾਨਫਰੰਸ ਕਰਵਾਉਣ ਬਾਰੇ ਸੋਚਿਆ ਤਾਂ ਮੇਰੇ ਦਿਮਾਗ ਵਿਚ ਚੱਲ ਰਹੇ ਵਿਚਾਰਾਂ ਨੇ ਇਕ ਥੀਮ ਸੁਝਾਇਆ 'ਹੋਲਿਸਟਿਕ ਹੈਲਥ' ਭਾਵੇਂ ਕਿ ਉਨ੍ਹਾਂ ਦਿਨਾਂ ਵਿਚ ਇਸ ਵਿਸ਼ੇ ਨੂੰ ਲੈ ਕੇ ਸਿਹਤ ਨਾਲ ਸੰਬੰਧਤ ਹੋਰ ਕਈ ਅਦਾਰੇ ਇਸ ਬਾਰੇ ਗੱਲ ਕਰਨਾ ਸ਼ੁਰੂ ਕਰ ਚੁੱਕੇ ਸੀ, ਖਾਸ ਕਰਕੇ ਮਨੋਵਿਗਿਆਨ ਦੇ ਮਾਹਿਰ।

ਜਦੋਂ ਮੈਂ ਇਸ ਥੀਮ ਬਾਰੇ ਸੁਝਾਇਆ ਤਾਂ ਮੈਨੂੰ ਇਸ ਸੈਮੀਨਾਰ ਦਾ ਮੋਡਰੇਟਰ ਬਣਾ ਦਿੱਤਾ ਗਿਆ ਤੇ ਮੈਂ ਇਸ ਦੀ ਵਿਉਂਤ ਸ਼ੁਰੂ ਕਰ ਦਿੱਤੀ। ਕੁਦਰਤੀ ਕੋਰੋਨਾ ਦੇ ਸਮੇਂ ਨੇ ਦੋ ਸਾਲ ਇਸ ਚਰਚਾ ਨੂੰ ਪਿੱਛੇ ਪਾ ਦਿੱਤਾ, ਪਰ ਮੇਰੇ ਦਿਮਾਗ ਵਿਚ ਬਣੀ ਵਿਉਂਤ ਹੋਰ ਵੀ ਕਈ ਕਾਰਨਾਂ ਕਰਕੇ ਸਿਰੇ ਨਹੀਂ ਚੜ੍ਹ ਸਕੀ, ਪਰ ਅੱਜ ਮੈਂ ਉਸ ਸੈਮੀਨਾਰ ਦਾ ਖਾਕਾ ਆਪ ਜੀ ਦੇ ਸਾਹਮਣੇ ਪੇਸ਼ ਕਰ ਰਿਹਾ ਹਾਂ।

ਹੋਲੀਸਟਿਕ ਹੈਲਥ, ਜੇ ਪੰਜਾਬੀ ਵਿਚ ਕਹਾਂ ਤਾਂ, ਮੁਕੰਮਲ-ਸੰਪੂਰਨ, ਸਿਹਤ। ਇਸ ਨੂੰ ਜੋ ਵੀ ਕਹੀਏ, ਪਰ ਸਾਡੇ ਬਹੁਤੇ ਲੋਕ ਸਿਹਤ ਨੂੰ ਸਰੀਰਕ ਸਿਹਤ ਤੋਂ ਅੱਗੇ ਨਹੀਂ ਸੋਚਦੇ। ਅਸੀਂ ਵਿਚਾਰ ਚਰਚਾ ਸ਼ੁਰੂ ਕੀਤੀ ਤੇ ਉਸ ਦੇ ਵਿਚ ਸਾਰੀਆਂ ਪ੍ਰਣਾਲੀਆਂ ਕਾਰਡਿਆਲਿਉਜਿਸਟ (ਦਿਲ ਦੇ ਮਾਹਿਰ), ਪਰਮੋਨਾਲੋਜਿਸਟ (ਫੇਫੜਿਆਂ ਦੇ ਮਾਹਿਰ), ਜਿਗਰ, ਪੇਟ ਦੇ ਮਾਹਿਰ, ਸਰੀਰ ਦੀਆਂ ਗ੍ਰੰਥੀਆਂ ਦੇ ਮਾਹਿਰ ਤੇ ਨਾਲ ਹੀ ਮਾਨਸਿਕ ਬਿਮਾਰੀਆਂ ਦੇ ਮਾਹਿਰ ਤੇ ਖਾਸ ਤੌਰ 'ਤੇ ਖੁਰਾਕ ਦੇ ਮਾਹਿਰ ਵੀ ਹਿੱਸਾ ਲੈਣ ਲਈ ਬੁਲਾਵਾ ਦਿੱਤਾ ਗਿਆ।

ਮੈਂ ਇਸ ਸੈਮੀਨਾਰ ਦਾ ਮੋਡਰੇਟਰ ਸੀ ਤੇ ਮੈਂ ਇਕ-ਇਕ ਕਰਕੇ ਸਭ ਨੂੰ ਬੁਲਾਉਣਾ ਸੀ। ਮੈਨੂੰ ਸਮਝ ਨਹੀਂ ਆ ਰਿਹਾ ਸੀ ਕਿ ਮੈਂ ਕਿਸ ਬੁਲਾਰੇ ਤੋਂ ਸ਼ੁਰੂ ਕਰਾਂ। ਮੇਰੇ ਲਈ ਤਾਂ ਸਿਰ ਤੋਂ ਪੈਰ ਤੱਕ ਸਰੀਰ ਇਕ ਹਸਤੀ ਹੈ, ਇਕ ਆਮ ਸਮਝ ਹੈ, ਸਾਹ ਹੈ ਤਾਂ ਰਾਹ ਹੈ। ਚਲੋ ਸਾਹ ਦੀਆਂ ਬਿਮਾਰੀਆਂ ਸਾਹ ਮਾਹਿਰ ਤੋਂ ਸ਼ੁਰੂ ਕਰਦੇ ਹਾਂ। ਸਾਹ ਦੀ ਬਿਮਾਰੀ ਹੀ ਸੀ ਕੋਰੋਨਾ, ਜਿਸ ਨੇ ਸਾਰੀ ਦੁਨੀਆ ਨੂੰ ਵਖਤ ਪਾਇਆ।

"ਸਾਹ ਹੈ ਤਾਂ ਰਾਹ ਹੈ" ਬਹੁਤ ਵਧੀਆ। ਇਸ ਵਧੀਆ ਵਾਕ ਲਈ ਬਹੁਤ-ਬਹੁਤ ਧੰਨਵਾਦ। ਫੇਫੜਿਆਂ ਦੇ ਮਾਹਿਰ ਨੇ ਸੈਮੀਨਾਰ ਦੀ ਸ਼ੁਰੂਆਤ ਕੀਤੀ। "ਇਸ ਇਕ ਵਾਕ ਵਿਚ ਹੀ ਸਾਹ ਦੀ ਅਹਿਮੀਅਤ, ਫੇਫੜਿਆਂ ਦੀ ਮਹੱਤਤਾ ਪਈ ਹੈ। ਆਮ ਸ਼ਿਕਾਇਤ ਹੁੰਦੀ ਹੈ ਸਾਹ ਚੜ੍ਹਦਾ ਹੈ, ਸਾਹ ਔਖਾ-ਔਖਾ ਆਉਂਦਾ ਹੈ। ਕਿਉਂ? ਸਾਹ ਨਾਲ ਕੀ ਹੁੰਦਾ ਹੈ? ਸਰੀਰ ਵਿਚ ਆਕਸੀਜਨ ਜਾਂਦੀ ਹੈ, ਜੋ ਕਿ ਜੀਵਨ ਰੇਖਾ ਹੈ। ਫੇਫੜੇ ਠੀਕ ਨਾ ਹੋਣ ਤਾਂ ਉਹ ਹਿੱਸਾ ਆਕਸੀਜਨ ਨੂੰ ਅੱਗੇ ਨਹੀਂ ਭੇਜ ਸਕਦਾ। ਆਕਸੀਜਨ ਦੀ ਅਹਿਮੀਅਤ ਤੋਂ ਸਾਰੇ ਵਾਕਫ਼ ਹਨ। ਪਿਛਲੇ ਸਾਲ ਦੀ ਤਸਵੀਰ ਸਾਡੀਆਂ ਯਾਦਾਂ ਵਿਚ ਬਣੀ ਹੋਈ ਹੈ ਕਿ ਕਿਵੇਂ ਆਕਸੀਜਨ ਦੇ ਸਿਲੰਡਰ ਲਈ ਲੋਕੀਂ ਧੱਕੇ ਖਾ ਰਹੇ ਸੀ, ਸਾਹਾਂ ਦੀ ਗਿਣਤੀ ਬਾਰੇ ਵੀ ਗੱਲ ਹੁੰਦੀ ਹੈ, ਪਰ ਮੈਂ ਵਿਗਿਆਨ ਦਾ ਵਿਦਿਆਰਥੀ ਹਾਂ ਤੇ ਇਸ ਵਿਚ ਵਿਸ਼ਵਾਸ ਨਹੀਂ ਰੱਖਦਾ। ਸਾਹ ਤੇ ਆਕਸੀਜਨ ਦਾ ਰਿਸ਼ਤਾ ਅਹਿਮ ਹੈ।"

ਮੈਂ ਸੈਮੀਨਾਰ ਨੂੰ ਅੱਗੇ ਵਧਾਉਂਦੇ ਹੋਏ ਆਕਸੀਜਨ ਦੀ ਗੱਲ ਕਰ ਰਹੇ ਮਾਹਿਰ ਡਾਕਟਰ ਦੀ ਗੱਲ ਨੂੰ ਅੱਗੇ ਤੋਰਿਆ। ਅਸੀਂ ਹਸਪਤਾਲ ਵਿਚ ਆਉਂਦੀ ਆਕਸੀਜਨ ਨੂੰ ਫੈਕਟਰੀਆਂ ਨਾਲ ਜੋੜਦੇ ਹਾਂ, ਪਰ ਕੁਦਰਤ ਸਾਨੂੰ ਇਹ ਮੁਫ਼ਤ ਮੁਹੱਈਆ ਕਰਵਾਉਂਦੀ ਹੈ। ਆਕਸੀਜਨ ਦਾ ਰਿਸ਼ਤਾ ਦਿਲ ਨਾਲ ਵੀ ਹੈ। ਚਲੋ! ਦਿਲ ਦੇ ਮਹਾਂ ਮਾਹਿਰ ਡੀ.ਐੱਮ. ਡਾਕਟਰ ਨਿਰਦੇਸ਼ ਦੀ ਗੱਲ ਸੁਣਦੇ ਹਾਂ। ਉਹ ਬੋਲਦੇ ਹਨ, "ਦਿਲ ਦਾ ਪੂਰਾ ਤਾਮ-ਜਾਮ, ਖੂਨ ਦੀਆਂ ਨਾੜਾਂ ਤੇ ਹੋਰ ਸਰੀਰ ਦੇ ਅੰਗ, ਆਕਸੀਜਨ ਤੋਂ ਸਾਫ਼ ਹੋਏ" ਖੂਨ ਦੇ ਸਹਾਰੇ ਚੱਲਦੇ ਹਨ। ਹਾਰਟ ਅਟੈਕ ਬਾਰੇ ਤੁਸੀਂ ਰੋਜ਼ ਸੁਣਦੇ ਹੋ, ਸਵਾਲ ਖੜੇ ਕਰਦੇ ਹੋ, ਪਰ ਉਸ ਦਾ ਜਵਾਬ ਨਹੀਂ ਲੱਭਦੇ। ਜਵਾਬ ਮਿਲੇ ਤਾਂ ਵੀ ਸੰਜੀਦਗੀ ਨਾਲ ਨਹੀਂ ਲੈਂਦੇ। ਖੂਨ ਦੀਆਂ ਨਾੜਾਂ ਦੇ ਬੰਦ ਹੋਣ ਦੀ ਕਹਾਣੀ ਤੁਸੀਂ ਸੁਣਦੇ ਹੋ। ਉਸ ਦਾ ਰਿਸ਼ਤਾ ਕਲੈਸਟਰੋਲ ਨਾਲ ਵੀ ਤੁਸੀਂ ਜਾਣਦੇ ਹੋ। ਕਿੰਨਾ ਪ੍ਰਚਾਰ ਹੁੰਦਾ ਹੈ। ਪਰ ਉਹੀ ਗੱਲ! ਅਵੇਸਲਾਪਨ।"

ਮੈਂ ਇਕ ਸ਼ੇਅਰ ਨਾਲ ਆਪਣੀ ਗੱਲ ਸਪੱਸ਼ਟ ਕਰਦਾ ਹਾਂ ਦਿਲ ਨੂੰ ਲੈ ਕੇ ਹੋ, 'ਜੇ ਦਿਲ ਖੋਲ੍ਹ ਲਿਆ ਹੁੰਦਾ, ਯਾਰਾਂ ਦੇ ਨਾਲ, ਖੋਹਲਣਾ ਨਾ ਪੈਂਦਾ ਔਜ਼ਾਰਾਂ ਦੇ ਨਾਲ'। ਯਾਰਾਂ ਬਾਰੇ ਵੀ ਚਰਚਾ ਦੀ ਲੋੜ ਹੈ, ਮਤਲਬ ਸਾਡੇ ਆਪਸੀ ਰਿਸ਼ਤੇ, ਜੋ ਕਿ ਸਮਾਜ ਵਿਗਿਆਨ ਦਾ ਵਿਸ਼ਾ ਹੈ, ਜੋ ਕਿ ਬੁਲਾਏ ਜਾਣ ਤੋਂ ਰਹਿ ਗਏ, ਕੋਈ ਨਾ ਦਿਲ ਦੇ ਮਾਹਿਰ ਨੇ ਕਲੈਸਟਰੋਲ ਦੀ ਗੱਲ ਕੀਤੀ ਹੈ, ਮਤਲਬ ਹੈ ਖੁਰਾਕ, ਸੁਣਦੇ ਹਾਂ, ਖੁਰਾਕ ਮਾਹਿਰ ਦੀ ਗੱਲ।

"ਯਾਰਾਂ ਦੀ ਗੱਲ ਕੀਤੀ ਹੈ ਸਾਡੇ ਤੰਦ ਜੋੜੂ ਜੀ ਨੇ, ਅਸੀਂ ਆਉਂਦੇ-ਜਾਂਦੇ ਮਿਲਦੇ ਹਾਂ। ਮਤਲਬ ਮਹਿਮਾਨ-ਨਿਵਾਜ਼ੀ ਦੀ ਗੱਲ ਹੈ ਤੇ ਵੰਨ-ਸੁਵੰਨੇ ਖਾਣਿਆਂ ਦੀ ਵੀ। ਕਹਿ ਲਓ ਸਾਨੂੰ ਆਪਣੀ ਜ਼ੁਬਾਨ 'ਤੇ ਕੰਟਰੋਲ ਨਹੀਂ। ਇਹ ਬੋਲ-ਚਾਲ ਦੇ ਵਿਚ ਹੈ, ਪਰ ਅਸਲੀ ਅਤੇ ਅਹਿਮ ਹੈ ਕਿ ਅਸੀਂ ਖਾਣ-ਪੀਣ ਦੇ ਜਿੰਨੇ ਮਰਜ਼ੀ ਆਦੀ ਹੋਈਏ, ਪਰ ਪੂਰਾ ਦੇਸ਼ ਹੀ ਪ੍ਰੋਟੀਨ ਦੀ ਘਾਟ ਦਾ ਸ਼ਿਕਾਰ ਹੈ। ਦੂਜੇ ਪਾਸੇ ਮੋਟਾਪਾ ਵੀ ਇਕ ਸਮੱਸਿਆ ਹੈ ਤੇ ਭੁੱਖਮਰੀ ਵੀ। ਖਾਣੇ ਦੀਆਂ ਕਿਸਮਾਂ ਵਸੀਹ ਹਨ, ਅਣ-ਗਿਣਤ ਬਿਹਤਰ ਹੈ। ਇਸ ਬਾਰੇ ਗੱਲ ਨਾ ਕੀਤੀ ਜਾਵੇ। ਮੈਂ ਕੋਈ ਟਿੱਪਣੀ ਨਾ ਕਰਾਂ। ਵਧੀਆ ਹੈ ਇਸ ਬਾਰੇ ਪੇਟ-ਜਿਗਰ ਦੇ ਮਾਹਿਰ ਗੱਲ ਕਰਨ।"

ਮੈਂ ਗੱਲ ਜੋੜਦਾ, ਪੇਟ ਵਿਚ ਕੀ ਜਾ ਰਿਹਾ ਹੈ। ਅਸੀਂ ਬੇ-ਪਰਵਾਹ ਹਾਂ, ਜੇ ਕਹਾਂ ਤਾਂ ਲਾ-ਪਰਵਾਹ। ਲੱਕੜ, ਪੱਥਰ ਹਜ਼ਮ। ਇਕ ਅਖਾਣ ਹੈ ਇਹ। ਪਰ ਮੈਂ ਕਹਾਂਗਾ ਕਚਰਾ ਵੀ। ਸ਼ਬਦ ਮਾੜਾ ਜ਼ਰੂਰ ਹੈ ਮਾਫ਼ ਕਰਨਾ ਪਰ ਸੱਚ ਇਹੀ ਹੈ। ਮੈਂ ਕੁਝ ਜ਼ਿਆਦਾ ਨਾ ਕਹਾਂ ਤਾਂ ਚੰਗਾ ਹੈ, ਮਿਲਦੇ ਹਾਂ ਇਕ ਨਵੀਂ ਵਿਕਸਤ ਹੋਈ ਸ਼ਾਖਾ ਗ੍ਰੰਥੀ ਵਿਗਿਆਨ ਦੇ ਮਹਾਂ ਮਾਹਿਰ ਨੂੰ। ਸੁਣੋ ਉਹ ਕੀ ਕਹਿੰਦੇ ਹਨ।

ਇਸ ਨਵੀਂ ਸ਼ਾਖਾ ਦਾ ਨਾਂਅ ਹੈ ਏਡੋਕਰੀਨਾਲੋਜਿਸਟ। ਸੌਖੇ ਸ਼ਬਦਾਂ ਵਿਚ ਕਹਾਂ ਤਾਂ ਸਰੀਰ ਦੇ ਹਾਰਮੋਨਜ਼ ਦੀ ਸ਼ਾਖਾ। ਜਿਵੇਂ ਇਨਸੋਲੀਨ, ਥਾਈਰੋਕਸੀਨ, ਮਤਲਬ ਖੁਰਾਕ ਨੇ ਪਚਣਾ ਹੈ ਜਾਂ ਪ੍ਰਜਨਣ ਦੀ ਗੱਲ। ਜਨਮ ਅਤੇ ਬੁਢਾਪੇ ਦੀ ਪ੍ਰਕਿਰਿਆ। ਸਭ ਦਾ ਅਧਾਰ ਹੈ ਹਾਰਮੋਨਜ਼। ਜੋ ਮਰਜ਼ੀ ਕਰ ਲਓ ਆਕਸੀਜਨ ਚੰਗੀ, ਖੁਰਾਕ ਵੀ ਸਭ ਧਰੇ ਦੇ ਧਰੇ। ਜੇਕਰ ਸਰੀਰ ਦਾ ਸੂਚਨਾਤੰਤਰ ਹੀ ਫੇਲ੍ਹ। ਹਾਰਮੋਨਜ਼ ਇੰਨੇ ਜ਼ਰੂਰੀ ਹਨ।

ਸਭ ਨੇ ਆਪਣੀ-ਆਪਣੀ ਗੱਲ ਕੀਤੀ ਹੈ, ਪਰ ਮਨੋਰੋਗ ਦਿਨ ਪ੍ਰਤੀ ਦਿਨ ਵਧ ਰਹੇ ਹਨ। ਉਹ ਕਿਸ ਤਰ੍ਹਾਂ ਆਪਣੀ ਤੰਦ ਜੋੜਦੇ ਨੇ, ਇਨ੍ਹਾਂ ਬਿਮਾਰੀਆਂ ਦੇ ਨਾਲ, ਸੁਣਦੇ ਹਾਂ।

"ਮੈਂ ਮਨੋਰੋਗ ਮਾਹਿਰ ਹਾਂ। ਤੁਸੀਂ ਪੁੱਛੋਗੇ ਮਨ ਕਿੱਥੇ ਹੁੰਦਾ ਹੈ? ਸਹੀ ਪੁੱਛੋਗੇ ਤਾਂ ਮੈਨੂੰ ਵੀ ਨਹੀਂ ਪਤਾ, ਪਰ ਮਨ ਦੀ ਪ੍ਰੇਸ਼ਾਨੀ, ਤਨਾਅ ਅਤੇ ਉਦਾਸੀ ਬਾਰੇ ਸਭ ਜਾਣਦੇ ਹਨ। ਦਵਾਈਆਂ ਜਦੋਂ ਉਸ ਹਾਲਤ ਨੂੰ ਠੀਕ ਕਰ ਦੇਣ ਤਾਂ ਸਮਝੋ ਕਿ ਕੁਝ ਗਲਤ ਹੈ, ਜੋ ਠੀਕ ਹੋਇਆ ਹੈ। ਹੁਣ ਲੱਖਾਂ ਲੋਕ ਇਸ ਤਰ੍ਹਾਂ ਦੇ ਇਲਾਜ ਨਾਲ ਵਧੀਆ ਜ਼ਿੰਦਗੀ ਜੀਅ ਰਹੇ ਹਨ। ਸਰੀਰ ਦੀ ਸਮੱਸਿਆ ਹੋਵੇ ਨਾ ਹੋਵੇ, ਮਨ ਦੀ ਹਾਲਤ ਦੀ ਗੱਲ ਕਰੀਏ ਤਾਂ ਕੋਈ ਵੀ ਸਾਡੇ ਪੈਮਾਨੇ ਮੁਤਾਬਿਕ ਸਿਹਤਮੰਦ ਨਹੀਂ ਹੈ। ਇਹ ਪਹਿਲੂ ਗੌਰ ਕਰਨਾ ਮੰਗਦਾ ਹੈ। ਤਣਾਅ ਹੈ ਤਾਂ ਕੋਈ ਵੀ ਆਪਣੇ-ਆਪ ਨੂੰ ਸਿਹਤਮੰਦ ਕਹਿਣ ਦਾ ਦਾਅਵਾ ਨਹੀਂ ਕਰ ਸਕਦਾ।"

ਬਿਮਾਰੀਆਂ ਨੂੰ ਲੈ ਕੇ ਮਾਹਿਰ ਹਨ, ਮਹਾਂ-ਮਾਹਿਰ ਹਨ, ਇਨ੍ਹਾਂ ਸਭ ਨੂੰ ਇਸ ਤਰ੍ਹਾਂ ਸਮਝਿਆ ਜਾਂਦਾ ਹੈ ਕਿ ਸਾਰੇ ਹੀ ਮਾਹਿਰ ਬਿਮਾਰੀ ਦੀ ਤਹਿ ਤੱਕ ਪਹੁੰਚਣਾ ਚਾਹੁੰਦੇ ਹਨ, ਪਰ ਸਿਹਤ ਦੀ ਹਾਲਤ ਵਿਚ ਸੁਧਾਰ ਬਹੁਤ ਘੱਟ ਆਇਆ ਹੈ। ਕਾਫ਼ੀ ਗੱਲਾਂ ਹੋ ਗਈਆਂ ਹਨ। ਇਹ ਵਿਚਾਰ ਚਰਚਾ ਤਾਂ ਹੀ ਪੂਰੀ ਹੋਵੇਗੀ ਜੇ ਤੁਸੀਂ ਵੀ ਹਿੱਸਾ ਲਵੋਗੇ, ਸਮਾਂ ਘੱਟ ਹੈ ਸਿਰਫ਼ ਇਕ ਸੁਆਲ ਦੀ ਗੁਜਾਇਸ਼ ਹੈ। ਮੈਂ ਦੇਖ ਰਿਹਾ ਹਾਂ ਇਕ ਹੱਥ ਖੜ੍ਹਾ ਹੈ ਆਓ ਤੇ ਰੱਖੋ ਆਪਣੀ ਗੱਲ।

ਉਸ ਵਿਅਕਤੀ ਦਾ ਸਵਾਲ ਹੈ, "ਮੇਰੀ ਪ੍ਰੈਕਟੀਕਲ ਸਮੱਸਿਆ ਸਮਝ ਲਓ ਜਾਂ ਤਜਰਬਾ ਹੈ, 'ਮਾਂ ਜੀ ਕਹਿੰਦੇ ਹਨ ਦਿਲ ਘਬਰਾਉਂਦਾ ਹੈ, ਮੈਂ ਦਿਲ ਵਾਲੇ ਡਾਕਟਰ ਕੋਲ ਲਿਆਉਂਦਾ ਹਾਂ, ਉਹ ਸਾਰੇ ਟੈਸਟ ਕਰਵਾ ਕਹਿੰਦਾ ਹੈ ਮੇਰੇ ਮੁਤਾਬਿਕ ਸਭ ਠੀਕ ਹੈ। ਤੁਸੀਂ ਫੇਫੜਿਆਂ ਵਾਲੇ ਡਾਕਟਰ ਨਾਲ ਗੱਲ ਕਰਕੇ ਦੇਖੋ। ਮਾਤਾ ਜੀ ਨੇ ਗੱਲਾਂ-ਗੱਲਾਂ ਵਿਚ ਸਾਹ ਦੀ ਗੱਲ ਕਰ ਦਿੱਤੀ ਸੀ। ਉਨ੍ਹਾਂ ਨੇ ਵੀ ਕਲੀਨ ਚਿੱਟ ਦੇ ਦਿੱਤੀ। ਮਾਤਾ ਜੀ ਨੇ ਮਨ ਠੀਕ ਨਹੀਂ ਹੈ, ਕਿਹਾ ਹੈ ਤਾਂ ਮਾਨਸਿਕ ਰੋਗਾਂ ਦੇ ਮਾਹਿਰ ਕੋਲ ਭੇਜ ਦਿੱਤਾ। ਲੱਗਦਾ ਹੈ ਸਾਰਾ ਸਿਸਟਮ ਵੀ ਭਟਕਣ ਵਿਚ ਪਿਆ ਹੈ। ਵਿਸ਼ਾ ਸੀ ਮੁਕੰਮਲ ਸਿਹਤ 'ਤੇ ਗੱਲ ਹੋ ਰਹੀ ਹੈ ਟੁਕੜਿਆਂ-ਟੁਕੜਿਆਂ ਵਿਚ।"

'ਸਵਾਲ ਕਮਾਲ ਦਾ ਹੈ' ਮੈਂ ਹੁਣ ਕਸ਼ਮਕਸ਼ ਵਿਚ ਹਾਂ ਕਿ ਕਿਸ ਮਾਹਿਰ ਤੋਂ ਜਵਾਬ ਲਈਏ। ਮੈਂ ਚਾਹਾਂਗਾ ਕਿ ਇਸ ਦਾ ਜਵਾਬ ਸੈਮੀਨਾਰ ਦੇ ਚੇਅਰਮੈਨ ਖੁਦ ਦੇਣ, ਜੋ ਕਿ ਕਿਸੇ ਵਿਸ਼ੇਸ਼ ਵਿਸ਼ੇ ਦੇ ਮਾਹਿਰ ਤਾਂ ਨਹੀਂ ਹਨ, ਪਰ ਫਿਰ ਵੀ ਉਹ ਸਮਾਜ ਅਤੇ ਮੈਡੀਸਨ ਵਿਸ਼ੇ ਨੂੰ ਜੋੜ ਕੇ ਪੜ੍ਹਾਉਂਦੇ ਹਨ ਤੇ ਅਕਸਰ ਇਸ ਵਿਸ਼ੇ ਨੂੰ ਰਾਜਨੀਤਕ ਸਿਹਤ ਵੀ ਬਿਆਨ ਕਰਦੇ ਰਹਿੰਦੇ ਹਨ। ਆਓ ਸੁਣਦੇ ਹਾਂ ਉਨ੍ਹਾਂ ਤੋਂ ਦੋ ਸ਼ਬਦ।

ਸਾਡੇ ਵਿਭਾਗ ਨੇ ਪਹਿਲ ਕਿਉਂ ਕੀਤੀ? ਇਹ ਸਵਾਲ ਹੈ ਸਭ ਦੇ ਜ਼ਿਹਨ ਵਿਚ। ਹੈਰਾਨੀ ਦੀ ਗੱਲ ਨਹੀਂ ਹੈ! ਮੇਰੇ ਮੁਤਾਬਿਕ ਸਿਹਤ ਦਾ ਵਿਸ਼ਾ ਹੈ ਹੀ ਸਿਆਸਤ ਦਾ। ਅੰਤਰ-ਰਾਸ਼ਟਰੀ ਪੱਧਰ ਦੀ ਸਿਆਸਤ ਦਾ। ਦੂਜਾ ਹੁਣੇ-ਹੁਣੇ ਹੀ ਅਸੀਂ ਸਭ ਨੇ ਭੋਗਿਆ ਹੈ ਕੋਵਿਡ ਦਾ ਸਮਾਂ, ਸਮੱਸਿਆ ਸਿਹਤ ਵਿਭਾਗ ਦੀ ਸੀ। ਦਵਾਈ, ਹਸਪਤਾਲ ਚਾਹੇ ਵੈਕਸੀਨ। ਸੰਭਾਲਿਆ ਕਿਸ ਨੇ? ਪ੍ਰਸ਼ਾਸਨ ਤੇ ਪੋਲੀਟਿਕਸ ਨੇ। ਗੱਲ ਅਰਥ ਸ਼ਾਸਤਰ ਦੀ ਹੈ। ਦੇਸ਼ ਦਾ ਅਮੀਰ ਕੋਵਿਡ ਦੇ ਬੁਰੇ ਸਮੇਂ ਦੌਰਾਨ ਤਰੱਕੀ ਕਰਕੇ ਏਸ਼ੀਆ ਦਾ ਅਮੀਰ ਆਦਮੀ ਹੋ ਗਿਆ। ਕਿਵੇਂ? ਜੋ ਸਵਾਲ ਤੁਹਾਡੇ ਮਨ ਵਿਚ ਆਇਆ ਹੈ ਉਹ ਵੀ ਅਹਿਮ ਹੈ ਸਿਹਤ ਦੀ ਟੁਕੜੇ-ਟੁਕੜੇ ਪਹੁੰਚ। ਇਹ ਸਰਮਾਏਦਾਰਾਂ ਨੂੰ ਤੇ ਕਾਰਪੋਰੇਟ ਮਾਡਲ ਨੂੰ ਮਾਫ਼ਕ ਆਉਂਦੀ ਹੈ। ਸਿਹਤ ਨੀਤੀ ਸਿਆਸਤ ਦੇ ਹੱਥ ਹੈ, ਲੋਕਤੰਤਰ ਹੈ ਤਾਂ ਸਿਹਤ ਨੀਤੀਆਂ ਲੋਕ ਪੱਖੀ ਹੋਣੀਆਂ ਚਾਹੀਦੀਆਂ ਹਨ। ਕੌਣ ਬਣਾਉਂਦਾ ਹੈ ਤੇ ਹੈ ਕੌਣ ਬਣਵਾਉਂਦਾ ਹੈ? ਇਹੀ ਸਵਾਲ ਨਾਲ ਲੈ ਕੇ ਜਾਣਾ ਹੈ। ਇਹੀ ਮਨੋਰਥ ਇਸ ਚਰਚਾ ਦਾ। ਸਭ ਦਾ ਬਹੁਤ-ਬਹੁਤ ਧੰਨਵਾਦ।

ਦੋਸਤੋ ਮੇਰਾ ਕੰਮ ਤੰਦ ਜੋੜਨ ਦਾ ਸੀ, ਕਿੰਨੀ ਕੁ ਜੁੜੀ ਹੈ। ਇਹ ਤੁਸੀਂ ਬਿਹਤਰ ਜਾਣਦੇ ਹੋ! ਪਰ ਇਕ ਤੰਦ ਜੋ ਅਹਿਮ ਹੈ, ਉਹ ਹੈ ਮੈਂ ਸਿਹਤ ਦੇ ਨਾਲ-ਨਾਲ ਕੁਦਰਤ ਦਾ ਵੀ ਪ੍ਰੇਮੀ ਹਾਂ। ਉਸ ਦੇ ਬਾਰੇ ਵੀ ਗੱਲ ਹੋਣੀ ਚਾਹੀਦੀ ਹੈ। ਜੇ ਤੁਸੀਂ ਕਹੋ ਕਿ ਗੱਲ ਮੁਕੰਮਲ ਹੋਈ ਹੈ, ਨਹੀਂ, ਗੱਲ ਸ਼ੁਰੂ ਹੋਈ ਹੈ, ਇਹ ਹੁੰਦੀ ਰਹਿਣੀ ਚਾਹੀਦੀ ਹੈ।

**ਮੋਬਾ. 98158-08506**

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**
ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : nawanzamana@gmail.com * Web : www.nawanzamana.in

# ਪੁਰਸ਼ ਵਰਤਾਰਿਆਂ ਪ੍ਰਤੀ ਨਾਰੀ ਤੱਕਣੀ ਦਾ ਗਲਪੀ ਮਾਡਲ

ਕਿਤਾਬ ਦੀ ਪਰਖ ਪੜਚੋਲ

**ਡਾ. ਜੇ ਬੀ ਸੇਖੋਂ**






## ਧੁੱਪ ਛਾਂ ਦੇ ਖਤ

(ਨਾਵਲ)
**ਹਰਵਿੰਦਰ ਭੰਡਾਲ**
**ਪੰਨੇ-190, ਮੁੱਲ-300 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**

ਹਰਵਿੰਦਰ ਭੰਡਾਲ ਪੰਜਾਬੀ ਕਵਿਤਾ, ਚਿੰਤਨ ਅਤੇ ਇਤਿਹਾਸਕਾਰੀ ਦੇ ਖੇਤਰ ਦਾ ਸੰਜੀਦਾ ਲੇਖਕ ਹੈ। ਉਸ ਦੀ ਕਵਿਤਾ ਸਮਕਾਲ ਦੇ ਉਪਭੋਗਤਾਵਾਦੀ ਦੌਰ ਵਿੱਚ ਮਨੁੱਖੀ ਹੋਂਦ ’ਤੇ ਛਾਏ ਬਹੁਪਾਸਾਰੇ ਸੰਕਟਾਂ ਨੂੰ ਚਿੰਤਨੀ ਨੀਝ ਨਾਲ ਮੁਖ਼ਾਤਿਬ ਹੁੰਦੀ ਹੈ। ਉਸ ਨੇ ਭਾਰਤ ਦੇ ਆਜ਼ਾਦੀ ਅੰਦੋਲਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣ ਦੇ ਬਾਵਜੂਦ ਇਤਿਹਾਸਕਾਰੀ ਦੇ ਹਾਸ਼ੀਏ ’ਤੇ ਰਹਿਣ ਵਾਲੀਆਂ ਇਨਕਲਾਬੀ ਤਹਿਰੀਕਾਂ ਅਤੇ ਸੁਤੰਤਰਤਾ ਸੰਗਰਾਮੀਆਂ ’ਤੇ ਮਹੱਤਵਪੂਰਨ ਪੁਸਤਕਾਂ ਲਿਖੀਆਂ ਹਨ। ਸਾਲ 2021 ਵਿੱਚ ਹਰਵਿੰਦਰ ਭੰਡਾਲ ‘ਮੈਲੀ ਮਿੱਟੀ’ ਨਾਵਲ ਲਿਖ ਕੇ ਬਿਰਤਾਂਤਕਾਰੀ ਵੱਲ ਪ੍ਰਵੇਸ਼ ਕਰਦਾ ਹੈ।

ਇਸ ਸਾਲ ਭੰਡਾਲ ਵੱਲੋਂ ਲਿਖਤ ਨਾਵਲ ‘ਧੁੱਪ ਛਾਂ ਦੇ ਖ਼ਤ’ ਪੰਜਾਬ ਦੇ ਸ਼ਹਿਰੀ ਮੱਧਵਰਗੀ ਅਤੇ ਪੇਂਡੂ ਨਿਮਨਵਰਗੀ ਪਰਵਾਰਾਂ ਵਿੱਚ ਔਰਤ ਦੀ ਹਾਸ਼ੀਅਤ ਸਥਿਤੀ ’ਤੇ ਕੇਂਦਰਤ ਹੈ। ਨਾਵਲੀ ਬਿਰਤਾਂਤ ਮਰਦ ਪ੍ਰਧਾਨ ਸਮਾਜਿਕ ਬਣਤਰਾਂ ਵਿੱਚ ਨਾਰੀ ਵਰਗ ਦੇ ਹੁੰਦੇ ਆ ਰਹੇ ਦਮਨ ਨੂੰ ਖ਼ਤੋ ਕਿਤਾਬਤ ਦੀ ਸ਼ੈਲੀ ਦੁਆਰਾ ਸੂਖਮ ਚਿੰਤਨੀ ਲਹਿਜ਼ੇ ਵਿੱਚ ਫੜਦਾ ਹੈ। ਭਾਰਤੀ ਸਮਾਜ ਦੀ ਪਿੱਤਰੀ ਸੱਤਾ ਵਿੱਚ ਔਰਤ ਪ੍ਰਤੀ ਮਰਦ ਦਾ ਸਮੁੱਚਾ ਵਿਵਹਾਰ ਬਸਤੀਵਾਦੀ ਕਿਸਮ ਦਾ ਰਿਹਾ ਹੈ। ਪੂੰਜੀਵਾਦੀ ਦੇਸ਼ਾਂ ਦਾ ਬਸਤੀਵਾਦੀ ਮਾਡਲ ਜਿਸ ਤਰ੍ਹਾਂ ਗਰੀਬ, ਪੱਛੜੇ ਅਤੇ ਤੀਜੀ ਦੁਨੀਆ ਦੇ ਦੇਸ਼ਾਂ ਦੇ ਸਮਾਜ, ਇਤਿਹਾਸ, ਆਰਥਿਕਤਾ ਅਤੇ ਲੋਕ ਜੀਵਨ ਨੂੰ ਆਪਣੇ ਹਿੱਤਾਂ ਲਈ ‘ਬਰਬਾਦ’ ਕਰਕੇ ਆਪਣੀ ਸਰਵਸ੍ਰੇਸ਼ਟਤਾ ਦਾ ਪਰਚਮ ਲਹਿਰਾਂਦਾ ਹੈ, ਉਸੇ ਲਹਿਜ਼ੇ ਵਿੱਚ ਭਾਰਤੀ ਮਰਦਾਵੀ ਧੌਂਸ ਨੇ ਔਰਤ ਨੂੰ ਉਸ ਦੀ ਆਜ਼ਾਦ ਖਸਲਤ ਅਤੇ ਸਹਿਜ ਮਾਨਵੀ ਹੋਂਦ ਤੋਂ ਵਿਛੁੰਨ ਕੇ ਇਕ ਵਸਤੂ ਜਾਂ ਟੈਰੇਟਰੀ ਵਾਂਗ ਇਸਤੇਮਾਲ ਕੀਤਾ ਹੈ। ਇਸੇ ਕਰਕੇ ਨਾਰੀਵਾਦੀ ਸਾਹਿਤ ਮਰਦਾਵੀਂ ਸੱਤਾ ਦੇ ਹਰ ਵਸਤੂ ਵਰਤਾਰੇ ’ਤੇ ਸਵਾਲੀਆ ਦ੍ਰਿਸ਼ਟੀ ਰੱਖਦਾ ਹੋਇਆ ਹਰ ਕਿਸਮ ਦੇ ਵਖਰੇਵੇਂ, ਅਸਮਾਨਤਾ ਅਤੇ ਦਾਬੇ ਪ੍ਰਤੀ ਨਾਬਰ, ਉਗਰ ਤੇ ਚਿੰਤਨੀ ਨੀਝ ਰੱਖਦਾ ਆਪਣਾ ਮੌਲਿਕ ਸਾਹਿਤ ਸ਼ਾਸਤਰ ਉਸਾਰਦਾ ਹੈ।

ਹਰਵਿੰਦਰ ਭੰਡਾਲ ਦਾ ਇਹ ਨਾਵਲ ਵੀ ਨਾਰੀਵਾਦੀ ਦ੍ਰਿਸ਼ਟੀ ਤੋਂ ਔਰਤ ਦੀ ਸਾਲਮ ਹੋਂਦ ’ਤੇ ਪਸਰੇ ਮਰਦਾਵੇਂ ਪਰਛਾਵੇਂ ਪ੍ਰਤੀ ਕ੍ਰਿਟੀਕ ਵਾਂਗ ਪੇਸ਼ ਹੋਈ ਰਚਨਾ ਹੈ। ਨਾਵਲ ਦੇ ਤਿੰਨ ਹਿੱਸਿਆਂ ਵਿੱਚ ਤਿੰਨ ਔਰਤਾਂ ਵੱਲੋਂ ਆਪਣੇ ਸਕੂਲ/ਕਾਲਜ ਦੇ ਪੁਰਾਣੇ ਅਧਿਆਪਕਾਂ ਨੂੰ ਖ਼ਤ ਲਿਖੇ ਜਾਂਦੇ ਹਨ। ਇਨ੍ਹਾਂ ਖ਼ਤਾਂ ਵਿੱਚ ਅਕਾਦਮਿਕ ਸਿੱਖਿਆ ਦੀ ਸਮੁੱਚੀ ਸਿਧਾਂਤਕੀ, ਮਰਦ ਔਰਤ ਸਮਾਨਤਾ ਦੇ ਥੋਥੇ ਨਾਅਰੇ, ਧਾਰਮਿਕ ਸਿੱਖਿਆਵਾਂ ਅਤੇ ਮਰਦਾਵੀਂ ‘ਸੂਝ ਬੂਝ’ ਵਿੱਚੋਂ ਔਰਤ ਲਈ ਨਿਕਲਦੀਆਂ ਸਮਝੌਤੀਆਂ ਉਨ੍ਹਾਂ ਦੀ ਤਲਖ ਜ਼ਿੰਦਗੀ ਅੱਗੇ ਚਕਨਾਚੂਰ ਹੁੰਦੀਆਂ ਪੇਸ਼ ਹੋਈਆਂ ਹਨ। ਉਕਤ ਨਾਰੀ ਪਾਤਰ ਸਹਿਪਾਠੀ ਜੀਵਨ ਦੀਆਂ ਸਹੇਲੀਆਂ ਕ੍ਰਮਵਾਰ ਕੁਲਜੀਤ, ਦਿਵਿਆ ਅਤੇ ਨੇਹਾ ਹਨ, ਜੋ ਕਿ ਆਪਣੇ ਆਦਰਸ਼ਵਾਦੀ ਅਧਿਆਪਕਾਂ ਨੂੰ ਮਰਦ ਪ੍ਰਧਾਨ ਵਿਵਸਥਾ ਵਿਚ ਔਰਤ ਨੂੰ ਮਿਲਦੀ ਚਿਤਕਬਰੀ ਧੁੱਪ ਛਾਂ ਵੱਲੋਂ ਲਿਖੇ ਖ਼ਤਾਂ ਦੁਆਰਾ ਸੰਬੋਧਤ ਹਨ। ਨਾਵਲ ਦੇ ਇਹ ਤਿੰਨੋਂ ਨਾਰੀ ਪਾਤਰ ਪਿੱਤਰੀ ਸੱਤਾ ਵਿੱਚ ਸਬਰ ਤੇ ਜਬਰ ਨਾਲ ਪਥਰਾ ਦਿੱਤੀ ਗਈ ਔਰਤ-ਜ਼ਿੰਦਗੀ ਦੇ ਬੁਲਾਰੇ ਹਨ, ਜਿਨ੍ਹਾਂ ਦੁਆਰਾ ਲੇਖਕ ਨੇ ਘਰ, ਪਰਵਾਰ, ਰਿਸ਼ਤਾ ਪ੍ਰਬੰਧ ਅਤੇ ਤਮਾਮ ਮਾਨਵ ਸਿਰਜਤ ਸੰਸਥਾਵਾਂ ਵਿੱਚ ਨਾਰੀ ਦੀ ਦੁਜੈਲੀ ਹੋਂਦ ਨੂੰ ਨਾਰੀ ਪੁਜ਼ੀਸ਼ਨ ਦੇ ਤਿੰਨ ਭਿੰਨ-ਭਿੰਨ ਉਚਾਰਾਂ ਤੋਂ ਪੇਸ਼ ਕਰਕੇ ਨਾਵਲ ਦੀ ਰਚਨਾ ਸ਼ੈਲੀ ਵਿੱਚ ਨਵਾਂ ਪ੍ਰਯੋਗ ਕਰਨ ਦੀ ਕੋਸ਼ਿਸ਼ ਕੀਤੀ ਹੈ। ਅਜਿਹਾ ਪ੍ਰਯੋਗ ਹਿੰਦੀ ਦੇ ਕਈ ਨਾਵਲਾਂ ਵਿੱਚ ਹੈ, ਜਿਸ ਦੀ ਇਕ ਮਿਸਾਲ ਕ੍ਰਿਸ਼ਨ ਬਲਦੇਵ ਵੈਦ ਦਾ ਨਾਵਲ ‘ਇਕ ਨੌਕਰਾਣੀ ਕੀ ਡਾਇਰੀ’ ਹੈ ਜਿਸ ਵਿੱਚ ਮੱਧਵਰਗੀ ਘਰਾਂ ਵਿੱਚ ਕੰਮ ਕਰਦੀ ਨੌਕਰਾਣੀ ਆਪਣੀ ਡਾਇਰੀ ਵਿੱਚ ਰੋਜ਼ਨਾਮਚੇ ਵਾਂਗ ਉਕਤ ਘਰਾਂ ਵਿੱਚ ਵਾਪਰਦੀਆਂ ਵਿਸੰਗਤੀਆਂ ਨੂੰ ਦਰਜ ਕਰਦੀ ਰਹਿੰਦੀ ਹੈ। ਨੌਕਰਾਣੀ ਪਾਤਰ ਵੱਲੋਂ ਮੱਧਵਰਗੀ ਮਾਲਕ ਪਰਵਾਰਾਂ ਨੂੰ ਦੇਖਣ ਵਾਲੀ ਇਹ ਨਵੇਂ ਕੋਣ ਦੀ ਤੱਕਣੀ ਹੈ, ਜਿਹੜੀ ਇਸ ਵਰਗ ਦੇ ਸਹਿਜ ਦਿਸਦੇ ਜੀਵਨ ਪਿਛਲੀ ਬੇਤਰਤੀਬੀ ਅਤੇ ਅਸਹਿਜਤਾ ਦਾ ਨਵਾਂ ਸੰਸਾਰ ਉਦਘਾਟਿਤ ਕਰ ਦਿੰਦੀ ਹੈ। ਭੰਡਾਲ ਦਾ ਇਹ ਨਾਵਲ ਪੁਰਸ਼ ਵਿਵਸਥਾ ਪ੍ਰਤੀ ਨਾਰੀ ਤੱਕਣੀ ਦਾ ਇਕ ਗਲਪੀ ਮਾਡਲ ਉਸਾਰਦਾ ਹੈ। ਇਸ ਮਾਡਲ ਤਹਿਤ ਮੱਧਵਰਗੀ ਘਰਾਂ ਵਿੱਚ ਲੜਕੀਆਂ ਦੇ ਸੁਪਨੇ ਪਿੱਤਰ ਸੱਤਾ ਦੀ ਮਰਦਾਵੀਂ ਧਮਕ ਨਾਲ ਟੁੱਟਦੇ ਹਨ, ਸਨਾਤਨੀ ਸਕੂਲਾਂ ਵਿੱਚ ਸਿੱਖਿਆ ਦੇ ਨਾਂਅ ਹੇਠਾਂ ਲੜਕੀਆਂ ਨੂੰ ਮਰਦਾਵੇਂ ਦਾਬੇ ਵਿੱਚ ਘੁਟਣ ਭਰਿਆ ਅਪੰਗ ਜੀਵਨ ਜੀਊਣ ਦੀ ਸਿਖਲਾਈ ਮਿਲਦੀ ਹੈ ਅਤੇ ਵਿਆਹ ਦੀ ਸੰਸਥਾ ਵਿੱਚ ‘ਸ਼ੁੱਧ ਕਵਿਤਾ ਦੇ ਦਿਨਾਂ ਅੰਦਰ ਨੀਰਸ ਵਾਰਤਕ’ ਵਰਗੇ ਪਲ ਮਾਨਣ ਨੂੰ ਮਿਲਦੇ ਹਨ। ਇਸ ਵਰਤਾਰੇ ਨੂੰ ਕੁਲਜੀਤ, ਦਿਵਿਆ ਅਤੇ ਨੇਹਾ ਕ੍ਰਮਵਾਰ ਔਰਤ ਦੇ ਬਚਪਨ, ਜਵਾਨੀ ਅਤੇ ਅਧੇੜ ਉਮਰ ਦੇ ਕਾਲ ਖੰਡਾਂ ਵਿਚਲੇ ਪਿੱਤਰੀ ਦਮਨ ਨਾਲ ਪਰਿਭਾਸ਼ਿਤ ਕਰਦੀਆਂ ਹਨ। ਇਹ ਨਾਰੀ ਪਾਤਰ ਆਪਣੇ ਹਿੱਸੇ ਦੀ ਜ਼ਿੰਦਗੀ ਜੀਉਣ ਦੇ ਕਈ ਤਰੱਦਦ ਕਰਦੀਆਂ ਹਨ। ਕੁਲਜੀਤ ਤੇ ਦਿਵਿਆ ਮਰਦਾਵੀਂ ਮਰਿਆਦਾ ਵੱਲੋਂ ਤੈਅਸ਼ੁਦਾ ‘ਨਜਾਇਜ਼’ ਰਿਸ਼ਤਿਆਂ ਵਿੱਚੋਂ ਜਾਇਜ਼ ਸਕੂਨ ਤਲਾਸ਼ਦੀਆਂ ਭਟਕਣ ਦੀਆਂ ਸ਼ਿਕਾਰ ਹਨ ਅਤੇ ਪਛਾਣ ਬੋਧ ਦਾ ਸੰਕਟ ਉਨ੍ਹਾਂ ਦੀ ਸ਼ਖ਼ਸੀਅਤ ’ਤੇ ਹਾਵੀ ਰਹਿੰਦਾ ਹੈ।

ਹਰਵਿੰਦਰ ਭੰਡਾਲ ਨੇ ਮੱਧਵਰਗੀ ਸੰਸਕ੍ਰਿਤੀ ਦੀ ਘੁਟਣ ਵਿੱਚ ਕਤਰਾ-ਕਤਰਾ ਖੁਰਦੀ ਨਾਰੀ ਹੋਂਦ ਦੇ ਤਿੰਨ ਪਾਸਾਰ ਪੇਸ਼ ਕੀਤੇ ਹਨ। ਪਹਿਲਾ ਪਾਸਾਰ ਨਿਮਨਵਰਗੀ ਕਿਸਾਨ ਪਰਵਾਰ ਦੀ ਧੀ ਕੁਲਜੀਤ ਹੈ ਜਿਸ ਦਾ ਜੀਵਨ ਦਰਿਆ ਕੰਢੇ ਵੱਸਦੇ ਰੇਤਲੇ ਜੀਵਨ ਨਾਲ ਜੁੜਿਆ ਹੈ। ਉਸ ਨੂੰ ਆਪਣੀ ਜ਼ਿੰਦਗੀ ਦੇ ਘਸਮੈਲੇ ਯਥਾਰਥ ਦੀ ਯਥਾਯੋਗ ਸਲਾਮਤੀ ਲਈ ਆਪਣੇ ਪਿਤਾ ਅਤੇ ਭਰਾ ਦੇ ਮਰਦਾਵੇਂ ਦਾਬੇ ਹੇਠਾਂ ਸਹਿਕਣਾ ਪੈਂਦਾ ਹੈ। ਇੱਥੋਂ ਤੱਕ ਕਿ ਉਸ ਨੂੰ ਦਾਦੀ ਅੰਦਰ ਲੁਕੀ ਮਰਦਾਵੀਂ ਸੱਤਾ ਦੀ ਮਾਰ ਤੋਂ ਵੀ ਬਚਣਾ ਪੈਂਦਾ ਹੈ। ਦਾਦੀ ਪਾਤਰ ਜੈਂਡਰ ਲੈੱਸ ਸੱਤਾ ਦਾ ਪ੍ਰਤੀਨਿਧ ਪਾਤਰ ਹੈ, ਜਿਹੜਾ ਪਿੱਤਰੀ ਸੱਤਾ ਦੇ ਤਾਉਮਰ ਦਮਨ ਹੇਠਾਂ ਇਸ ਸੱਤਾ ਦਾ ਹੀ ਇਕ ਕੇਂਦਰ ਬਣ ਜਾਂਦਾ ਹੈ। ਕੁਲਜੀਤ ਦਾ ਦੁਨੀਆ ਤੇ ਦਰਿਆ ਤੋਂ ਲੁਕਿਆ ਪਿੰਡ ਉਸ ਲਈ ਤਸੀਹਾ ਕੇਂਦਰ ਤੇ ਸ਼ਰਨਗਾਹ ਦੀ ਦੋਹਰੀ ਪਰਤ ਵਾਂਗ ਹੈ, ਜਿੱਥੇ ਉਸ ਦੇ ਲਈ ਸਕੂਲ, ਕਾਲਜ ਦੇ ਕਿਸੇ ਵਿਸ਼ੇ ਦੀ ਖੋਖਲੀ ਕਲਾਤਮਿਕਤਾ ਨਾਲੋਂ ਜ਼ਿਆਦਾ ਮਰਦਾਵੀਂ ਧੌਂਸ ਵਿੱਚ ਸਾਹ ਲੈਣ ਦੀ ਕਲਾ ਆਉਣੀ ਜ਼ਰੂਰੀ ਹੈ। ਦਮਿਤ ਮਾਹੌਲ ਵਿੱਚੋਂ ਨਿਕਲ ਕੇ ਕੁਲਜੀਤ ਕਾਲਜ ਵਿੱਚ ਦਾਖਲ ਹੁੰਦੀ ਹੈ, ਜਿੱਥੇ ਆਪਣੀਆਂ ਸਹੇਲੀਆਂ ਦੇ ਦੇਹੀ ਜਸ਼ਨਾਂ ਵਾਲੀ ਅਖੌਤੀ ਆਜ਼ਾਦੀ ਤੋਂ ਵਿੱਥ ਰੱਖ ਕੇ ਆਪਣੀ ਚਿੰਤਨੀ ਸੂਝ ਨੂੰ ਪ੍ਰਗਟਾਉਂਦੀ ਹੈ। ਉਹ ਆਪਣੇ ਖ਼ਤ ਵਿੱਚ ਆਪਣੇ ਅਧਿਆਪਕ ਦੀਪਕ ਨੂੰ ਆਪਣੀ ਧੁੰਦਲੀ ਤੇ ਮੈਲਖੋਰੀ ਜ਼ਿੰਦਗੀ ਦੇ ਦਿਸਦੇ ਤੇ ਲੁਕਵੇਂ ਪਾਸਾਰਾਂ ਬਾਰੇ ਚਾਨਣਾ ਪਾ ਕੇ ਸੁਰਖਰੂ ਹੋ ਜਾਂਦੀ ਹੈ। ਕੁਲਜੀਤ ਦੀ ਬੇਪਛਾਣ ਜ਼ਿੰਦਗੀ ਵਿੱਚ ਦਿਹਾਤੀ ਜੀਵਨ ਅੰਦਰ ਔਰਤ ਮਰਦ ਭੇਦਭਾਵ, ਗਰੀਬੀ, ਨਿਮਨ ਕਿਸਾਨੀ ਦੇ ਸੰਕਟ, ਅਨਪੜ੍ਹਤਾ ਆਦਿ ਨਾਲ ਜੁੜੇ ਉਚਾਰ ਵਿਸ਼ੇਸ਼ ਤੌਰ ’ਤੇ ਦਰਜ ਹੋਏ ਹਨ। ਖ਼ਤ ਦੇ ਅੰਤ ’ਤੇ ਕੁਲਜੀਤ ਰਿਸ਼ਤਾ-ਨਾਤਾ ਸੰਸਾਰ ਵਿਚਲੀ ਮਰਦਾਵੀਂ ਪ੍ਰਧਾਨਤਾ ਤੋਂ ਉਦਾਸੀਨ ਹੋ ਕੇ ਇਕੱਲਤਾ ਵਿੱਚੋਂ ਸਕੂਨ ਤੇ ਆਤਮ ਵਿਸ਼ਵਾਸੀ ਜੀਵਨ ਜੀਉਣ ਦੀ ਅਭਿਲਾਸ਼ੀ ਹੋ ਜਾਂਦੀ ਹੈ।

ਨਾਵਲ ਦੀ ਖ਼ਤੋ ਕਿਤਾਬਤ ਦਾ ਦੂਜਾ ਅਤੇ ਤੀਜਾ ਪਾਸਾਰ ਨਾਰੀ ਪਾਤਰ ਦਿਵਿਆ ਅਤੇ ਨੇਹਾ ਦੇ ਉਚਾਰ ਬਿੰਦ ਤੋਂ ਪ੍ਰਗਟ ਹੁੰਦਾ ਹੈ। ਦਿਵਿਆ ਅਤੇ ਨੇਹਾ ਸਨਾਤਨੀ ਹਿੰਦੂ ਸਕੂਲਾਂ ਦੀਆਂ ਵਿਦਿਆਰਥਣਾਂ ਹਨ, ਜਿਸ ਵਿਵਸਥਾ ਨੂੰ ਲੇਖਕ ‘ਵਿਧਵਾ ਬਣਾਉਣ ਦੇ ਕਾਰਖਾਨੇ’ ਵਾਲੇ ਖੌਫਜ਼ਦਾ ਮੈਟਾਫਰ ਨਾਲ ਪੇਸ਼ ਕਰਦਾ ਹੈ। ਇਸ ਦਾਬਾਮੂਲਕ ਸੰਸਕ੍ਰਿਤੀ ਵਿੱਚੋਂ ਦਿਵਿਆ ਸਕੂਲ ਦੇ ਬੱਸ ਚਾਲਕ ਹਰਿੰਦਰ ਨਾਲ ਮੁਹੱਬਤ ਕਰ ਬੈਠਦੀ ਹੈ, ਜਿਸ ਦਾ ਖਮਿਆਜ਼ਾ ਉਸ ਨੂੰ ਪਿਆਰ ਵਿਆਹ ਉਪਰੰਤ ਭੋਗਣਾ ਪੈਂਦਾ ਹੈ। ਹਰਿੰਦਰ ਪ੍ਰੇਮੀ ਤੋਂ ਪਤੀ ਤੇ ਪਤੀ ਤੋਂ ਮਾਲਕ ਬਣ ਜਾਂਦਾ ਹੈ, ਜਿਸ ਮਾਹੌਲ ਵਿੱਚ ਦਿਵਿਆ ਲਈ ਸਹੁਰਾ ਘਰ ਕਨਸਨਟਰੇਸ਼ਨ ਕੈਂਪ ਵਾਂਗ ਪੇਸ਼ ਆਉਂਦਾ ਹੈ। ਨਸ਼ੇੜੀ ਹਰਿੰਦਰ ਤੋਂ ਦੁਖੀ ਹੋ ਕੇ ਦਿਵਿਆ, ਚੰਦਰ ਸ਼ੇਖਰ ਨਾਲ ਸੰਬੰਧ ਕਾਇਮ ਕਰ ਲੈਂਦੀ ਹੈ, ਪਰ ਮਰਦਾਵੀਂ ਵਿਵਸਥਾ ਦੀ ਮਾਇਆ ਵਿੱਚ ਉਹ ਰੂਹ ਦੇ ਸਕੂਨ ਤੋਂ ਸੱਖਣੀ ਹੀ ਰਹਿੰਦੀ ਹੈ। ਨਾਵਲ ਦੀ ਤੀਜੀ ਪਾਤਰ ਨੇਹਾ ਮੱਧਵਰਗੀ ਘਰਾਂ ਅਤੇ ਸਨਾਤਨੀ ਸਕੂਲਾਂ ਦੇ ਦਮਨ ਕਰਕੇ ਖੰਡਿਤ, ਬੇਪਛਾਣ ਅਤੇ ਅਜਨਬੀ ਬੋਧ ਭਰੀ ਸ਼ਖ਼ਸੀਅਤ ਬਣ ਜਾਂਦੀ ਹੈ। ਅਧਿਆਪਕਾਂ ਵੱਲੋਂ ਗਿਆਨ ਦੀ ਦੇਵੀ ਕਹੀ ਜਾਂਦੀ ਸਰਸਵਤੀ (ਨੇਹਾ) ਸਹੁਰੇ ਘਰ ਦੀ ਦੂਜੀ ਕੈਦ ਵਿੱਚ ਪੁੱਜ ਕੇ ਹਿੰਦੂ ਧਰਮ ਦੇ ਸੰਸਕਾਰਾਂ ਦੀ ਜਕੜ ਵਿੱਚ ਫਸ ਜਾਂਦੀ ਹੈ। ਉਸ ਦੇ ਪਤੀ ਰਾਕੇਸ਼ ਦੇ ਘਰ ਸੰਸਕਾਰ ਤੇ ਵਪਾਰ ਤੋਂ ਇਲਾਵਾ ਕੁੱਝ ਨਹੀਂ ਤੇ ਨੇਹਾ ਨੂੰ ਕੱਟੜ ਹਿੰਦੂਵਾਦੀ ਸਹੁਰਾ ਪਰਵਾਰ ਦੇ ਸਾਰੇ ਮੈਂਬਰ ਭਾਰਤੀ ਨੋਟਾਂ ਦੀਆਂ ਵੱਖ-ਵੱਖ ਕੀਮਤਾਂ ਜਾਪਦੇ ਹਨ। ਨੇਹਾ ਪਾਤਰ ਕੋਲ ਮਰਦਾਵੀਂ ਵਿਵਸਥਾ ਦੇ ਸਾਰੇ ਸੰਦਾਂ ਵਿੱਚ ਔਰਤ ਦੀ ਜ਼ਿੰਦਗੀ ਦੀਆਂ ਕਤਰਾਂ ਨੂੰ ਆਤਮਸਾਤ ਕਰਨ, ਸਮਝਣ, ਮਹਿਸੂਸ ਕਰਨ ਦੀ ਅਗੰਮੀ ਸ਼ਕਤੀ ਹੈ। ਇਸ ਖ਼ਤੋ ਕਿਤਾਬਤ ਦੀ ਇਕ ਲੜੀ ਵਰਤਮਾਨ ਰਾਜਨੀਤੀ ਵਿੱਚ ਹਾਵੀ ਦੱਖਣਪੰਥੀ ਧਿਰਾਂ ਦੀਆਂ ਦਮਨਮੂਲਕ ਨੀਤੀਆਂ ਨਾਲ ਵੀ ਜੁੜੀ ਹੈ। ਨੇਹਾ ਦਾ ਸਹੁਰਾ ਪਰਵਾਰ ਹਿੰਦੂ ਸੰਗਠਨ ਦੀ ਸ਼ਾਖ਼ਾ ਨਾਲ ਜੁੜਿਆ ਹੈ ਜਿਸ ਦੀਆਂ ਸਨਾਤਨੀ ਵਿਚਾਰ ਪੱਧਤੀਆਂ ਦੇ ਸਮਕਾਲੀ ਸਿਆਸੀ ਰੁਝਾਨਾਂ ਵਿੱਚ ਨਾਰੀ ਵਰਗ, ਘੱਟ-ਗਿਣਤੀਆਂ ਸਮੂਹ ਅਤੇ ਹੋਰ ਸੰਘਰਸ਼ਸ਼ੀਲ ਤਬਕਿਆਂ ਨੂੰ ‘ਗੈਰ’ ਹੋਣ ਦੇ ਨੁਕਤਾ ਨਿਗਾਹ ਤੋਂ ਦੇਖਣ/ਮਸਲਨ ਦਾ ਰੁਝਾਨ ਭਾਰੂ ਹੈ। ਭਾਰਤੀ ਸਮਾਜ ਅਤੇ ਇਤਿਹਾਸ ਦੀਆਂ ਬਹੁਲਤਾਵਾਦੀ ਮਿਸਾਲਾਂ ਨੂੰ ਵਿਚਾਰਧਾਰਾ ਦੀ ਇਕਹਿਰੀ ਰੰਗਤ ਵਿੱਚ ਰੰਗਣ ਅਤੇ ਡਰ ਦੀ ਰਾਜਨੀਤੀ ਦੁਆਰਾ ਧਰਮ, ਜਾਤ, ਵਰਗਾਂ ਦੇ ਧਰੁਵੀਕਰਨ ਕਰਕੇ ਸੱਤਾ ਸਿਆਸਤ ’ਤੇ ਹਾਵੀ ਰਹਿਣ ਸਮੇਤ ਕਾਰਪੋਰੇਟ ਪੱਖੀ ਨੀਤੀਆਂ ਸੰਬੰਧੀ ਨਾਵਲ ਦੇ ਕਈ ਪ੍ਰਵਚਨ ਲੇਖਕ ਦੀ ਵਿਚਾਰਧਾਰਕ ਭਾਸ਼ਣੀ ਸੁਰ ਵੀ ਅਖਤਿਆਰ ਕਰ ਲੈਂਦੇ ਹਨ। ਇਸ ਵਰਤਾਰੇ ਪ੍ਰਤੀ ਨੇਹਾ ਦੇ ਸਮੁੱਚੀ ਮਨਬਚਨੀ ਘਰ, ਸਿਆਸਤ, ਸਮਾਜ ਪ੍ਰਤੀ ਮੁਲਾਂਕਣੀ ਟਿੱਪਣੀਆਂ ਭਰੀ ਹੈ। ਅਜਿਹੇ ਮਾਹੌਲ ਵਿੱਚ ਨੇਹਾ ਨੂੰ ਆਪਣੀ ਆਜ਼ਾਦੀ ਦਾ ਮਸਲਾ ਇਸ ‘ਘਰ’ ਰੂਪੀ ਪ੍ਰਯੋਗਸ਼ਾਲਾ ਵਿੱਚ ਪੱਥਰ ਦੇ ਸ਼ਹਿਰ ਅੰਦਰ ਗੁਲਦਾਉਦੀਆਂ ਲੱਭਣ ਦੇ ਪ੍ਰਤੀਕ ਨਾਲ ਪੇਸ਼ ਕੀਤਾ ਗਿਆ ਹੈ। ਨਾਵਲ ਦੀਆਂ ਤਿੰਨੋਂ ਨਾਰੀ ਪਾਤਰਾਂ ਆਪਣੇ ਆਦਰਸ਼ਵਾਦੀ ਅਧਿਆਪਕਾਂ ਪ੍ਰਤੀ ਮੂਕ ਮੁਹੱਬਤੀ ਭਾਵਨਾ ਵਿੱਚ ਵੀ ਪੇਸ਼ ਹਨ, ਪਰ ਖ਼ਤੋ ਕਿਤਾਬਤ ਦੇ ਅੰਤ ’ਤੇ ਹਰ ਕਿਸਮ ਦੀ ਮੁਹੱਬਤ, ਈਰਖਾ, ਮਰਿਆਦਾ, ਸਦਾਚਾਰ ਵਾਲੀ ਪਿੱਤਰੀ ਸੱਤਾ ਦੇ ਬੋਧ ਤੋਂ ਮੁਕਤੀ ਦੀ ਇੱਛਾ ਰੱਖਦੀਆਂ ਹਨ। ਨਾਵਲਕਾਰ ਕੋਲ ਪਾਤਰਾਂ ਦੇ ਖਿਆਲਾਂ ਨੂੰ ਪ੍ਰਗਟਾਉਣ ਵਾਲੀ ਸੰਵਾਦੀ ਭਾਸ਼ਾ ਅਤੇ ਤਰੋਤਾਜ਼ਾ ਮੈਟਾਫਰ ਹਨ। ਇਕ-ਇਕ ਪਾਤਰ ਦੀ ਮਨਬਚਨੀ ਨਾਲ ਨਾਵਲੀ ਬਿਰਤਾਂਤ ਦੀ ਉਸਾਰੀ ਕਰਕੇ ਸਮਕਾਲੀ ਨਾਵਲ ਪਰੰਪਰਾ ਵਿੱਚ ਹਰਵਿੰਦਰ ਭੰਡਾਲ ਨੇ ਵੱਖਰਾ ਕਲਾਤਮਿਕ ਵਾਧਾ ਕੀਤਾ ਹੈ। ਭੰਡਾਲ ਨੂੰ ਬਿਰਤਾਂਤ ਅੰਦਰ ਵਿਚਾਰਾਂ ਦੇ ਦੁਹਰਾਅ ਤੋਂ ਬਚਣ ਦੀ ਲੋੜ ਹੈ। ਇਹ ਦੁਹਰਾਅ ਪਾਤਰਾਂ ਦੀ ਵਾਰਤਾਲਾਪ ਤੋਂ ਬਾਅਦ ਲੇਖਕ ਵੱਲੋਂ ਦਰਜ ਸੂਚਨਾਮੁਖੀ ਬਿਰਤਾਂਤ ਵਿੱਚ ਬਹੁਤ ਰੜਕਦਾ ਹੈ। ਨਾਵਲਕਾਰਾਂ ਨੂੰ ਵਿਚਾਰਧਾਰਕ ਨਿਸ਼ਚੈਵਾਦ ਵਾਲੇ ਤਰਦੇ-ਤਰਦੇ ਉਪਦੇਸ਼ਾਂ ਦੀ ਥਾਂ ਅਦਿੱਖ ਤੌਰ ’ਤੇ ਰਚਨਾ ਅੰਦਰ ਸੰਦੇਸ਼ ਦੇਣ ਦੀ ਲੋੜ ਹੈ। ਇਸ ਨਾਲ ਹੀ ਪਾਠਕ ਬਿਰਤਾਂਤ ਦੀਆਂ ਵਿਰਲਾਂ ਵਿੱਚ ਉੱਤਰ ਕੇ ਅਰਥਾਂ ਦੇ ਬਹੁਵੰਨੇ ਸੰਸਾਰ ਨਾਲ ਜੁੜ ਸਕਦਾ ਹੈ।

# ਜੀਵਨ ਦੇ ਸੂਖ਼ਮ ਵਰਤਾਰਿਆਂ ਦੀ ਸ਼ਾਇਰੀ

**ਡਾ. ਤੇਜਿੰਦਰ ਵਿਰਲੀ**

## ਗੁਲਬੀਨ

**ਅਮਰੀਕ ਡੋਗਰਾ**
**ਸਫ਼ੇ : 96, ਮੁੱਲ : 100 ਰੁਪਏ**
**5ਆਬ ਪ੍ਰਕਾਸ਼ਨ, ਜਲੰਧਰ**




ਅਮਰੀਕ ਡੋਗਰਾ ਪੰਜਾਬੀ ਦਾ ਅਜਿਹਾ ਸ਼ਾਇਰ ਹੈ, ਜਿਹੜਾ ਆਪ ਨਹੀਂ ਬੋਲਦਾ, ਜਿਸ ਦੀ ਸ਼ਾਇਰੀ ਬੋਲਦੀ ਹੈ। ਤੁਸੀਂ ਉਸ ਨੂੰ ਕਿਸੇ ਮੁਸ਼ਾਇਰੇ, ਕਵੀ ਦਰਬਾਰ ਵਿੱਚ ਕਵਿਤਾ ਪੜ੍ਹਨ ਵਾਸਤੇ ਤਰਲੇ ਮਾਰਦਿਆਂ ਨਹੀਂ ਦੇਖੋਗੇ। ਕਦੀ ਉਹਨਾਂ ਲੋਕਾਂ ਦੀ ਭੀੜ ਵਿੱਚ ਦਾ ਜਿਨ੍ਹਾਂ ਨੇ ਸਾਹਿਤ ਨੂੰ ਨਿੱਜੀ ਜਾਗੀਰ ਬਣਾ ਰੱਖਿਆ ਹੈ। ਉਸ ਦੀਆਂ ਲੱਗਭੱਗ ਨੌਂ ਕਿਤਾਬਾਂ ਹੁਣ ਤੱਕ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਉਹ ਜਦੋਂ ਵੀ ਤੁਹਾਨੂੰ ਮਿਲਦਾ, ਪੂਰੇ ਦਾ ਪੂਰਾ ਮਿਲਦਾ। ਅੱਜ ਤੋਂ 30 ਸਾਲ ਪਹਿਲਾਂ ਉਹ ਜਦੋਂ ਮੈਨੂੰ ਮਿਲੇ ਸਨ ਤਾਂ ਘੱਟੋ-ਘੱਟ 10 ਮੀਟਿੰਗਾਂ ਤੋਂ ਬਾਅਦ ਮੈਨੂੰ ਅਹਿਸਾਸ ਹੋਇਆ ਸੀ ਕਿ ਸਹਿਜ ਸੁਭਾਅ ਬੜੇ ਠਹਿਰਾ ਨਾਲ ਗੱਲ ਕਰਨ ਵਾਲਾ ਅਸਲ ਵਿੱਚ ਇੱਕ ਗਜ਼ਲਗੋ ਹੈ। ਉਹ ਜਿੰਨੇ ਠਰ੍ਹੰਮੇ ਨਾਲ ਗਜ਼ਲ ਆਖਦਾ ਹੈ, ਓਨੇ ਹੀ ਠਰ੍ਹੰਮੇ ਨਾਲ ਆਪ ਜ਼ਿੰਦਗੀ ਵਿੱਚ ਵਿਚਰਦਾ ਹੈ। ਉਸ ਨੂੰ ਉਸ ਦੀ ਗਜ਼ਲ ਤੋਂ ਵੱਖ ਕਰਕੇ ਨਹੀਂ ਦੇਖਿਆ ਜਾ ਸਕਦਾ।

ਗੁਲਬੀਨ ਕੀ ਹੁੰਦਾ ਹੈ, ਇਸ ਦਾ ਨਾਂਅ ਗਲਵੀਨ ਕਿਉਂ ਰੱਖਿਆ ਗਿਆ, ਇਹਨਾਂ ਸਾਰੇ ਸਵਾਲਾਂ ਦੇ ਜਵਾਬ ਦੇਣ ਲਈ ਮੈਂ ਉਹਨਾਂ ਦੀ ਹੀ ਗਜ਼ਲ ਦਾ ਇੱਕ ਸ਼ੇਅਰ ਆਖ ਰਿਹਾ ਹਾਂ-

ਜਿਵੇਂ ਗੁਲਬੀਨ ਵਿਚ ਤਕਿਆ ,
ਅਸੰਖਾਂ ਨਕਸ਼ ਦਿਸਦੇ ਨੇ।
ਅਸੰਖਾਂ ਰੰਗ ਦਿਸਦੇ ਨੇ ਅਸੰਖਾਂ
ਅਰਸ਼ ਦਿਸਦੇ ਨੇ ਇਵੇਂ ਅਮਰੀਕ ਦੇ
ਸ਼ਿਅਰਾਂ ਦੀ ਬੁੱਕਲ ਵਿੱਚ ਅਜੇ
ਤਾਈਂ,
ਰਹੱਸ ਕੁਦਰਤ ਦਾ ਲੁਕਿਆ ਹੈ,
ਨਵਾਂ ਸੰਸਾਰ ਲੁਕਿਆ ਹੈ।

ਅਮਰੀਕ ਜੀਵਨ ਦੇ ਹਰ ਪੱਖ ਦਾ ਬੜੇ ਸਹਿਜਮਈ ਅੰਦਾਜ਼ ਨਾਲ ਕਾਵਿ ਰੂਪਾਂਤਰਨ ਕਰਨ ਦੇ ਸਮਰੱਥ ਹੈ। ਉਸ ਦਾ ਕੱਥ ਤੇ ਕਥਨ ਢੰਗ ਦੋਵੇਂ ਹੀ ਕਮਾਲ ਦੇ ਹਨ। ਉਹ ਕਟਾਕਸ਼ ਵੀ ਕਰਦਾ ਹੈ ਤੇ ਸੋਚ ਦਾ ਪੱਲਾ ਵੀ ਨਹੀਂ ਛੱਡਦਾ। ਇਹੀ ਉਸ ਦੀ ਵੱਖਰਤਾ ਹੈ।

ਬੜੇ ਸਾਧ ਨੇ, ਬੜੇ ਸੰਤ ਨੇ, ਕੋਈ ਪੀਰ ਹੈ ਜਾਂ ਫਕੀਰ ਹੈ।
ਇਹ ਅਜੀਬ ਹੈ ਕਿ ਕਿਤੇ ਵੀ ਹੁਣ ਨਾ ਫ਼ਰੀਦ ਹੈ ਨਾ ਕਬੀਰ ਹੈ।
ਕਦੀ ਜ਼ਖ਼ਮ ਹੈ, ਕਦੀ ਫੁੱਲ ਹੈ, ਕਦੀ ਅੱਗ ਦੀ ਇਹ ਲਕੀਰ ਹੈ
ਇਹ ਜੋ ਇਸ਼ਕ ਹੈ, ਇਹੀ ਰੱਬ ਹੈ, ਇਹਦਾ ਆਦਿ ਹੈ ਨਾ ਅਖੀਰ ਹੈ।

ਅਮਰੀਕ ਮਨੁੱਖ ਦੇ ਬਾਹਰੀ ਦਿਸਦੇ ਵਰਤਾਰਿਆਂ ਦਾ ਹੀ ਸ਼ਾਇਰ ਨਹੀਂ, ਸਗੋਂ ਮਨੁੱਖ ਦੇ ਅੰਦਰ ਲੁਕੀਆਂ ਸਹਿਜ ਪਰਤਾਂ ਨੂੰ ਵੀ ਖੋਲ੍ਹਦਾ ਹੈ। ਮਨੁੱਖ ਦੇ ਸਿਕੰਦਰ ਬਣਨ ਤੇ ਸਿਕੰਦਰ ਦੇ ਮਨੁੱਖ ਬਣਨ ਤੱਕ ਦੇ ਸਫਰ ਨੂੰ ਉਹ ਬਹੁਤ ਹੀ ਸੁਹਜਾਤਮਕ ਅੰਦਾਜ਼ ਵਿੱਚ ਬਿਆਨ ਕਰਨ ਦੇ ਸਮਰੱਥ ਹੈ-

ਮੇਰੀ ਕਹਿਣੀ ਤੇ ਮੇਰੀ ਕਰਨੀ ’ਚ ਅੰਤਰ ਰਹਿ ਗਿਆ
ਫੁੱਲ ਨਾ ਬਣਿਆ ਮੈਂ ਪੱਥਰ ਦਾ ਹੀ ਪੱਥਰ ਰਹਿ ਗਿਆ।

ਅਮਰੀਕ ਦੀ ਸ਼ਾਇਰੀ ਜੀਵਨ ਦੇ ਵਰਤਾਰਿਆਂ ਦੀ ਸ਼ਾਇਰੀ ਹੈ। ਉਹ ਸੱਭਿਅਕ ਮਨੁੱਖ ਦੇ ਜੰਗਲੀਪਣ ਨੂੰ ਬਿਆਨ ਕਰਨ ਦੇ ਸਮਰੱਥ ਹੈ। ਮਰਦ ਪ੍ਰਧਾਨ ਸਮਾਜ ਵਿੱਚ ਔਰਤ ਨਾਲ ਦੁਰਗਤੀ ਨੂੰ ਉਹ ਬਹੁਤ ਹੀ ਸਹਿਜ ਅੰਦਾਜ਼ ਵਿੱਚ ਚਿੱਤਰ ਜਾਂਦਾ ਹੈ, ਉਹ ਲਿਖਦਾ ਹੈ-

ਰੇਪ ਦੇ ਪਿੱਛੋਂ ਧੀਆਂ-ਭੈਣਾਂ ਰੁੱਖਾਂ ’ਤੇ ਟੰਗ ਦਿੰਦੇ ਨੇ
ਭਾਰਤ ਵਿਚ ਤਹਿਜ਼ੀਬ ਅਜੇ ਜੰਗਲ ਦੀ ਹੈ ਅਮਰੀਕ ਸਿਆਂ।
ਇਹ ਸੱਤਾ ਦੀ ਜੋਕ ਹੈ ਐਸੀ ਜਿਹੜੀ ਮੁੱਢ-ਕਦੀਮ ਤੋਂ ਹੀ
ਰੱਤ ਲੋਕਾਂ ਦੀ ਪੀ-ਪੀ ਕੇ ਹੀ ਪਲਦੀ ਹੈ ਅਮਰੀਕ ਸਿਆਂ।
ਗ਼ਮ ਨਾ ਕਰ ਜੇ ਗਿਰਗਟ ਵਾਂਗੂੰ ਰੰਗ ਬਦਲ ਲਏ ਯਾਰਾਂ ਨੇ
ਕੁਦਰਤ ਵੀ ਤਾਂ ਸੌ-ਸੌ ਰੰਗ ਬਦਲਦੀ ਹੈ ਅਮਰੀਕ ਸਿਆਂ।
ਮੋਇਆਂ ਨਾਲ ਨਹੀਂ ਮਰ ਹੁੰਦਾ ਇਹੀ ਅਟਲ ਸੱਚਾਈ ਹੈ
ਮੌਤ ਬਲਾ ਹੈ ਜਿਹੜੀ ਕਦੇ ਨਾ ਟਲਦੀ ਹੈ ਅਮਰੀਕ ਸਿਆਂ।
ਕਾਤਲ ਦੀ ਤੇ ਮੁਨਸਿਫ਼ ਦੀ ਜੇ ਸਾਂਝ ਬੜੀ ਹੀ ਪੱਕੀ ਹੈ
ਚੋਰਾਂ ਨਾਲ ਵੀ ਕੁੱਤੀ ਤਾਂ ਹੀ ਰਲਦੀ ਹੈ ਅਮਰੀਕ ਸਿਆਂ।

ਜਿੱਥੇ ਉਸ ਕੋਲ ਕਵਿਤਾ ਦੇ ਵੰਨ-ਸੁਵੰਨੇ ਵਿਸ਼ੇ ਹਨ, ਉਥੇ ਨਾਲ ਦੀ ਨਾਲ ਉਸ ਕੋਲ ਵਿਲੱਖਣ ਅੰਦਾਜ਼ ਵੀ ਹੈ, ਉਹ ਗਜ਼ਲ ਦੇ ਇੱਕੋ ਸ਼ੇਅਰ ਵਿੱਚ ਨਾਨਕ ਈਸਾ ਤੇ ਸੁਕਰਾਤ ਨੂੰ ਯਾਦ ਵੀ ਕਰ ਲੈਂਦਾ ਹੈ ਤੇ ਉਹਨਾਂ ਦੇ ਅਮਰ ਹੋਣ ਦਾ ਕਾਰਨ ਵੀ ਬਿਆਨ ਕਰ ਜਾਂਦਾ ਹੈ, ਇਹ ਅਮਰੀਕ ਹੀ ਕਰ ਸਕਦਾ ਹੈ।

ਕਦੀ ਜਿਸਮਾਂ ਦੇ ਮਰਨੇ ਨਾਲ ਬੰਦਾ ਮਰ ਨਹੀਂ ਜਾਂਦਾ
ਅਜੇ ਵੀ ਬੁੱਧ, ਨਾਨਕ, ਈਸਾ ਤੇ ਸੁਕਰਾਤ ਜ਼ਿੰਦਾ ਨੇ।

ਭਾਵੇਂ ਮੈਂ ਗਜ਼ਲ ਦੀ ਬਹਿਰ ਬਾਰੇ ਬਹੁਤਾ ਗਿਆਨ ਨਹੀਂ ਰੱਖਦਾ, ਪਰ ਮੈਂ ਮਹਿਸੂਸ ਕਰਦਾ ਹਾਂ ਨਿੱਕੀ ਬਹਿਰ ਦੀ ਗਜ਼ਲ ਵਿੱਚ ਵੱਡੀ ਗੱਲ ਕਰਨਾ ਕਿਸੇ ਵੱਡੇ ਗਜ਼ਲਗੋ ਦੀ ਪਹਿਚਾਣ ਹੁੰਦਾ ਹੈ ਤੇ ਵੱਡੇ ਬਹਿਰ ਵਿੱਚ ਸੰਪੂਰਨ ਗੱਲ ਕਰਨਾ ਹੋਰ ਵੀ ਔਖਾ ਬਣ ਜਾਂਦਾ ਹੈ। ਅਮਰੀਕ ਜਿੱਥੇ ਵੱਡੇ ਬਹਿਰ ਦੀ ਗਜ਼ਲ ਕਹਿ ਸਕਦਾ ਹੈ, ਉਥੇ ਨਿੱਕੀ ਬਹਿਰ ਦੀਆਂ ਗਜ਼ਲਾਂ ਵੀ ਕਮਾਲ ਦੀਆਂ ਲਿਖਦਾ ਹੈ-

ਹੋਵੇ ਅੱਲਾ ਦਾ ਜੇ ਫ਼ਜ਼ਲ ਯਾਰੋ।
ਆਖ ਹੁੰਦੀ ਹੈ ਤਾਂ ਗ਼ਜ਼ਲ ਯਾਰੋ।

ਜਾਂ

ਜਦ ਵੀ ਵਿਹੜੇ ’ਚ ਚੁਗਦੀਆਂ ਚਿੜੀਆਂ।
ਧੀਆਂ-ਭੈਣਾਂ ਹੀ ਲੱਗਦੀਆਂ ਚਿੜੀਆਂ।

ਅਨੇਕਾਂ ਉਦਾਹਰਨਾਂ ਦੇਖੀਆਂ ਜਾ ਸਕਦੀਆਂ ਹਨ-

ਵਿਹੜਾ ਬਾਬਲ ਦਾ ਛੱਡ ਕੇ ਅਕਸਰ
ਵਾਂਗ ਬੱਦਲਾਂ ਦੇ ਰੋਂਦੀਆਂ ਚਿੜੀਆਂ।
ਮਾਂ ਦੀ ਮਮਤਾ ਦਾ ਰੁੱਖ ਜਦੋਂ ਤਾਈਂ
ਉਦੋਂ ਤਾਈਂ ਤਾਂ ਆਉਂਦੀਆਂ ਚਿੜੀਆਂ।
ਭਾਬੋ ਪਿੱਛੇ ਤੂੰ ਲੱਗ ਗਿਉਂ ਵੀਰਾ
ਐਨੀ ਗੱਲ ਵੀ ਨਾ ਕਹਿੰਦੀਆਂ ਚਿੜੀਆਂ
ਇਹ ਵੀ ਪੁੱਛਿਆ ਨਾ ਬਾਬਲਾ ਤੂੰ ਕਦੀ
ਕਿਹੜੇ ਹਾਲੀਂ ਨੇ ਰਹਿੰਦੀਆਂ ਚਿੜੀਆਂ।

ਮਨੁੱਖੀ ਬੇਇਨਸਾਫੀ ਦੀ ਬੁਨਿਆਦ ਉੱਪਰ ਖੜੇ ਇਸ ਸਮਾਜ ਦੀ ਹਰ ਇੱਕ ਪਰਤ ਨੂੰ ਉਹ ਬਹੁਤ ਹੀ ਬੇਬਾਕੀ ਨਾਲ ਉਧੇੜਦਾ ਹੈ, ਜਿੱਥੇ ਅਦਾਲਤਾਂ ਵਿੱਚ ਇਨਸਾਫ ਨਹੀਂ ਮਿਲਦਾ, ਜਿੱਥੇ ਕਬਰਾਂ ’ਚ ਸੁੱਤੇ ਇਨਸਾਫ ਦੀ ਉਡੀਕ ਵਿੱਚ ਖੁਰ ਗਏ ਹਨ, ਉਥੇ ਅਮਰੀਕ ਦੀ ਗਜ਼ਲ ਉਹਨਾਂ ਦੇ ਦਰਦ ਨੂੰ ਬਿਆਨ ਕਰਦੀ ਹੈ-

ਕਦੋਂ ਪਰਲੋ ਆਊ, ਨਿਆਂ ਕਦ ਮਿਲੇਗਾ ?
ਇਸੇ ਆਸ ’ਤੇ ਦਿਨ ਗੁਜ਼ਾਰਨ ਇਹ ਕਬਰਾਂ।
ਮੇਰੇ ਦਿਲ ਦੇ ਖੂੰਜੇ ’ਚ ਕੁਝ ਸੁਲਗਦਾ ਹੈ
ਮੇਰੀ ਰੂਹ ’ਚ ਮਹਿਕਾਂ ਖਿਲਾਰਨ ਇਹ ਕਬਰਾਂ।
ਮੇਰੀ ਅਰਜ਼ ਹੈ ਵੋਟ ਦੇ ਭੁੱਖਿਆਂ ਨੂੰ
ਨਾ ਹੋਰ ਉੱਚੀਆਂ ਹੁਣ ਉਸਾਰਨ ਇਹ ਕਬਰਾਂ।
ਇਨ੍ਹਾਂ ਵਿਚ ਪੈਗੰਬਰ ਵੀ, ਕਾਤਲ ਵੀ ਦਿਸਦੇ
ਜਦੋਂ ਕੁੰਜ ਆਪਣੀ ਉਤਾਰਨ ਇਹ ਕਬਰਾਂ।

ਜਾਂ

ਦੀਵਾ ਮੱਥੇ ਦਾ ਐਦਾਂ ਜੇ ਬੁਝਿਆ ਰਿਹਾ, ਰੋਸ਼ਨੀ ਮੋਮਬੱਤੀਆਂ ਵੀ ਕਰਨੀ ਨਹੀਂ।
ਈਰਖਾ ਦਾ ਜੇ ਦਰਿਆ ਰਿਹਾ ਖੌਲਦਾ, ਬੇੜੀ ਵਿਸ਼ਵਾਸ ਦੀ ਕੋਈ ਤਰਨੀ ਨਹੀਂ।
ਪੌੜੀ ਚੜ੍ਹ ਕੇ ਹਵਾ ਦੀ ਤੂੰ ਚੰਨ ਤੋੜ ਲੈ ਤਾਰਿਆਂ ਨਾਲ ਰਿਸ਼ਤਾ ਬੇਸ਼ਕ ਜੋੜ ਲੈ
ਤੇਰੇ ਮੱਥੇ ’ਚ ਨੇਰੇ ਦਾ ਛੰਭ ਹੀ ਰਹੂ ਸੋਚ ਜਦ ਤੀਕ ਤੇਰੀ ਨਿਖਰਨੀ ਨਹੀਂ।

ਅਜੋਕਾ ਯੁੱਗ ਤਰਕ ਦੀ ਕਸਵੱਟੀ ਦਾ ਯੁੱਗ ਹੈ, ਪਰ ਤਰਕ ਦੇ ਇਸ ਯੁੱਗ ਵਿੱਚ ਅਜੇ ਵੀ ਬਹੁਤ ਲੋਕ ਤਰਕ ਵਹੀਣੇ ਕਰਮਕਾਂਡਾਂ ਵਿੱਚ ਫਸੇ ਹੋਏ ਹਨ। ਇਹਨਾਂ ਤਰਕ ਵਹੀਣੇ ਕਰਮਕਾਂਡਾਂ ਦੇ ਦੁਖਾਂਤ ਨੂੰ ਉਹ ਬੜੀ ਸੂਝ ਨਾਲ ਪਕੜਦਾ ਤੇ ਲਿਖਦਾ ਹੈ-

ਇਹ ਰੱਬ ਨਿਰਾ ਹੈ ਪੱਥਰ ਇਸ ਕੀ ਸੁਆਰਨਾ ਹੈ
ਨਾ ਵਕਤ ਜ਼ਾਇਆ ਕਰ ਤੂੰ ਮੱਥਾ ਘਸਾ-ਘਸਾ ਕੇ।
ਅਮਰੀਕ ਕੌਮ ਉਹ ਹੀ ਜਿਉਂਦੀ ਸਦਾ ਹੈ ਰਹਿੰਦੀ
ਮਕਤਲ ’ਚ ਨੱਚਦੀ ਹੈ ਜੋ ਸਿਰ ਕਟਾ-ਕਟਾ ਕੇ।

ਭਾਰਤ ਦੀ ਜਮਹੂਰੀਅਤ ਵਿੱਚ ਮਨੁੱਖ ਦੇਵਤੇ ਤੋਂ ਸ਼ੈਤਾਨ ਕਿਵੇਂ ਬਣਦਾ ਹੈ। ਮਨੁੱਖ ਦੇ ਦੇਵਤੇ ਤੋਂ ਸ਼ੈਤਾਨ ਬਣਨ ਦੇ ਸਫਰ ਨੂੰ ਅਮਰੀਕ ਨੇ ਆਪਣੀਆਂ ਅਨੇਕਾਂ ਗਜ਼ਲਾਂ ਵਿੱਚ ਬਿਆਨਿਆ ਹੈ। ਗੁਲਬੀਨ ਦੀ ਸ਼ਾਇਰੀ ਮੁੱਖ ਰੂਪ ਵਿੱਚ ਇਸੇ ਵਿਸ਼ੇ-ਵਸਤੂ ਦੁਆਲੇ ਹੀ ਘੁੰਮਦੀ ਹੈ, ਉਹ ਲਿਖਦਾ ਹੈ-

ਸੋਚਿਆ ਸੀ ਸਿਰਫ਼ ਏਹੀ ਹੈ ਮਸੀਹਾ ਆਪਣਾ
ਪਰ ਉਹ ਸੰਸਦ ਪਹੁੰਚ ਕੇ ਸ਼ੈਤਾਨ ਵਰਗਾ ਹੋ ਗਿਆ।
ਓਸ ਕਾਂ ਦੇ ਸਿਰ ’ਤੇ ਦੇਖੋ ਜਦ ਦੀ ਕਲਗੀ ਲੱਗ ਗਈ
ਉਹ ਸਮਝਦੈ ਬਾਜ ਨਾਲੋਂ ਵੀ ਉਹ ਤਕੜਾ ਹੋ ਗਿਆ।

ਜੇ ਲੰਮੀ ਬਹਿਰ ਦੀ ਗਜ਼ਲ ਦੀ ਗੱਲ ਕਰੀਏ ਤਾਂ ਉਸ ਦੀਆਂ ਬਹੁਤ ਸਾਰੀਆਂ ਲੰਮੀ ਬਹਿਰ ਦੀਆਂ ਗਜ਼ਲਾਂ ਹਨ, ਇਸ ਬਹਿਰ ਦੀਆਂ ਗਜ਼ਲਾਂ ਵਿੱਚ ਉਹਨੇ ਪਰੰਪਰਾ ਤੋਂ ਪ੍ਰਾਹਣ ਕਰਦਿਆਂ ਹੋਇਆਂ ਕੁਝ ਨਵੀਆਂ ਮਿੱਥਾਂ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਜਿੱਥੇ ਉਹ ਨਵੀਆਂ ਮਿੱਥਾਂ ਸਥਾਪਤ ਕਰ ਰਿਹਾ ਹੈ, ਉੱਥੇ ਉਹ ਪੁਰਾਣੀਆਂ ਮਿੱਥਾਂ ਨੂੰ ਤੋੜਦਾ ਵੀ ਹੈ। ਇਸੇ ਤੋੜਨ ਤੇ ਘੜਨ ਦੀ ਪ੍ਰਕਿਰਿਆ ਵਿੱਚੋਂ ਉਸ ਦੀ ਕਵਿਤਾ ਇੱਕ ਵੱਖਰਾ-ਵੱਖਰਾ ਸੋਹਜ ਗ੍ਰਹਿਣ ਕਰਦੀ ਹੈ, ਜਿਸ ਸੋਹਜ ਨੂੰ ਪਾਠਕ ਮਾਣਦਾ ਹੈ-

ਨਹੁੰਆਂ ਤੋਂ ਵੱਖ ਮਾਸ ਨਈਂ ਹੁੰਦਾ ਇਹ ਗੱਲ ਬਹੁਤੀ ਠੀਕ ਨਹੀਂ
ਏਥੇ ਸਾਰੀ ਉਮਰ ਹੀ ਨਹੁੰਆਂ ਨਾਲੋਂ ਵੱਖਰਾ ਮਾਸ ਰਿਹਾ।
ਜਿੱਦਾਂ ਚੰਦਨ ਦੇ ਰੁੱਖਾਂ ਨੂੰ ਲਿਪਟੇ ਰਹਿੰਦੇ ਨਾਗ ਸਦਾ
ਮੇਰੀ ਰੂਹ ’ਤੇ ਹਾਦਸਿਆਂ ਦਾ ਐਦਾਂ ਸਦਾ ਲਿਬਾਸ ਰਿਹਾ।
ਅੰਬਰ ਦੇ ਪੰਨੇ ’ਤੇ ਆਪਾਂ ਸੂਰਜ ਵਰਗੇ ਸ਼ਿਅਰ ਲਿਖੇ
ਗੀਤ ਉੱਗਣਗੇ ਮਾਰੂਥਲ ਵਿਚ ਆਪਣਾ ਇਹ ਵਿਸ਼ਵਾਸ ਰਿਹਾ।

ਉੱਤਰੀ ਭਾਰਤ ਵਿੱਚ ਜਿਸ ਤਰ੍ਹਾਂ ਮੁਹੱਬਤ ਕਰਨਾ ਗੁਨਾਹ ਬਣ ਗਿਆ, ਜਿਸ ਤਰ੍ਹਾਂ ਦੀਆਂ ਖਬਰਾਂ ਰਾਹੇ-ਬਗਾਹੇ ਸੁਣਨ ਨੂੰ ਮਿਲਦੀਆਂ ਹਨ, ਜਿੱਥੇ ਇੱਜ਼ਤ ਦੀ ਖਾਤਰ ਮਾਪਿਆਂ ਨੇ ਆਪਣੀ ਧੀ ਦਾ ਕਤਲ ਕਰ ਦਿੱਤਾ, ਅਜਿਹੀ ਕਠਿਨ ਸਥਿਤੀ ਨੂੰ ਉਹ ਬਹੁਤ ਹੀ ਸਹਿਜ ਅੰਦਾਜ਼ ਨਾਲ ਬਿਆਨ ਕਰ ਜਾਂਦਾ ਹੈ-

ਬੋਹੜ ਸਿਵਿਆਂ ਦੀ ਚੁੱਪਚਾਪ ਸੋਚੇ ਪਈ ਕੀ ਮੁਹੱਬਤ ਵੀ ਕਰਨੀ ਗੁਨਾਹ ਹੋ ਗਈ
ਲਾਸ਼ ਧੀ ਦੀ ਸਿਵੇ ਵਿਚ ਹੈ ਬਲਦੀ ਪਈ ਗ਼ੈਰ ਤਾਂ ਗ਼ੈਰ ਘਰ ਦੇ ਵੀ ਰੋਂਦੇ ਨਹੀਂ।

ਜਿੱਥੇ ਉਹ ਪਰਮਾਤਮਾ ਬਾਰੇ ਬਹੁਤ ਹੀ ਤਰਕਮਈ ਟਿੱਪਣੀਆਂ ਕਰਦਾ ਹੈ, ਉਹ ਤਲਖ ਨਹੀਂ ਹੀ ਹੁੰਦਾ, ਪਰ ਕੁਦਰਤ ਵਿੱਚ ਉਸ ਦਾ ਅਟੱਲ ਵਿਸ਼ਵਾਸ ਤੋਂ ਬਹੁਤ ਕੁਝ ਮੰਗਦਾ ਹੈ। ਇਹੋ ਹੀ ਉਸ ਦੀ ਇਬਾਦਤ ਹੈ ਤੇ ਇਹੋ ਹੀ ਉਸ ਦੀ ਵੱਖਰਤਾ-

ਕਲਮ ਬਖ਼ਸ਼ੀ ਤਾਂ ਅਜ਼ਮਤ ਵਾਸਤੇ ਤਲਵਾਰ ਵੀ ਬਖ਼ਸ਼ੀਂ ।
ਮੇਰੇ ਖ਼ਾਬਾਂ ਲਈ ਮੌਲਾ ਨਵਾਂ ਸੰਸਾਰ ਵੀ ਬਖ਼ਸ਼ੀਂ।
ਹਰਿਕ ਉਡਦੇ ਪਰਿੰਦੇ ਨੂੰ ਉਹਦਾ ਅਸਮਾਨ ਮਿਲ ਜਾਵੇ
ਅਤੇ ਹਰ ਆਦਮੀ ਨੂੰ ਰਹਿਣ ਨੂੰ ਘਰ-ਬਾਰ ਵੀ ਬਖ਼ਸ਼ੀਂ।
ਕੋਈ ਵੀ ਬਾਜ ਨੋਚੇ ਨਾ ਕਦੀ ਮਾਸੂਮ ਚਿੜੀਆਂ ਨੂੰ
ਜਿਨ੍ਹਾਂ ਨੂੰ ਜਾਨ ਬਖ਼ਸ਼ੀ, ਜੀਣ ਦਾ ਅਧਿਕਾਰ ਵੀ ਬਖ਼ਸ਼ੀਂ।
ਜਿਵੇਂ ਪੱਥਰਾਂ ’ਚ ਵੀ ਹਰ ਜੀਵ ਨੂੰ ਤੂੰ ਰਿਜ਼ਕ ਦਿੰਦਾ ਏਂ
ਇਵੇਂ ਹਰ ਸ਼ਖ਼ਸ ਨੂੰ ਰੋਜ਼ੀ ਅਤੇ ਰੁਜ਼ਗਾਰ ਵੀ ਬਖ਼ਸ਼ੀਂ।

ਸਿਰਾਂ ਨੂੰ ਸੀਸ ਦੇ ਰੁਤਬੇ ਦਾ ਬਿਰਤਾਂਤ ਉਸ ਮਰਦ ਅਗੰਮੜੇ ਨਾਲ ਜਾ ਜੁੜਦਾ ਹੈ, ਜਿੱਥੇ ਹਜ਼ਾਰਾਂ ਦੇ ਮੇਲੇ ਵਿੱਚੋਂ ਪੰਜ ਸੀਸ ਉੱਠਦੇ ਨੇ ਤੇ ਉਹ ਸੀਸ ਦਸਤਾਰ ਦਾ ਤਾਜ ਬਣ ਕੇ ਅੱਜ ਵੀ ਅਮਰ ਹਨ, ਉਹ ਅਜਿਹੇ ਸੀਸ ਦੀ ਮੰਗ ਕਰਦਾ ਹੈ

ਸਿਰਾਂ ਨੂੰ ਸੀਸ ਦਾ ਰੁਤਬਾ ਵੀ ਹੁਣ ਤੂੰ ਬਖ਼ਸ਼ ਦੇ ਸਤਿਗੁਰੂ
ਤੇ ਹਰ ਇਕ ਸੀਸ ਨੂੰ ਫਿਰ ਤਾਜ ਤੇ ਦਸਤਾਰ ਵੀ ਬਖ਼ਸ਼ੀਂ।

ਅਮਰੀਕ ਡੋਗਰਾ ਦੁਆਰਾ ਲਿਖੀ ਗੁਲਬੀਨ ਦੀ ਸਾਰੀ ਸੱਚ-ਮੁੱਚ ਪੜ੍ਹਨ ਵਾਲੀ ਸ਼ਾਇਰੀ ਹੈ। ਉਸ ਨੇ ਮੇਰੇ ਮਨ-ਮਸਤਕ ਵਿੱਚ ਅਨੇਕਾਂ ਤਰੰਗਾਂ ਛੇੜ ਦਿੱਤੀਆਂ ਹਨ। ਮੈਂ ਇਸ ਪੁਸਤਕ ਨੂੰ ਪੜ੍ਹਨ ਦੀ ਸਿਫਾਰਸ਼ ਕਰਦਾ ਹਾਂ।

*ਮੋਬਾ. 94647-97400*

# ਪੁਸਤਕ ਰੀਵਿਊ

## ਗੁਰਬਾਣੀ ਦੇ ਸਮਾਜਿਕ ਅਤੇ ਵਿਗਿਆਨਕ ਅਰਥ

**ਜੀਵਨ ਜਾਚ ਅਤੇ ਮੌਤ ਦੀ ਫਿਲਾਸਫੀ ਦਾ ਅਧਿਐਨ**
**ਮਨਜੀਤ ਸਿੰਘ ਵੈਦ**
**ਪੰਨੇ : 204, ਮੁੱਲ : 350 ਰੁਪਏ**
**ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ**

ਲੇਖਕ ਮਨਜੀਤ ਸਿੰਘ ਵੈਦ ਆਪਣੇ ਪਲੇਠੇ ਲੇਖ ਸੰਗ੍ਰਹਿ ਰਾਹੀਂ ਪੰਜਾਬੀ ਸਾਹਿਤ ਦੇ ਸਨਮੁੱਖ ਹੋਇਆ ਹੈ। ਲੇਖਕ ਮਨਜੀਤ ਸਿੰਘ ਨੇ ਆਪਣੇ ਲੇਖਾਂ ਵਿਚ ਮਹਾਨ ਗ੍ਰੰਥਾਂ ਸ੍ਰੀ ਗੁਰੂ ਗ੍ਰੰਥ ਸਾਹਿਬ, ਰਮਾਇਣ, ਭਗਵਤ ਗੀਤਾ, ਕੁਰਾਨ ਏ ਪਾਕ ਵਿਚਲੇ ਤੱਥ ਪੂਰਨ ਵਿਚਾਰ, ਸ਼ਬਦਾਂ, ਸਲੋਕਾਂ ਰਾਹੀਂ ਸਮਾਜਿਕ ਪ੍ਰਾਣੀ ਭਾਵ ਮਨੁੱਖ/ਔਰਤ ਉਪਰ ਸਾਰਥਕ ਪ੍ਰਤੀਤ ਹੁੰਦੇ ਹਨ। ਲੇਖਕ ਨੇ ਪੁਸਤਕ ਵਿਚ ਕੁੱਲ 46 ਲੇਖ ਸ਼ਾਮਿਲ ਕੀਤੇ ਹਨ, ਜੋ ਕਿ ਮਨੁੱਖ ਦੀ ਜ਼ਿੰਦਗੀ ਵਿਚ ਬਣਦੇ-ਵਿਗੜਦੇ ਸਬੰਧਾਂ ਪਿੱਛੇ ਕਾਰਜਸ਼ੀਲ ਜਾਂ ਪਹਿਲਾਂ ਤੋਂ ਬਣਾਏ ਗਏ ਨਿਯਮ/ਰੀਤੀ-ਰਿਵਾਜਾਂ ਪਿੱਛੇ ਰੂੜੀਵਾਦੀ ਸੋਚ, ਪਦਾਰਥਵਾਦੀ ਹਿੱਤਾਂ ਨੂੰ ਸੁਰੱਖਿਅਤ ਕਰਦੀ ਮਨੋਦਿਸ਼ਾ ਨੂੰ ਤਿਲਾਂਜਲੀ ਦੇਣ ਲਈ ਮਹਾਨ ਗੁਰੂਆਂ, ਵਿਦਵਾਨਾਂ, ਯੋਧਿਆਂ ਦੁਆਰਾ ਦਰਸਾਏ ਮਾਰਗ ਅਤੇ ਵਿਚਾਰਾਂ ਨੂੰ ਪੇਸ਼ ਕਰਦੇ ਲੇਖ ਪਾਠਕਾਂ ਦੇ ਸਨਮੁੱਖ ਕੀਤੇ ਹਨ।

ਲੇਖਕ ਨੇ ਸਲੋਕਾਂ/ਸ਼ਬਦਾਂ ਨੂੰ ਮਾਨਵੀ ਜੀਵਨ ਲਈ ਰਾਹਦਸੇਰਾ ਦੱਸਿਆ ਹੈ। ਉਹ ਮਨੁੱਖ ਨੂੰ ਮੌਤ ਦੀ ਫਿਲਾਸਫੀ ਦਾ ਅਧਿਐਨ ਗੁਰਬਾਣੀ ਰਾਹੀਂ ਕਰਵਾਉਣ ਦਾ ਯਤਨ ਆਪਣੇ ਲੇਖਾਂ ਰਾਹੀਂ ਕਰਦਾ ਹੈ, ਕਿਉਂਕਿ ਮਨੁੱਖੀ ਜੀਵਨ ਨਾਸ਼ਵਾਨ ਹੈ। ਮਨੁੱਖ ਆਪਣੇ ਕਰਮਾਂ ਨੂੰ ਬਚਪਨ, ਜਵਾਨੀ ਅਤੇ ਬੁਢਾਪੇ ਰਾਹੀਂ ਅਖੀਰਲੇ ਸਮੇਂ ਪਰਖਦਾ ਹੈ। ਮਨੁੱਖ ਆਪਣੇ ਜੀਵਨ ਵਿਚ ਪਦਾਰਥਵਾਦੀ/ਲਾਲਚਵੱਸ ਪ੍ਰਾਣੀ ਹੋਣ ਕਰਕੇ ਗੁਰੂ ਗ੍ਰੰਥ ਸਾਹਿਬ, ਭਗਵਤ ਗੀਤਾ, ਰਮਾਇਣ ਅਤੇ ਯੋਧਿਆਂ, ਸੂਰਬੀਰਾਂ ਦੁਆਰਾ ਦਰਸਾਏ ਮਾਰਗ ਨੂੰ ਅੱਖੋਂ-ਪਰੋਖੇ ਕਰਦਾ ਹੋਇਆ ਮੋਹ-ਮਾਇਆ ਦੇ ਜੰਜਾਲ ਵਿਚ ਗ੍ਰਸਤ ਹੋ ਜਾਂਦਾ ਹੈ। ਲੇਖਕ ਨੇ ਜਿਸ ਤਰ੍ਹਾਂ ਮਨੁੱਖ ਦੇ ਪਦਾਰਥਵਾਦੀ ਹੋਣ ਅਤੇ ਸਵੈ ਕੇਂਦਰਤਾਂ ਤੋਂ ਨਿਜ਼ਾਤ ਸਬੰਧੀ ਮਹਾਨ ਗ੍ਰੰਥਾਂ ਦੇ ਵਿਚਾਰਾਂ ਉੱਪਰ ਮਨੁੱਖ ਨੂੰ ਚੱਲਣ ਲਈ ਲੇਖਾਂ ਵਿਚ ਪਾਬੰਦ ਕੀਤਾ ਹੈ। ਇਸ ਤਰ੍ਹਾਂ ਹੀ ਲੇਖਾਂ ਵਿਚ ਮਨੁੱਖ ਨੂੰ ਮਹਾਨ ਪ੍ਰਵਚਨਾਂ ਰਾਹੀਂ ਨਿਰੋਗੀ ਜੀਵਨ ਜਿਊਣ ਲਈ ਲੇਖਕ ਨੇ ਸੇਧਿਤ ਕੀਤਾ ਹੈ।

ਲੇਖਕ ਨੇ ਸਮਕਾਲੀ ਸਮਾਜ ਵਿਚ ਮਨੁੱਖ ਨੂੰ ਰੋਗ ਰਹਿਤ ਰਹਿਣ ਲਈ ਅਯੁਰਵੈਦਿਕ ਵਿਧੀ ਗਿਆਨ ਨੂੰ ਅਪਣਾਉਣ ਲਈ ਵੀ ਲੇਖਾਂ ਵਿਚ ਜਾਗਰੂਕ ਕੀਤਾ ਹੈ। ਮਨੁੱਖ ਨੂੰ ਅਯੁਰਵੈਦਿਕ ਗਿਆਨ ਰਾਹੀਂ ਮਨੁੱਖੀ ਸਰੀਰ ਅੰਦਰ ਪਨਪਦੇ ਵਿਭਿੰਨ ਰੋਗਾਂ ਦੇ ਇਲਾਜ ਲਈ ਇਸ ਪ੍ਰਣਾਲੀ ਨੂੰ ਅਪਣਾਉਣ ਲਈ ਨੂੰ ਚੇਤੰਨ ਕੀਤਾ ਹੈ। ਸਮਾਜ ਦੇ ਅੰਦਰ ਰਹਿ ਰਹੇ ਮਨੁੱਖ ਅੰਦਰ ਪੈਦਾ ਹੋਈਆਂ ਕੁਰੀਤੀਆਂ ਪਿੱਛੇ ਦਕੀਆਨੂਸੀ ਸੋਚ ਵਾਲੇ ਵਿਚਾਰਾਂ ਨੂੰ ਤਿਲਾਂਜਲੀ ਦੇਣ ਅਤੇ ਮੁੱਲਵਾਨ ਵਿਚਾਰਾਂ ਨੂੰ ਅਪਨਾ ਕੇ ਮਨੁੱਖ ਨੂੰ ਸਾਰਥਕ ਸੋਚ ਦਾ ਧਾਰਨੀ ਬਣਾਉਣ ਲਈ ਲੇਖਕ ਨੇ ਆਪਣੇ ਇਨ੍ਹਾਂ ਲੇਖਾਂ ਵਿਚ ਵਡਮੁੱਲੇ ਵਿਚਾਰ ਪੇਸ਼ ਕੀਤੇ ਹਨ। ਲੇਖਕ ਮਨਜੀਤ ਸਿੰਘ ਵੈਦ ਨੂੰ ਮਾਨਵਤਾ ਨੂੰ ਸੇਧ ਦੇਣ ਪ੍ਰਤੀ ਕੀਤੇ ਕਾਰਜ ਲਈ ਮੁਬਾਰਕਬਾਦ।

**- ਡਾ. ਬਲਵਿੰਦਰ ਸਿੰਘ**

## ਵਾਪਸੀ ਟਿਕਟ

(ਕਹਾਣੀ ਸੰਗ੍ਰਹਿ)
**ਕਹਾਣੀਕਾਰ-ਬਿੰਦਰ ਸਿੰਘ ਖੁੱਡੀ ਕਲਾਂ**
**ਮੁੱਲ-200 ਰੁਪਏ, ਕੁੱਲ ਪੰਨੇ-96**
**ਪ੍ਰੀਤ ਪਬਲੀਕੇਸ਼ਨ, ਨਾਭਾ**

‘ਵਾਪਸੀ ਟਿਕਟ’ ਬਿੰਦਰ ਸਿੰਘ ਖੁੱਡੀ ਕਲਾਂ ਦੀ ਦੂਜੀ ਪੁਸਤਕ ਹੈ। ਇਸ ਤੋਂ ਪਹਿਲਾਂ ਉਹ ‘ਕੋਸੀ ਕੋਸੀ ਧੁੱਪ’ ਮਿੰਨੀ ਕਹਾਣੀ ਸੰਗ੍ਰਹਿ ਪੰਜਾਬੀ ਮਾਂ ਬੋਲੀ ਨੂੰ ਭੇਟ ਕਰ ਚੁੱਕਿਆ ਹੈ। ਪ੍ਰੀਤ ਪ੍ਰਕਾਸ਼ਨਾ, ਨਾਭਾ ਦੀ ਇਹ ਪੁਸਤਕ ਹੱਕਾਂ ਲਈ ਜੂਝਦੇ ਮਿਹਨਤਕਸ਼ ਕਾਮਿਆਂ ਦੇ ਨਾਂਅ ਸਮਰਪਿਤ ਕੀਤੀ ਗਈ ਹੈ। ਕੁੱਲ 16 ਕਹਾਣੀਆਂ ਵੱਖ-ਵੱਖ ਵਿਸ਼ਿਆਂ ਨਾਲ ਸੰਬੰਧਤ ਹਨ। ਜਿੱਥੇ ਸੰਤਾਲੀ ਦੀ ਵੰਡ ਦੇ ਦਰਦ ਨੂੰ ਬਿਆਨ ਕਰਦੀ ਕਹਾਣੀ ‘ਦੁਖਦੀ ਰਗ’ ਹੈ, ਉੱਥੇ ਕਹਾਣੀ ‘ਸਪੀਡ ਬਰੇਕਰ’ ਜ਼ਿੰਦਗੀ ਰੂਪੀ ਸੜਕ ’ਤੇ ਸਪੀਡ ਬਰੇਕਰ ਹੋਣ ਦੀ ਅਹਿਮੀਅਤ ਨੂੰ ਦਰਸਾਉਂਦੀ ਹੈ ਕਿਉਂਕਿ ਇਹ ਦੁਰਘਟਨਾਵਾਂ ਤੋਂ ਬਚਾਉਂਦੇ ਹਨ। ਜਿੱਥੇ ‘ਮੋਹ’ ਕਹਾਣੀ ਰਿਸ਼ਤਿਆਂ ਵਿਚਲੇ ਮੋਹ ਦੀ ਗੱਲ ਕਰਦੀ ਹੈ, ਉੱਥੇ ‘ਮੇਰੇ ਹਿੱਸੇ ਦਾ ਇਨਸਾਫ’ ਵਰਗੀ ਕਹਾਣੀ ਵੀ ਹੈ, ਜੋ ਔਰਤ ਨੂੰ ਜ਼ਿੰਦਗੀ ਭਰ ਨਾ ਮਿਲਣ ਵਾਲੇ ਨਿਆਂ ਦੀ ਗੱਲ ਕਰਦੀ ਹੈ, ਜਿਵੇਂ ਕਹਾਣੀ ਦੀ ਪਾਤਰ ਪੂਜਾ ਦੀ ਲੋਥ ਆਪਣੇ ਹਿੱਸੇ ਦਾ ਇਨਸਾਫ ਮੰਗਦੀ ਪ੍ਰਤੀਤ ਹੁੰਦੀ ਹੈ। ‘ਕਸੂਰ’, ‘ਡਰਪੋਕ’ ਤੇ ‘ਮੈਂ ਚੋਰ ਨਹੀਂ’ ਵਰਗੀਆਂ ਕਹਾਣੀਆਂ ਸਮਾਜ ਦੀ ਸੋਚ ’ਤੇ ਕਟਾਕਸ਼ ਕਰਦੀਆਂ ਹਨ। ਜਿੱਥੇ ਕਈ ਕਹਾਣੀਆਂ ਆਪਣੀ ਜ਼ਮੀਨ ਅਤੇ ਆਪਣੀ ਭੋਇੰ ਦੇ ਮੋਹ ਦੀ ਗੱਲ ਕਰਦੀਆਂ ਹਨ, ਉੱਥੇ ‘ਪ੍ਰਾਹੁਣੇ’, ‘ਉਦਾਸ ਕੋਠੀਆਂ’ ਤੇ ‘ਵਾਪਸੀ ਟਿਕਟ’ ਪਰਵਾਸ ਦੀ ਗੱਲ ਕਰਦੀਆਂ ਹਨ। ਨੌਜਵਾਨਾਂ ਦੇ ਪ੍ਰਵਾਸ ਕਾਰਨ ਕੋਠੀਆਂ ਉਦਾਸ ਹਨ, ਬੱਚੇ ਆਪਣੇ ਹੀ ਘਰ ਪ੍ਰਾਹੁਣੇ ਬਣ ਕੇ ਆਉਂਦੇ ਹਨ। ਬੱਚਿਆਂ ਕੋਲ ਪ੍ਰਦੇਸਾਂ ਵਿੱਚ ਗਏ ਮਾਪਿਆਂ ਦਾ ਦਿਲ ਨਹੀਂ ਲਗਦਾ ਤੇ ਉਹ ਆਪਣੀ ਧਰਤੀ, ਆਪਣੀ ਜ਼ਮੀਨ ਦੇ ਮੋਹ ਤੋਂ ਛੁੱਟ ਹੀ ਨਹੀਂ ਪਾਉਂਦੇ। ਕਹਾਣੀਆਂ ਕਲਾ ਪੱਖੋਂ ਵੀ ਵਧੀਆ ਹਨ। ਇਕ ਹੀ ਬੈਠਕ ਵਿੱਚ ਪੜ੍ਹੀਆਂ ਜਾਣ ਵਾਲੀਆਂ ਕਹਾਣੀਆਂ ਵਿੱਚ ਜਿੱਥੇ ਵਾਰਤਾਲਾਪ ਚੁਸਤ ਹੈ, ਉੱਥੇ ਕਹਾਣੀਆਂ ਦੇ ਵਿਸ਼ੇ ਉਤਸੁਕਤਾ ਜਗਾਉਂਦੇ ਹਨ। ਪਾਠਕ ਉਤਸੁਕ ਹੋ ਕੇ ਅੱਗੇ ਵਧਦਾ ਹੈ ਤੇ ਕਹਾਣੀ ਆਪਣੇ ਸਿਖ਼ਰ ਤੱਕ ਪਹੁੰਚ ਵੀ ਜਾਂਦੀ ਹੈ। ਅਜੇ ਬਿੰਦਰ ਸਿੰਘ ਦੀ ਕਹਾਣੀ ਨੇ ਹੋਰ ਵੀ ਵਿਕਾਸ ਕਰਨਾ ਹੈ। ਅਗਾਂਹ ਹੋਰ ਵੀ ਕਹਾਣੀਆਂ ਲਿਖਣ ਦੀ ਆਸ ਨਾਲ ਬਿੰਦਰ ਸਿੰਘ ਖੁੱਡੀ ਕਲਾਂ ਨੂੰ ਬਹੁਤ-ਬਹੁਤ ਮੁਬਾਰਕਾਂ ਤੇ ਪੁਸਤਕ ਨੂੰ ਜੀ ਆਇਆਂ।

**— ਡਾ. ਭੁਪਿੰਦਰ ਕੌਰ**

# ਸੱਜਰਾ ਸਾਹਿਤ

## ਦੂਜਾ ਵਿਸ਼ਵ ਯੁੱਧ

(ਹਿੰਦੀ ਕਹਾਣੀਆਂ)
**ਸੰਪਾਦਕ ਅਤੇ ਅਨੁਵਾਦਕ : ਜਿੰਦਰ**
**ਪੰਨੇ : 238, ਮੁੱਲ : 295 ਰੁਪਏ**
**ਸੰਗਮ ਪਬਲੀਕੇਸ਼ਨਜ਼, ਸਮਾਣਾ**




“ਕਹਾਣੀ ਦੀ ਨਵੀਨਤਾ ਦਾ ਸੰਬੰਧ ਵਸਤੂ ਤੇ ਚਰਿੱਤਰ ਦੀ ਨਵੀਨਤਾ ਨਾਲ ਜੋੜ ਦਿੱਤਾ ਜਾਵੇ ਤਾਂ ਦੁਨੀਆ ਵਿੱਚ ਜਿੰਨੀਆਂ ਵੀ ਕਹਾਣੀਆਂ ਲਿਖੀਆਂ ਜਾ ਰਹੀਆਂ ਨੇ, ਉਨ੍ਹਾਂ ਵਿੱਚੋਂ ਇੱਕ ਵੀ ‘ਨਵੀਂ’ ਕਹਾਣੀ ਲੱਭਣੀ ਔਖੀ ਹੋ ਜਾਵੇਗੀ...ਕਹਾਣੀ ਦੀ ਸਾਰਥਕਤਾ ਇਸ ਗੱਲ ਵਿੱਚ ਨਹੀਂ ਹੈ ਕਿ ਉਹ ਕਿਸ ਨਵੇਂ ਅਜਾਇਬ ਘਰ ਵਿੱਚੋਂ ਕਿਹੜਾ ਨਵਾਂ ਅਜੂਬਾ ਲਿਆ ਕੇ ਸਾਡੇ ਸਾਹਮਣੇ ਪੇਸ਼ ਕਰਦੀ ਹੈ।” ਬਸ ਕੁਝ ਨਾ ਕੁਝ ਅਜਿਹਾ ਹੁੰਦਾ ਹੈ ਜਿਹੜਾ ਪਾਠਕ ਨੂੰ ਹਲੂਣਦਾ ਹੈ।

**-ਸੰਪਾਦਕ ਵੱਲੋਂ**

## ਜਿਨਿ ਨਾਮੁ ਲਿਖਾਇਆ ਸਚੁ

(ਕਹਾਣੀ ਸੰਗ੍ਰਹਿ)
**ਬਾਬੂ ਸਿੰਘ ਰੈਹਲ**
**ਪੰਨੇ : 108, ਮੁੱਲ : 200 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**




ਇਨ੍ਹਾਂ ਕਹਾਣੀਆਂ ਵਿੱਚ ਕਹਾਣੀਕਾਰ ਨੇ ਸ਼ਬਦਾਂ ਰਾਹੀਂ ਤਸਵੀਰਾਂ ਖਿੱਚੀਆਂ ਹਨ। “ਬੱਕਰਵਾਲਾਂ ਦੀ ਕੁੜੀ” ਦੀ ਸ਼ਬਦਾਂ ਰਾਹੀਂ ਪੇਸ਼ ਕੀਤੀ ਤਸਵੀਰ ਹਕੀਕਤ ਪਸੰਦ ਹੈ, “ਆਪਣੇ ਗਲ ਵਿੱਚ ਉਸ ਨੇ ਨਿੱਕੇ-ਨਿੱਕੇ ਕਾਲਰਾਂ ਤੇ ਨਿੱਕੀਆਂ-ਨਿੱਕੀਆਂ ਬੂਟੀਆਂ ਵਾਲੀ ਲਾਲ ਕੁੜਤੀ ਪਾਈ ਹੁੰਦੀ। ਹਲਕੇ ਲਾਲ ਰੰਗ ਦੀ ਪਜਾਮੀ ਜਿਸ ਦਾ ਗੋਡਿਆਂ ਤੱਕ ਦਾ ਹਿੱਸਾ ਫੁੱਲਵਾਂ ਹੁੰਦਾ ਅਤੇ ਗੋਡਿਆਂ ਤੋਂ ਹੇਠਾਂ ਗਿੱਟਿਆਂ ਤੱਕ ਰੇਬ ਪਜਾਮੀ ਵਰਗਾ। ਜਿਸ ਦੇ ਗਿੱਟਿਆਂ ਕੋਲ ਚਟਿੱਕ ਬਟਨ ਲੱਗੇ ਹੁੰਦੇ।

**-ਭੂਮਿਕਾ ਵਿੱਚੋਂ**

## ਡਾ. ਜਗਤਾਰ ਦੀਆਂ ਗ਼ਜ਼ਲਾਂ ਵਿੱਚ ਖੂਬੀਆਂ ਅਤੇ ਅਲੰਕਾਰ

**ਨਿਸ਼ਾਨ ਸਿੰਘ ਜੌਹਲ**
**ਪੰਨੇ : 176, ਮੁੱਲ : 300 ਰੁਪਏ**
**ਆਜ਼ਾਦ ਬੁੱਕ ਡਿਪੂ, ਅੰਮ੍ਰਿਤਸਰ**




ਮੈਂ ਇਹ ਵੀ ਸੋਚਦਾ ਰਿਹਾ ਕਿ ਪੰਜਾਬੀ ਗ਼ਜ਼ਲ ਦੇ ਵਿਦਵਾਨਾਂ ਨੇ ਪੰਜਾਬੀ ਗ਼ਜ਼ਲ ਵਿੱਚ ਖੂਬੀਆਂ ਅਤੇ ਅਲੰਕਾਰਾਂ ਬਾਰੇ ਕੋਈ ਕਿਤਾਬ ਕਿਉਂ ਨਹੀਂ ਛਪਵਾਈ ? ਇਸ ਦਾ ਇਕੋ ਹੀ ਜਵਾਬ ਮੇਰੇ ਅੰਦਰ ਪੈਦਾ ਹੁੰਦਾ ਕਿ ਸਾਡੇ ਵੱਡੇ ਅਰਬੀ, ਫ਼ਾਰਸੀ ਦੀ ਗ਼ਜ਼ਲ ਵਿਧਾ ਨੂੰ ਅਤੇ ਹਿੰਦੂ ਵਿਦਵਾਨ ਸ੍ਰੀ ਪਿੰਗਲ ਦੇ ‘ਪਿੰਗਲ’ ਨੂੰ ਹੀ ਪੰਜਾਬੀ ਵਿੱਚ ਲਾਗੂ ਕਰਵਾਉਣ ਲਈ ਰੁੱਝੇ ਰਹੇ। ਖੂਬੀਆਂ ਅਤੇ ਅਲੰਕਾਰਾਂ ਵੱਲ ਉਨ੍ਹਾਂ ਦਾ ਧਿਆਨ ਹੀ ਨਹੀਂ ਗਿਆ।

**-ਲੇਖਿਕ ਵੱਲੋਂ**

## ਗੁਰੀਲਾ ਵਾਰ

**(ਸਿੱਖ ਲੋਕ ਯੁੱਧ 1699-1768)**
**ਅਰਜਨ ਦਾਸ ਮਲਕ**
**ਅਨੁ. ਕਾ. ਦੇਵਾ ਸਿੰਘ ਮਾਹਲਾ**
**ਪੰਨੇ : 176, ਮੁੱਲ : 275 ਰੁਪਏ**
**ਵਾਈਟ ਕਰੋਅ ਪਬਲਿਸ਼ਰਜ਼, ਮਾਨਸਾ**




ਚੱਲ ਰਹੀ ਰਾਜਨੀਤੀ ਤੋਂ ਗੁਰੀਲੇ ਦਾ ਜਾਣੂੰ ਹੋਣਾ ਬੇਹੱਦ ਜ਼ਰੂਰੀ ਹੈ। ਸੁਧਾਰਵਾਦੀ ਸਮਝੌਤਿਆਂ ਦੇ ਪਰਦੇ ਫਾਸ਼ ਕਰਕੇ ਉਹ ਕਿਰਤੀ ਲੋਕਾਂ ਨੂੰ ਇਨਕਲਾਬੀ ਲਲਕਾਰਾ ਦੇਂਦਾ ਹੈ : ਤਾਕਤ ਅਥਵਾ ਗੋਲੀ ਹੀ ਤੁਹਾਨੂੰ ਤੁਹਾਡੇ ਹੱਕ ਦਿਵਾ ਸਕਦੀ ਹੈ। ਹਿੰਸਾਵਾਦ ਦੇ ਢਕੌਂਸਲਿਆਂ ਨੇ ਤੁਹਾਨੂੰ ਹੁਣ ਤੱਕ ਲੁੱਟੇ ਜਾਣ ਦੇ ਰਾਹੇ ਪਾਈ ਰੱਖਿਆ ਹੈ। ਇਨਕਲਾਬ ਬਿਨਾਂ ਲੁੱਟ ਤੇ ਅਨਿਆਂ ਦੇ ਬੰਧਨ ਨਹੀਂ ਕੱਟੇ ਜਾਣੇ ਤੇ ਇਨਕਲਾਬ ਹਥਿਆਰਬੰਦ ਬਗਾਵਤ ਬਿਨਾਂ ਕਿਤੇ ਵੀ ਨਹੀਂ ਆਉਣਾ।

**- ਭੂਮਿਕਾ ਵਿੱਚੋਂ**

18-Feb-Sunday.qxd 2/17/2024 10:16 PM Page 6



# 8ਵਾਂ ਸਾਹਿਤ ਉਤਸਵ 21 ਤੋਂ 25 ਤੱਕ

**ਅੰਮ੍ਰਿਤਸਰ** : ਸ਼ਬਦ ਸੱਭਿਆਚਾਰ ਅਜਿਹੀ ਸ਼ਕਤੀ ਹੁੰਦੀ ਹੈ, ਜਿਸ ਨਾਲ ਕੋਈ ਵੀ ਸਮਾਜ ਸੱਭਿਅਤਾ ਦੇ ਵਿਕਾਸ ਦੀ ਨਵੀਆਂ ਬੁਲੰਦੀਆਂ ਨੂੰ ਛੂੰਹਦਾ ਹੈ। 1947 ਤੋਂ ਬਾਅਦ ਪੰਜਾਬ ਇੱਕ ਨਵੇਂ ਦੌਰ 'ਚ ਦਾਖਲ ਹੋਇਆ ਹੈ। ਪਰਵਾਸ ਨੇ ਪੰਜਾਬੀਆਂ ਨੂੰ ਵਿਸ਼ਵ-ਵਿਆਪੀ ਕੌਮ ਬਣਨ ਵੱਲ ਤੋਰਿਆ ਹੈ। ਵਿਸ਼ਵ-ਪੱਧਰੀ ਗਿਆਨ ਨਾਲ ਜੁੜ ਕੇ ਪੰਜਾਬੀਆਂ ਨੇ ਵਿਕਾਸ ਦੀਆਂ ਨਵੀਆਂ ਦਿਸ਼ਾਵਾਂ ਵੱਲ ਕਦਮ ਪੁੱਟੇ ਹਨ। ਕਾਲਜਾਂ ਅਤੇ ਯੂਨੀਵਰਸਿਟੀਆਂ ਨੇ ਏਥੇ ਪੁਸਤਕ ਸੱਭਿਆਚਾਰ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਹੈ। 21 ਫਰਵਰੀ ਨੂੰ ਮੇਲੇ ਦੇ ਉਦਾਘਟਨੀ ਸੈਸ਼ਨ ਦੇ ਮੁੱਖ ਮਹਿਮਾਨ ਹੰਸ ਰਾਜ ਹੰਸ ਹੋਣਗੇ, ਵਿਸ਼ੇਸ਼ ਮਹਿਮਾਨ ਵਜੋਂ ਸੁੱਖੀ ਬਾਠ ਸੰਸਥਾਪਕ, ਪੰਜਾਬੀ ਭਵਨ, ਸਰੀ, ਕਨੇਡਾ ਅਤੇ ਇਸ ਸੈਸ਼ਨ ਦੀ ਪ੍ਰਧਾਨਗੀ ਰਜਿੰਦਰ ਮੋਹਨ ਸਿੰਘ ਛੀਨਾ, ਆਨਰੇਰੀ ਸਕੱਤਰ ਖ਼ਾਲਸਾ ਕਾਲਜ ਚੈਰੀਟੇਬਲ ਸੁਸਾਇਟੀ, ਅੰਮ੍ਰਿਤਸਰ ਕਰਨਗੇ। ਇਸ ਮੌਕੇ ਖ਼ਾਲਸਾ ਕਾਲਜ ਦੇ ਖੋਜ ਰਸਾਲੇ 'ਸੰਵਾਦ' ਦਾ 19ਵਾਂ ਅੰਕ ਵੀ ਰਲੀਜ਼ ਕੀਤਾ ਜਾਵੇਗਾ। ਬਾਅਦ ਦੁਪਹਿਰ ਨਾਰੀ ਕਵੀ ਦਰਬਾਰ ਹੋਵੇਗਾ, ਜਿਸ ਦੀ ਮੁੱਖ ਮਹਿਮਾਨ ਸ਼ਾਇਰਾ ਸੁਖਵਿੰਦਰ ਅੰਮ੍ਰਿਤ ਹੋਵੇਗੀ, ਵਿਸ਼ੇਸ਼ ਮਹਿਮਾਨ ਵਜੋਂ ਸਿਮਰਨ (ਸੁਰਿੰਦਰ ਕੁਮਾਰੀ, ਐਡਜੈਕਟਿਵ ਆਫੀਸਰ, ਇੰਪਰੂਵਮੈਂਟ ਟਰੱਸਟ, ਅੰਮ੍ਰਿਤਸਰ) ਸ਼ਾਮਲ ਹੋਣਗੇ, ਜਦਕਿ ਇਸ ਕਵੀ ਅਰਤਿੰਦਰ ਸੰਧੂ ਕਰਨਗੇ। ਇਸ ਮੁਸ਼ਾਇਰੇ 'ਚ ਪੰਜਾਬ ਦੀਆਂ 20 ਤੋਂ ਵੱਧ ਪ੍ਰਮੁੱਖ ਕਵਿਤਰੀਆਂ ਆਪਣੀਆਂ ਤਾਜ਼ਾ ਰਚਨਾਵਾਂ ਨਾਲ ਹਾਜ਼ਰੀ ਲਗਾਉਣਗੀਆਂ। ਇਸ ਦਿਨ ਸ਼ਾਮ ਸਮੇ ਪੰਜਾਬੀ ਗਾਇਕ ਬਨੀ ਜੌਹਲ ਆਪਣੀ ਕਲਾ ਦਾ ਮੁਜ਼ਾਹਰਾ ਕਰਨਗੇ।

ਇਸ ਸਾਲ ਪੰਜਾਬੀ ਵਿਸ਼ੇ ਦੀ ਐਮ ਏ ਪੱਧਰ ਦੀ ਪੜ੍ਹਾਈ ਸ਼ੁਰੂ ਹੋਈ ਨੂੰ 75 ਸਾਲ ਪੂਰੇ ਹੋ ਰਹੇ ਹਨ। 1949 ਵਿਚ ਐਮ ਏ ਪੰਜਾਬੀ ਸ਼ੁਰੂ ਕਰਨ ਵਾਲ ਖ਼ਾਲਸਾ ਕਾਲਜ ਪੰਜਾਬ ਦਾ ਪਹਿਲਾ ਕਾਲਜ ਸੀ। ਮੇਲੇ ਦੇ ਦੂਸਰੇ ਦਿਨ ਦੀ ਸ਼ੁਰੂਆਤ ਪੰਜਾਬੀ ਵਿਸ਼ੇ ਦੀ ਐਮ ਏ ਪੱਧਰ ਦੀ ਪੜ੍ਹਾਈ ਸ਼ੁਰੂ ਹੋਣ ਦੀ 75ਵੀਂ ਵਰ੍ਹੇਗੰਢ ਨੂੰ ਸਮਰਪਿਤ ਵਿਚਾਰ ਚਰਚਾ ਨਾਲ ਹੋਵੇਗੀ, ਜਿਸ ਵਿਚ ਡਾ. ਮਹਿਲ ਸਿੰਘ, ਡਾ. ਗੁਰਮੁਖ ਸਿੰਘ ਅਤੇ ਡਾ. ਕੁਲਬੀਰ ਗੋਜਰਾ ਭਾਗ ਲੈਣਗੇ। ਦੂਸਰੇ ਸੈਸ਼ਨ 'ਚ ਕਵੀ ਦਰਬਾਰ ਹੋਵੇਗਾ, ਜਿਸ ਦੇ ਮੁੱਖ ਮਹਿਮਾਨ ਡਾ. ਸੁਰਜੀਤ ਪਾਤਰ ਹੋਣਗੇ। ਵਿਸ਼ੇਸ਼ ਮਹਿਮਾਨ ਵਜੋਂ ਸੁਰਿੰਦਰ ਸੁੰਨੜ, ਪ੍ਰਧਾਨ ਲੋਕ ਮੰਚ ਪੰਜਾਬ ਸ਼ਾਮਲ ਹੋਣਗੇ ਜਦਕਿ ਇਸ ਕਵੀ ਦਰਬਾਰ ਦੀ ਪ੍ਰਧਾਨਗੀ ਡਾ. ਲਖਵਿੰਦਰ ਜੌਹਲ, ਪ੍ਰਧਾਨ ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ ਕਰਨਗੇ। ਬਾਅਦ ਦੁਪਹਿਰ ਪੰਜਾਬੀ ਦੇ ਪ੍ਰਸਿੱਧ ਗਾਇਕ ਪੰਮੀ ਬਾਈ ਆਪਣੀ ਕਲਾ ਨਾਲ ਦਰਸ਼ਕਾਂ ਦੇ ਰੂਬਰੂ ਹੋਣਗੇ। ਇਸ ਮੌਕੇ ਸ਼ੇਰ-ਏ-ਪੰਜਾਬ ਕਲਚਰਲ ਕੌਂਸਲ ਬਟਾਲਾ ਵੱਲੋਂ ਬਾਬਿਆਂ ਦਾ ਭੰਗੜਾ ਵੀ ਦਰਸ਼ਕਾਂ ਦਾ ਮਨੋਰੰਜਨ ਕਰੇਗਾ।

ਮੇਲੇ ਦੇ ਤੀਸਰੇ ਦਿਨ 23 ਫਰਵਰੀ ਨੂੰ 'ਪੁਸਤਕ, ਪ੍ਰਕਾਸ਼ਨ ਤੇ ਪਾਠਕ : ਦਸ਼ਾ ਤੇ ਦਿਸ਼ਾ' ਵਿਸ਼ੇ ਤੇ ਵਿਚਾਰ ਚਰਚਾ ਹੋਵੇਗੀ ਜਿਸ ਦੇ ਮੁੱਖ ਮਹਿਮਾਨ ਹਰੀਸ਼ ਜੈਨ ਹੋਣਗੇ ਜਦਕਿ ਇਸ ਸੈਸ਼ਨ ਦੀ ਪ੍ਰਧਾਨਗੀ ਗੁਰਸਾਗਰ ਸਿੰਘ ਕਰਨਗੇ। ਵਿਚਾਰ ਚਰਚਾ ਵਿਚ ਖੁਸ਼ਵੰਤ ਬਰਗਾੜੀ, ਜਗਵੀਰ ਬੇਗਮਪੁਰੀ, ਪ੍ਰੀਤੀ ਸ਼ੈਲੀ ਅਤੇ ਮੁਖ ਵਿੰਦਰ ਭਾਗ ਲੈਣਗੇ। ਬਾਅਦ ਦੁਪਹਿਰ ਦੇ ਸੈਸ਼ਨ ਵਿਚ 'ਨਾਟਕਾਂ ਵਿਚ 1947 ਦਾ ਦਰਦ' ਵਿਸ਼ੇ ਤੇ ਵਿਚਾਰ ਚਰਚਾ ਹੋਵੇਗੀ ਜਿਸ ਦੀ ਪ੍ਰਧਾਨਗੀ ਜਤਿੰਦਰ ਬਰਾੜ ਕਰਨਗੇ ਵਿਚਾਰ ਚਰਚਾ ਦਾ ਸੰਚਾਲਨ ਡਾ. ਹਰਭਜਨ ਸਿੰਘ ਢਿਲੋਂ ਕਰਨਗੇ ਜਦਕਿ ਵਿਚਾਰ ਚਰਚਾ ਵਿਚ ਕੇਵਲ ਧਾਲੀਵਾਲ, ਡਾ. ਕੁਲਵੰਤ ਸਿੰਘ ਸੰਧੂ, ਡਾ. ਕੁਲਦੀਪ ਦੀਪ ਭਾਗ ਲੈਣਗੇ। ਇਸ ਦਿਨ ਦੀ ਸ਼ਾਮ ਨੂੰ ਦਰਸ਼ਕਾਂ ਲਈ ਯਾਦਗਾਰੀ ਬਣਾਉਣਗੇ ਪੰਜਾਬੀ ਦੇ ਚਰਚਿਤ ਗਾਇਕ ਕੰਵਰ ਗਰੇਵਾਲ ਅਤੇ ਪੂਰਨ ਚੰਦ ਗੁਰੂ ਕੀ ਵਡਾਲੀ। ਕਾਲਜ ਦੇ ਵਿਦਿਆਰਥੀ ਲੋਕ ਨਾਚ ਵੀ ਪੇਸ਼ ਕਰਨਗੇ।

24 ਫਰਵਰੀ ਨੂੰ ਪਹਿਲੇ ਸੈਸ਼ਨ ਦੌਰਾਨ ਅੰਮ੍ਰਿਤਸਰ ਦੀ ਸੱਭਿਆਚਾਰਕ ਵਿਰਾਸਤ ਵਿਸ਼ੇ ਤੇ ਗੱਲਬਾਤ ਹੋਵੇਗੀ ਜਿਸ ਦੇ ਮੁੱਖ ਮਹਿਮਾਨ ਮੇਜਰ ਜਨਰਲ ਬਲਵਿੰਦਰ ਸਿੰਘ ਹੋਣਗੇ ਇਸ ਚਰਚਾ ਵਿਚ ਡਾ. ਸਰਬਜੀਤ ਸਿੰਘ, ਕਨਵੀਨਰ ਇਨਟੈਕ ਕਪੂਰਥਲਾ ਅਤੇ ਗਗਨਦੀਪ ਸਿੰਘ ਵਿਰਕ ਕਨਵੀਨਰ ਇਨਟੈਕ ਅੰਮ੍ਰਿਤਸਰ ਭਾਗ ਲੈਣਗੇ। ਦੂਸਰੇ ਸੈਸ਼ਨ ਵਿਚ ਜ਼ਿੰਦਗੀ ਤੇ ਸਾਹਿਤ ਵਿਸ਼ੇ ਤੇ ਵਿਚਾਰ ਚਰਚਾ ਹੋਵੇਗੀ ਜਿਸ ਦੇ ਮੁੱਖ ਵਕਤਾ ਕਹਾਣੀਕਾਰ ਡਾ. ਵਰਿਆਮ ਸਿੰਘ ਸੰਧੂ ਹੋਣਗੇ ਜਦਕਿ ਵਿਚਾਰ ਚਰਚਾ ਵਿਚ ਸੁਸ਼ੀਲ ਦੁਸਾਂਝ, ਜਿੰਦਰ, ਡਾ. ਕੁਲਵੰਤ ਸਿੰਘ, ਇੰਦਰਜੀਤ ਸਿੰਘ ਪੁਰੇਵਾਲ, ਸਤਪਾਲ ਭੀਖੀ ਅਤੇ ਵਿਸ਼ਾਲ ਵਿਚਾਰ ਪੇਸ਼ ਕਰਨਗੇ। ਸ਼ਾਮ ਦੇ ਸਭਿਆਚਾਰਕ ਭਾਗ ਵਿਚ ਲੋਕ ਸਾਜ਼ਾਂ ਦੀ ਜੁਗਲਬੰਦੀ ਸਮੇਤ ਦਵਿੰਦਰ ਪੰਡਤ ਹਰਿੰਦਰ ਸੋਹਲ ਨਿਕੀਤਾ ਪੁਰੀ ਅਤੇ ਹੋਰ ਗਾਇਕ ਆਪਣੇ ਫੰਨ ਦਾ ਮੁਜਾਹਰਾ ਪੇਸ਼ ਕਰਨਗੇ।

ਮੇਲੇ ਦੇ ਆਖਰੀ ਦਿਨ 25 ਫਰਵਰੀ ਨੂੰ ਪਹਿਲੇ ਸੈਸ਼ਨ ਦੌਰਾਨ ਸਿੱਖ ਡਾਇਸਪੋਰਾ, ਪੰਜਾਬ ਮਾਈਗ੍ਰੇਸ਼ਨ ਅਤੇ ਚੁਣੌਤੀਆਂ ਦੇ ਮੁਖਾਤਿਬ ਵਿਸ਼ੇ ਤੇ ਵਿਚਾਰ ਚਰਚਾ ਹੋਵੇਗੀ ਜਿਸ ਦੇ ਮੁੱਖ ਵਕਤਾ ਹਰਿੰਦਰ ਸਿੰਘ, ਸੰਸਥਾਪਕ ਸਿੱਖ ਇੰਸਟੀਚਿਊਟ, ਅਮਰੀਕਾ ਹੋਣਗੇ। ਦੂਸਰੇ ਸੈਸ਼ਨ ਵਿਚ ਅੰਮ੍ਰਿਤਸਰ ਲਾਈਵ ਪ੍ਰੋਗਰਾਮ ਤਹਿਤ ਨਾਮਵਰ ਪੰਜਾਬੀ ਗਾਇਕ ਬੀਰ ਸਿੰਘ ਆਪਣੀ ਗਾਇਕੀ ਦੇ ਰੰਗ ਬਿਖੇਰਨਗੇ ਜਦਕਿ ਮੇਲੇ ਦੀ ਵਿਦਾਇਗੀ ਲੋਕ ਨਾਚ ਝੂਮਰ ਨਾਲ ਹੋਵੇਗੀ।

ਇਸ ਵਾਰ ਮੇਲੇ ਵਿਚ 100 ਦੇ ਕਰੀਬ ਪ੍ਰਕਾਸ਼ਕ ਪਹੁੰਚ ਰਹੇ ਹਨ। ਕਾਲਜ ਦੀ ਖੁੱਲ੍ਹੀ ਗਰਾਂਉਂਡ ਲੱਗਣ ਵਾਲੇ ਵਿਸ਼ਾਲ ਪੰਡਾਲ ਵਿਚ ਪੁਸਤਕਾਂ ਅਤੇ ਪਾਠਕਾਂ ਦੀ ਮਿਲਣੀ ਹੋਵੇਗੀ ਜਿੱਥੇ ਵਿਸ਼ੇਸ਼ ਛੋਟ ਤੇ ਪਾਠਕ ਪੁਸਤਕਾਂ ਖਰੀਦ ਸਕਣਗੇ। ਇਸ ਮੇਲੇ ਵਿਚ ਪ੍ਰਵਾਸੀ ਪੰਜਾਬੀਆਂ ਦੇ ਵੱਡੀ ਗਿਣਤੀ ਵਿਚ ਪਹੁੰਚਣ ਦੀ ਉਮੀਦ ਹੈ। ਮੇਲੇ ਦੌਰਾਨ ਮੌਸਮੀ ਫੁੱਲਾਂ ਦੀ ਪ੍ਰਦਰਸ਼ਨੀ ਵੀ ਲੱਗੇਗੀ ਅਤੇ ਖਾਣਪੀਣ ਦੇ ਸਟਾਲਾਂ ਦਾ ਖਾਸ ਪ੍ਰਬੰਧ ਹੋਵੇਗਾ ਇਸ ਤੋਂ ਇਲਾਵਾ ਮਨੋਰੰਜਨ ਦੇ ਕਈ ਹੋਰ ਸਾਧਨ ਵੀ ਹੋਣਗੇ।

**- ਡਾ. ਹੀਰਾ ਸਿੰਘ**

## 'ਸਮੇਂ ਦੀ ਕੈਨਵਸ 'ਤੇ' ਲੋਕ ਅਰਪਣ



**ਜਲੰਧਰ**-ਸਾਹਿਤ ਕਲਾ ਅਤੇ ਸੱਭਿਆਚਾਰਕ ਮੰਚ (ਰਜਿ.) ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ (ਰਜਿ.) ਦੇ ਸਹਿਯੋਗ ਨਾਲ ਦੇਸ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਪ੍ਰਭਾਵਸ਼ਾਲੀ ਸਾਹਿਤਕ ਪ੍ਰੋਗਰਾਮ ਦੌਰਾਨ ਸਮਾਜਿਕ, ਰਾਜਨੀਤਕ 'ਤੇ ਧਾਰਮਿਕ ਹਾਲਾਤ 'ਤੇ ਸੰਜੀਦਾ ਕਵਿਤਾ ਰਚਣ ਵਾਲੀ ਨਾਮਵਰ ਕਵਿੱਤਰੀ ਸਵਿੰਦਰ ਸੰਧੂ ਦੀ ਛੇਵੀਂ ਪੁਸਤਕ ਕਾਵਿ ਸੰਗ੍ਰਹਿ 'ਸਮੇਂ ਦੀ ਕੈਨਵਸ 'ਤੇ' ਲੋਕ ਅਰਪਣ ਕੀਤੀ ਗਈ। ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਪ੍ਰੋ. ਸੰਧੂ ਵਰਿਆਣਵੀ (ਮੁੱਖ ਸਕੱਤਰ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ), ਡਾ. ਬਲਦੇਵ ਬੱਦਨ (ਸਾਬਕਾ ਨਿਰਦੇਸ਼ਕ ਨੈਸ਼ਨਲ ਬੁੱਕ ਟਰੱਸਟ), ਹਰਜਿੰਦਰ ਸਿੰਘ ਅਟਵਾਲ (ਸੀਨੀਅਰ ਮੀਤ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ) ਅਤੇ ਅਰਤਿੰਦਰ ਸੰਧੂ ਸੰਪਾਦਕ ਏਕਮ ਆਦਿ ਨੇ ਸਵਿੰਦਰ ਸੰਧੂ ਦੀ ਕਵਿਤਾ ਬਾਰੇ ਬੋਲਦਿਆਂ ਕਿਹਾ ਕਿ ਉਨ੍ਹਾਂ ਬਹੁਤ ਘੱਟ ਸਮੇਂ ਵਿੱਚ ਆਪਣੀ ਪ੍ਰਭਾਵਸ਼ਾਲੀ ਕਵਿਤਾ ਨਾਲ ਆਪਣਾ ਨਾਂਅ ਸਿਰਮੌਰ ਕਵਿੱਤਰੀਆਂ ਵਿਚ ਸ਼ਾਮਲ ਕਰਵਾ ਲਿਆ ਹੈ ਅਤੇ ਉਨ੍ਹਾਂ ਦੀ ਕਵਿਤਾ 'ਤੇ ਖਾਸੀ ਪਕੜ ਹੈ। ਮੰਚ ਦੇ ਮੁੱਖ ਸਕੱਤਰ ਪ੍ਰਸਿੱਧ ਸ਼ਾਇਰ ਜਗਦੀਸ਼ ਰਾਣਾ ਅਤੇ ਪ੍ਰੋ. ਗੋਪਾਲ ਬੁੱਟਰ ਨੇ ਕਿਹਾ ਕਿ ਸਵਿੰਦਰ ਸੰਧੂ ਦੀਆਂ ਕਵਿਤਾਵਾਂ ਆਮ ਮਨੁੱਖ ਦੇ ਸਰੋਕਾਰਾਂ ਦੀ ਬਾਤ ਪਾਉਂਦੀਆਂ ਹਨ ਤੇ ਲੋਕ ਮਸਲਿਆਂ ਨੂੰ ਵੱਡੇ ਪੱਧਰ 'ਤੇ ਉਜਾਗਰ ਕਰਦਿਆਂ ਆਮ ਮਨੁੱਖ ਨੂੰ ਆਪਣੇ ਹੱਕਾਂ ਪ੍ਰਤੀ ਜਾਗਣ ਲਈ, ਸੁਚੇਤ ਹੋਣ ਲਈ ਪ੍ਰੇਰਿਤ ਕਰਦੀਆਂ ਹਨ। ਸਵਿੰਦਰ ਸੰਧੂ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਉਨ੍ਹਾਂ ਦੀ ਹਰ ਪੁਸਤਕ ਸਾਹਿਤ ਕਲਾ ਅਤੇ ਸੱਭਿਆਚਾਰਕ ਮੰਚ ਵੱਲੋਂ ਹੀ ਲੋਕ ਅਰਪਣ ਕੀਤੀ ਗਈ ਹੈ ਅਤੇ ਉਹ ਆਪਣੀ ਕਵਿਤਾ ਰਾਹੀਂ ਗੂੰਗਿਆਂ ਲਈ ਜ਼ੁਬਾਨ, ਅੰਨ੍ਹਿਆਂ ਲਈ ਅੱਖਾਂ ਬਣਨ ਦਾ ਯਤਨ ਕਰਦਿਆਂ ਹਮੇਸ਼ਾ ਹੀ ਗਰੀਬ ਗੁਰਬੇ ਦੇ ਹੱਕਾਂ ਦੀ ਆਵਾਜ਼ ਬੁਲੰਦ ਕਰਦੀ ਰਹੇਗੀ। ਇਸ ਮੌਕੇ ਜਿੱਥੇ ਸੰਧੂ ਪਰਵਾਰ ਵੱਲੋਂ ਪ੍ਰਧਾਨਗੀ ਮੰਡਲ ਨੂੰ ਗੁਲਦਸਤਾ ਦੇ ਕੇ ਸਵਾਗਤ ਕੀਤਾ ਗਿਆ, ਉਥੇ ਹੀ ਸਾਹਿਤ ਕਲਾ ਅਤੇ ਸੱਭਿਆਚਾਰਕ ਮੰਚ ਵੱਲੋਂ ਸਵਿੰਦਰ ਸੰਧੂ ਨੂੰ ਸਨਮਾਨ ਪੱਤਰ ਅਤੇ ਸ਼ਾਲ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਇਸ ਦੌਰਾਨ ਹੋਏ ਸ਼ਾਨਦਾਰ ਕਵੀ ਦਰਬਾਰ ਵਿਚ ਉਸਤਾਦ ਸ਼ਾਇਰ ਹਰਬੰਸ ਸਿੰਘ ਅਕਸ, ਗੁਰਦੀਪ ਸਿੰਘ ਔਲਖ, ਜਸਵਿੰਦਰ ਜੱਸੀ, ਗੁਰਦੀਪ ਸੈਣੀ, ਇੰਦਰਪਾਲ ਸਿੰਘ, ਜਰਨੈਲ ਸਾਖੀ, ਆਸੀ ਈਸਪੁਰੀ, ਕੀਮਤੀ ਕੈਸਰ, ਜਗਦੀਸ਼ ਰਾਣਾ, ਦਲਜੀਤ ਮਹਿਮੀ, ਸੀਰਤ ਸਿਖਿਆਰਥੀ, ਰੂਪ ਲਾਲ ਰੂਪ, ਵਿਜੇਤਾ ਭਾਰਦਵਾਜ, ਹਰਦਿਆਲ ਹੁਸ਼ਿਆਰਪੁਰੀ, ਜਸਪਾਲ ਸਿੰਘ ਜ਼ੀਰਵੀ, ਸੋਹਣ ਸਹਿਜਲ, ਸੁਰਿੰਦਰ ਢੰਡਾ, ਮਨੋਜ ਫਗਵਾੜਵੀ, ਸਾਹਿਬਾ ਜਟਿਨ ਕੌਰ, ਰੁਪਿੰਦਰ ਕੌਰ ਸਹੋਤਾ, ਗੁਰਨਾਮ ਬਾਵਾ, ਮਨੋਜ ਖੈਰਾ, ਨਵਜੋਤ ਕੌਰ ਸੈਣੀ, ਡਾ. ਬਲਦੇਵ ਬੱਦਨ, ਪ੍ਰੋ. ਸੰਧੂ ਵਰਿਆਣਵੀ, ਅਰਤਿੰਦਰ ਸੰਧੂ, ਹਰਭਜਨ ਨਾਹਲ, ਸੋਢੀ ਸੱਤੋਵਾਲ, ਮਦਨ ਬੋਲੀਨਾ ਆਦਿ ਕਵੀਆਂ ਨੇ ਆਪਣੀਆਂ ਰਚਨਾਵਾਂ ਨਾਲ ਖੂਬ ਰੰਗ ਬੰਨ੍ਹਿਆ। ਇਸ ਮੌਕੇ ਸ਼ਾਇਰਾਂ ਡਾ. ਕੰਵਲ ਭੱਲਾ, ਪ੍ਰੋ. ਅਕਵੀਰ ਕੌਰ, ਤਜਿੰਦਰ ਮਨਚੰਦਾ ਪਰਦੇਸੀ, ਪ੍ਰੋ. ਮੋਹਨ ਸਪਰਾ, ਗੁਰਦੀਪ ਭਾਟੀਆ ਵੱਲੋਂ ਵੀ ਸਵਿੰਦਰ ਸੰਧੂ ਨੂੰ ਵਧਾਈ ਸੰਦੇਸ਼ ਭੇਜੇ ਗਏ। ਇਸ ਮੌਕੇ ਸਵਿੰਦਰ ਸੰਧੂ ਦੇ ਜੀਵਨ ਸਾਥੀ ਕਰਨਲ ਜਗਬੀਰ ਸਿੰਘ ਸੰਧੂ (ਰਿਟਾਇਰਡ), ਬੇਟੀ ਨਵਦੀਪ ਕੌਰ, ਜਵਾਈ ਸਮਿੰਦਰ ਸਿੰਘ, ਹਰਿੰਦਰ ਕੌਰ, ਰੁਪਿੰਦਰ ਕੌਰ, ਸੀਤਲ ਸਿੰਘ ਸੰਘਾ, ਡੀ.ਆਰ. ਵੰਦਨਾ ਅਤੇ ਮੇਹਰ ਮਲਿਕ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਹਾਜ਼ਰ ਲੇਖਕਾਂ ਵੱਲੋਂ ਬੀਤੇ ਦਿਨੀਂ ਅਕਾਲ ਚਲਾਣਾ ਕਰ ਗਈ ਜਲੰਧਰ ਤੋਂ ਨਾਮਵਰ ਕਵਿੱਤਰੀ ਸੋਨੀਆ ਭਾਰਤੀ ਨੂੰ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਅਰਪਿਤ ਕੀਤੀ ਗਈ।

## 'ਧੁੱਪ ਦੀ ਮਹਿਫਲ' 'ਚ ਲੇਖਕਾਂ ਦਾ ਸਨਮਾਨ




**ਨਵੀਂ ਦਿੱਲੀ**: ਪੰਜਾਬੀ ਸਾਹਿਤ ਸਭਾ ਨੇ ਆਪਣੀ ਸਾਲਾਨਾ 33ਵੀਂ 'ਧੁੱਪ ਦੀ ਮਹਿਫ਼ਲ' ਪਹਿਲਾਂ ਵਾਂਗ ਨਵਯੁਗ ਫਾਰਮ, ਅੰਧੇਰੀਆ ਮੋੜ, ਮਹਿਰੌਲੀ ਵਿਖੇ ਖ਼ੂਬਸੂਰਤ ਅੰਦਾਜ਼ ਵਿਚ ਸਜਾਈ। ਪ੍ਰੋਗਰਾਮ ਦੀ ਪ੍ਰਧਾਨਗੀ ਪੰਜਾਬੀ ਤੇ ਪੰਜਾਬੀਅਤ ਲਈ ਫ਼ਿਕਰਮੰਦ ਤਰਲੋਚਨ ਸਿੰਘ, ਸਾਬਕਾ ਐੱਮ.ਪੀ. ਅਤੇ ਚੇਅਰਮੈਨ, ਮਨੁੱਖੀ ਅਧਿਕਾਰ ਕਮਿਸ਼ਨ ਨੇ ਕੀਤੀ। ਮਹਿਫ਼ਲ ਦੌਰਾਨ ਚਾਰ ਨਾਮਵਰ ਸਾਹਿਤਕਾਰਾਂ ਨਿਰਮਲ ਅਰਪਨ, ਅਮਰੀਕ ਗਿੱਲ, ਕੁਲਬੀਰ ਬਡੇਸਰੋਂ ਤੇ ਅਮਰ ਜਿਉਤੀ ਨੂੰ ਉਨ੍ਹਾਂ ਦੀਆਂ ਸਾਹਿਤਕ ਤੇ ਸੱਭਿਆਚਾਰਕ ਸੇਵਾਵਾਂ ਬਦਲੇ ਸਨਮਾਨਿਆ ਗਿਆ। ਸਨਮਾਨਿਤ ਕੀਤੇ ਜਾਣ ਦੀ ਰਸਮ ਵਿਚ ਪ੍ਰਧਾਨਗੀ ਮੰਡਲ ਵਿਚ ਬੈਠੇ ਤਰਲੋਚਨ ਸਿੰਘ, ਡਾ. ਰੇਣੂਕਾ ਸਿੰਘ, ਚੇਅਰਪਰਸਨ, ਪੰਜਾਬੀ ਸਾਹਿਤ ਸਭਾ, ਪ੍ਰਧਾਨ ਗੁਲਜ਼ਾਰ ਸਿੰਘ ਸੰਧੂ ਤੇ ਜਨਰਲ ਸਕੱਤਰ ਡਾ. ਕੁਲਜੀਤ ਸ਼ੈਲੀ ਸ਼ਾਮਲ ਹੋਏ। ਸਨਮਾਨ ਵਿਚ ਸ਼ਾਲ, ਸਨਮਾਨ ਚਿੰਨ੍ਹ, ਮਾਣ-ਪੱਤਰ ਤੇ 51-51 ਹਜ਼ਾਰ ਰੁਪਏ ਨਗਦ ਦਿੱਤੇ ਜਾਂਦੇ ਹਨ।

ਢਾਈ ਸੌ ਦੇ ਕਰੀਬ ਜੁੜੇ ਇਸ ਲੇਖਕ-ਮੇਲੇ ਨੂੰ ਸੰਬੋਧਨ ਕਰਦਿਆਂ ਤਰਲੋਚਨ ਸਿੰਘ ਨੇ ਪੰਜਾਬੀ ਭਾਸ਼ਾ ਦੀ ਮੌਜੂਦਾ ਸਥਿਤੀ ਤੇ ਸੱਭਿਆਚਾਰ ਦੀ ਚਰਚਾ ਕਰਦਿਆਂ ਆਖਿਆ ਕਿ ਪੰਜਾਬੀ ਸੱਭਿਆਚਾਰ ਨੂੰ ਪੀੜ੍ਹੀ-ਦਰ-ਪੀੜ੍ਹੀ ਅੱਗੇ ਪ੍ਰਚਾਰਨ-ਪਸਾਰਨ ਲਈ ਜ਼ਰੂਰੀ ਹੈ ਕਿ ਪੰਜਾਬੀ ਸੱਭਿਆਚਾਰ ਤੇ ਪੰਜਾਬੀਅਤ ਨੂੰ ਵੱਡੇ ਪੱਧਰ ਉੱਤੇ ਦੇਸ਼-ਵਿਦੇਸ਼ ਵਿਚ ਪ੍ਰਚਾਰਿਆ ਜਾਵੇ। ਉਨ੍ਹਾਂ ਮੌਜੂਦਾ ਹਾਲਾਤ ਦੇ ਅਨੁਭਵ 'ਤੇ ਆਧਾਰਤ ਕਿਹਾ ਕਿ ਪੰਜਾਬੀਅਤ ਨੂੰ ਬਚਾਏ ਜਾਣ ਦੀ ਬਹੁਤ ਜ਼ਰੂਰਤ ਹੈ। ਉਨ੍ਹਾਂ ਭਾਪਾ ਪ੍ਰੀਤਮ ਸਿੰਘ ਦੀ ਪੰਜਾਬੀ ਭਾਸ਼ਾ ਤੇ ਸਾਹਿਤ ਲਈ ਦੂਰ-ਦ੍ਰਿਸ਼ਟੀ ਦੀ ਵਡਿਆਈ ਕੀਤੀ। ਇਸ ਤੋਂ ਪਹਿਲਾਂ ਗੁਲਜ਼ਾਰ ਸਿੰਘ ਸੰਧੂ ਨੇ ਆਏ ਲੇਖਕਾਂ ਦਾ ਸਵਾਗਤ ਕੀਤਾ ਤੇ 'ਧੁੱਪ ਦੀ ਮਹਿਫ਼ਲ' ਦੇ ਪਿਛੋਕੜ ਬਾਰੇ ਦੱਸਿਆ। ਪੰਜਾਬੀ ਭਵਨ ਦੇ ਡਾਇਰੈਕਟਰ ਬਲਬੀਰ ਮਾਧੋਪੁਰੀ ਨੇ ਮੰਚ ਸੰਚਾਲਨ ਕਰਦਿਆਂ ਸਭਾ ਵੱਲੋਂ ਚਲਾਈਆਂ ਜਾਂਦੀਆਂ ਦੋ ਸੌ ਲਾਇਬ੍ਰੇਰੀਆਂ, ਲੋੜਵੰਦ ਲੇਖਕਾਂ, ਵਿਦਿਆਰਥੀਆਂ ਨੂੰ ਮਾਲੀ ਸਹਾਇਤਾ ਤੇ ਭਾਪਾ ਪ੍ਰੀਤਮ ਸਿੰਘ ਵੱਲੋਂ ਪੰਜਾਬੀ ਲੇਖਕਾਂ ਨੂੰ ਤੋਹਫ਼ੇ ਵਜੋਂ ਦਿੱਤੇ ਪੰਜਾਬੀ ਭਵਨ ਦੀ ਚਰਚਾ ਕੀਤਾ। ਪ੍ਰੋ. ਅੰਨਾ ਬੋਚਕੋਵਸਕਾਇਆ ਜਿਹੜੇ ਮਾਸਕੋ ਸਟੇਟ ਯੂਨੀਵਰਸਿਟੀ ਵਿਚ ਪੜ੍ਹਾਉਂਦੇ ਹਨ, ਵਿਸ਼ੇਸ਼ ਤੌਰ 'ਤੇ ਇਸ ਪ੍ਰੋਗਰਾਮ ਵਿਚ ਸ਼ਾਮਲ ਹੋਏ। ਉਨ੍ਹਾਂ ਦਾ ਫੁੱਲਾਂ ਤੇ ਸ਼ਾਲ ਨਾਲ ਸਭਾ ਦੇ ਚੇਅਰਪਰਸਨ ਪ੍ਰੋ. ਰੇਣੂਕਾ ਸਿੰਘ ਤੇ ਪ੍ਰੋ. ਭਗਵਾਨ ਜੋਸ਼ ਨੇ ਸਨਮਾਨ ਕੀਤਾ। ਉਪਰੰਤ ਕੁਝ ਪੁਸਤਕਾਂ ਦਾ ਲੋਕਾਰਪਣ ਕੀਤਾ ਗਿਆ, ਜਿਨ੍ਹਾਂ ਵਿਚ ਅਜੀਤ ਕੌਰ ਦੀ 'ਨੀਲਾ ਘੁਮਿਆਰ', ਬਚਿੰਤ ਕੌਰ ਦੀ 'ਅੰਮ੍ਰਿਤਾ, ਸਾਹਿਰ ਲੁਧਿਆਣਵੀ', ਇਮਰੋਜ਼, ਬਲਬੀਰ ਮਾਧੋਪੁਰੀ ਦੀ 'ਤਾਰਾ ਸਿੰਘ ਦੀ ਕਵਿਤਾ' ਤੇ ਲਿਓ ਤੋਲਕਸਤੋਇ ਦੀ ਪੁਸਤਕ ਦਾ ਪੰਜਾਬੀ ਅਨੁਵਾਦ 'ਬੱਚਿਓ, ਸੁਣੋ, ਕਹਾਣੀ', ਡਾ. ਵਨੀਤਾ ਦੀ 'ਮੁਰਕੀਆਂ', ਡਾ. ਰਘਬੀਰ ਸਿੰਘ ਦੀ 'ਦੇਵ: ਸ਼ਬਦ ਆਕਾਰ' ਆਦਿ ਸ਼ਾਮਲ ਹਨ।

ਅਖੀਰ ਵਿਚ ਡਾ. ਰੇਣੁਕਾ ਸਿੰਘ ਨੇ 'ਧੁੱਪ ਦੀ ਮਹਿਫਲ' ਦੇ ਪ੍ਰਧਾਨ ਤਰਲੋਚਨ ਸਿੰਘ, ਸਨਮਾਨਿਤ ਸਾਹਿਤਕਾਰਾਂ, ਵੱਡੀ ਗਿਣਤੀ ਵਿਚ ਲੇਖਕਾਂ ਤੇ ਖ਼ਾਸ ਤੌਰ 'ਤੇ ਦੇਸ਼-ਵਿਦੇਸ਼ ਤੋਂ ਪਹੁੰਚੇ ਲੇਖਕਾਂ ਤੇ ਪੰਜਾਬੀ ਪ੍ਰੇਮੀਆਂ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਸੁਹਾਵਣੇ ਮੌਸਮ ਲਈ ਕੁਦਰਤ ਦੇ ਵੀ ਸ਼ੁਕਰਗੁਜ਼ਾਰ ਹਾਂ। ਹਾਜ਼ਰ ਲੇਖਕਾਂ ਨੇ ਫੁੱਲਾਂ ਤੇ ਹਰਿਆਲੀ ਦੇ ਨਜ਼ਾਰੇ ਨਾਲ ਨਾਸ਼ਤੇ ਤੋਂ ਲੈ ਕੇ ਦੁਪਹਿਰ ਦੇ ਖਾਣੇ ਦਾ ਅਨੰਦ ਲਿਆ ਤੇ ਸਲਾਹਿਆ।

**—ਬਲਬੀਰ ਮਾਧੋਪੁਰੀ**

## 'ਬੂੰਦ-ਬੂੰਦ ਬਰਸਾਤ' ਤੇ 'ਰੂਹਾਨੀ ਰਮਜ਼ਾਂ' ਲੋਕ ਅਰਪਣ




**ਲੁਧਿਆਣਾ**—ਅਮਰੀਕਾ ਵਸਦੀ ਪੰਜਾਬੀ ਕਵਿੱਤਰੀ ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਦੀਆਂ ਦੋ ਕਾਵਿ ਪੁਸਤਕਾਂ ਬੂੰਦ-ਬੂੰਦ ਬਰਸਾਤ (ਰੁਬਾਈਆਂ) ਤੇ ਰੂਹਾਨੀ ਰਮਜ਼ਾਂ (ਕਾਵਿ ਸੰਗ੍ਰਹਿ) ਪੰਜਾਬੀ ਭਵਨ ਲੁਧਿਆਣਾ ਵਿਖੇ ਪੰਜਾਬੀ ਲੇਖਕਾਂ ਰਘੁਬੀਰ ਸਿੰਘ ਸਿਰਜਣਾ, ਪ੍ਰੋ. ਗੁਰਭਜਨ ਸਿੰਘ ਗਿੱਲ ਚੇਅਰਮੈਨ ਪੰਜਾਬੀ ਲੋਕ ਵਿਰਾਸਤ ਅਕਾਦਮੀ ਲੁਧਿਆਣਾ, ਪ੍ਰੋ. ਰਵਿੰਦਰ ਭੱਠਲ, ਤ੍ਰੈਲੋਚਨ ਲੋਚੀ, ਡਾ. ਸੁਰਜੀਤ ਸਿੰਘ ਭੱਟੀ, ਡਾ. ਲਖਵਿੰਦਰ ਜੌਹਲ, ਡਾ. ਗੁਰਇਕਬਾਲ ਸਿੰਘ, ਸਹਿਜਪ੍ਰੀਤ ਸਿੰਘ ਮਾਂਗਟ, ਸੁਖਮਿੰਦਰਪਾਲ ਸਿੰਘ ਗਰੇਵਾਲ, ਗੁਰਚਰਨ ਕੌਰ ਕੋਚਰ, ਡਾ. ਸੰਤੋਖ ਸਿੰਘ ਸੁੱਖੀ, ਕੇ. ਸਾਧੂ ਸਿੰਘ ਤੇ ਜਸਮੇਰ ਸਿੰਘ ਢੱਟ ਨੇ ਲੋਕ ਅਰਪਣ ਕੀਤੀਆਂ।

ਇਨ੍ਹਾਂ ਪੁਸਤਕਾਂ ਦੀ ਸਿਰਜਣ ਪ੍ਰਕ੍ਰਿਆ ਬਾਰੇ ਗੱਲ ਕਰਦਿਆਂ ਬੀਬੀ ਸੁਰਜੀਤ ਕੌਰ ਨੇ ਕਿਹਾ ਕਿ 'ਪੰਜ ਆਬਾਂ ਦੀ ਜਾਈ' ਤੇ 'ਇੱਕ ਬੂੰਦ ਸਵਾਂਤੀ' ਮਗਰੋਂ ਇਨ੍ਹਾਂ ਦੋਵਾਂ ਪੁਸਤਕਾਂ ਦੀ ਸਿਰਜਣਾ ਮੇਰੇ ਲਈ ਇਲਹਾਮ ਵਾਂਗ ਹੈ। ਪਰਦੇਸ ਬੈਠਿਆਂ ਆਪਣੇ ਆਪ ਨਾਲ ਗੁਫ਼ਤਗੂ ਕਰਨ ਲਈ ਵੱਧ ਸਮਾਂ ਮਿਲ ਜਾਂਦਾ ਹੈ, ਇਸੇ ਕਰਕੇ ਕਾਵਿ ਚਸ਼ਮੇ ਨਿਰੰਤਰ ਵਹਿਣ 'ਚ ਪਏ ਰਹਿੰਦੇ ਹਨ। ਤ੍ਰੈਲੋਚਨ ਲੋਚੀ ਨੇ ਕਿਹਾ ਕਿ ਸਰੋਦੀ ਕਵਿਤਾ ਦੀ ਅਮੀਰੀ ਸਦਕਾ ਮੈਨੂੰ ਬੀਬੀ ਸੁਰਜੀਤ ਕੌਰ ਦੀ ਕਵਿਤਾ ਬੇਹੱਦ ਚੰਗੀ ਲੱਗਦੀ ਹੈ।

ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ ਪਰਦੇਸੀਂ ਵਸਦੇ ਲੇਖਕ ਸਾਡੇ ਲਈ ਅਦਬੀ ਸਫ਼ੀਰ ਹਨ, ਜੋ ਵਕਤ ਦੀ ਤੰਗੀ ਦੇ ਬਾਵਜੂਦ ਸ਼ਬਦ ਸੱਭਿਆਚਾਰ ਲਈ ਸਮਾਂ ਖ਼ਰਚਦੇ ਹਨ। ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਗੁਰਮਤਿ ਗਿਆਨ ਧਾਰਾ ਦੀ ਧਾਰਨੀ ਹੋਣ ਕਾਰਨ ਸ਼ਬਦਾਂ ਨੂੰ ਸੂਤਰਬੱਧ ਕਰਨਾ ਜਾਣਦੀ ਹੈ, ਇਹ ਹੀ ਉਸ ਦੀ ਸ਼ਕਤੀ ਹੈ।

**—ਤ੍ਰੈਲੋਚਨ ਲੋਚੀ**

## ਮਾਤਾ ਤੇਜ ਕੌਰ ਸੰਘੇੜਾ ਯਾਦਗਾਰੀ ਐਵਾਰਡ ਮੁਖਤਾਰ ਗਿੱਲ ਨੂੰ



**ਬਰਨਾਲਾ**—ਸਾਲ 2023 ਦਾ 'ਮਾਤਾ ਤੇਜ ਕੌਰ ਸੰਘੇੜਾ ਯਾਦਗਾਰੀ ਐਵਾਰਡ' ਕਹਾਣੀਕਾਰ ਮੁਖਤਾਰ ਗਿੱਲ ਨੂੰ ਦੇਣ ਦਾ ਫੈਸਲਾ ਕੀਤਾ ਗਿਆ ਹੈ। ਮੁਖਤਾਰ ਗਿੱਲ ਪਿਛਲੇ ਪੰਜ ਦਹਾਕਿਆਂ ਤੋਂ ਸਾਹਿਤ ਦੀ ਸਿਰਜਣਾ ਨਾਲ ਜੁੜੇ ਹੋਏ ਹਨ। ਲੋਕ ਰੰਗ ਸਾਹਿਤ ਸਭਾ ਦੇ ਕਨਵੀਨਰ ਭੋਲਾ ਸਿੰਘ ਸੰਘੇੜਾ ਅਤੇ ਕੋਕਨਵੀਰ ਬਲਦੇਵ ਸਿੰਘ ਰਟੌਲ ਨੇ ਦੱਸਿਆ ਕਿ 2016 ਤੋਂ ਆਰੰਭ ਕੀਤੇ ਗਏ ਇਸ ਐਵਾਰਡ ਵਿਚ ਲੋਈ ਅਤੇ ਸਨਮਾਨ ਪੱਤਰ ਤੋਂ ਬਿਨਾਂ ਨਕਦ ਰਾਸ਼ੀ ਵੀ ਸ਼ਾਮਲ ਹੁੰਦੀ ਹੈ। ਹੁਣ ਤੱਕ ਇਹ ਐਵਾਰਡ ਕਿਰਪਾਲ ਕਜ਼ਾਕ, ਪ੍ਰੇਮ ਗੋਰਖੀ, ਗੁਰਦੇਵ ਸਿੰਘ ਰੁਪਾਣਾ, ਅਤਰਜੀਤ, ਓਮ ਪ੍ਰਕਾਸ਼ ਗਾਸੋ ਅਤੇ ਕਹਾਣੀਕਾਰ ਮੁਖਤਿਆਰ ਸਿੰਘ ਨੂੰ ਦਿੱਤਾ ਜਾ ਚੁੱਕਿਆ ਹੈ। ਇਸ ਫੈਸਲੇ 'ਤੇ ਕਿਰਪਾਲ ਕਜ਼ਾਕ, ਡਾ. ਜੋਗਿੰਦਰ ਸਿੰਘ ਨਿਰਾਲਾ, ਓਮ ਪ੍ਰਕਾਸ਼ ਗਾਸੋ, ਨਛੱਤਰ, ਤਰਸੇਮ, ਬੂਟਾ ਸਿੰਘ ਚੌਹਾਨ, ਤੇਜਾ ਸਿੰਘ ਤਿਲਕ, ਡਾ. ਤਰਸਪਾਲ ਕੌਰ ਅਤੇ ਡਾ. ਹਰਭਗਵਾਨ ਆਦਿ ਨੇ ਖੁਸ਼ੀ ਦਾ ਇਜ਼ਹਾਰ ਕੀਤਾ ਹੈ।

**—ਭੋਲਾ ਸਿੰਘ ਸੰਘੇੜਾ**

## ਲੇਖਕ-ਪਾਠਕ ਸਾਹਿਤ ਸਭਾ ਵੱਲੋਂ ਕੁਲਵੀਰ ਕੌਰ ਜੋਤੀ ਨੂੰ ਸਨਮਾਨ



**ਬਰਨਾਲਾ**—ਸਥਾਨਕ ਲੇਖਕ ਪਾਠਕ ਸਾਹਿਤ ਸਭਾ ਬਰਨਾਲਾ ਵੱਲੋਂ ਆਪਣੇ ਸਾਲਾਨਾ ਯਾਦਗਾਰੀ ਸਨਮਾਨ ਦਾ ਐਲਾਨ ਕਰ ਦਿੱਤਾ ਗਿਆ ਹੈ। ਇਸ ਸੰਬੰਧੀ ਸਭਾ ਦੇ ਜਨਰਲ ਸਕੱਤਰ ਅਮਨਦੀਪ ਸਿੰਘ ਟੱਲੇਵਾਲੀਆ ਅਤੇ ਪ੍ਰੈੱਸ ਸਕੱਤਰ ਮਾਲਵਿੰਦਰ ਸ਼ਾਇਰ ਨੇ ਸਾਂਝੇ ਤੌਰ 'ਤੇ ਜਾਰੀ ਕੀਤੇ ਬਿਆਨ ਵਿਚ ਦੱਸਿਆ ਕਿ ਲੇਖਕ-ਪਾਠਕ ਸਾਹਿਤ ਸਭਾ ਬਰਨਾਲਾ ਆਪਣਾ ਸਾਲਾਨਾ ਯਾਦਗਾਰੀ ਸਮਾਗਮ, ਜੋ ਕਿ ਮਨਜੀਤ ਕੌਰ ਅਤੇ ਤ੍ਰਿਲੋਚਨ ਸਿੰਘ ਦੀ ਯਾਦ ਵਿੱਚ ਕੀਤਾ ਜਾਂਦਾ ਹੈ। ਇਸ ਸਾਲਾਨਾ ਯਾਦਗਾਰੀ ਸਮਾਗਮ ਵਿੱਚ ਇਸ ਵਾਰ ਯਾਦਗਾਰੀ ਸਨਮਾਨ ਕੁਲਵੀਰ ਕੌਰ ਜੋਤੀ ਵਾਸੀ ਕੋਠਾ ਗੁਰੂ ਬਠਿੰਡਾ ਨੂੰ 21 ਅਪ੍ਰੈਲ ਨੂੰ ਦਿੱਤਾ ਜਾਵੇਗਾ। ਇਸ ਸਨਮਾਨ ਵਿਚ ਸਨਮਾਨ ਪੱਤਰ, ਸ਼ਾਲ ਅਤੇ ਨਗਦ ਰਾਸ਼ੀ ਭੇਟ ਕੀਤੀ ਜਾਂਦੀ ਹੈ। ਉਹਨਾ ਦੱਸਿਆ ਕਿ ਸਨਮਾਨਤ ਸਖਸ਼ੀਅਤ ਦੀ ਚੋਣ ਤਿੰਨ ਮੈਂਬਰੀ ਕਮੇਟੀ ਦੀ ਸਿਫਾਰਸ਼ ਦੇ ਅਧਾਰ 'ਤੇ ਕੀਤੀ ਜਾਂਦੀ ਹੈ।

ਦੱਸਿਆ ਜਾਂਦਾ ਹੈ ਕਿ ਇਹ ਯਾਦਗਾਰੀ ਸਨਮਾਨ ਸਭਾ ਦੇ ਸੰਸਥਾਪਕ ਅਤੇ ਪ੍ਰਧਾਨ ਤੇਜਿੰਦਰ ਚੰਡਿਹੋਕ ਅਤੇ ਪਰਵਾਰ ਵੱਲੋਂ ਸਾਲ 2022 ਵਿੱਚ ਆਪਣੇ ਮਾਤਾ-ਪਿਤਾ ਦੀ ਯਾਦ ਵਿੱਚ ਸ਼ੁਰੂ ਕੀਤਾ ਗਿਆ ਹੈ। ਇਹ ਪਹਿਲਾ ਯਾਦਗਾਰੀ ਸਨਮਾਨ ਲੇਖਕ ਚਰਨੀ ਬੇਦਿਲ ਨੂੰ ਅਤੇ ਦੂਜਾ ਪਾਠਕ ਜੁਗਰਾਜ ਚੰਦ ਰਾਏਸਰ ਨੂੰ ਦਿੱਤਾ ਜਾ ਚੁੱਕਾ ਹੈ।

## ਸਾਹਿਤ ਸਭਾ ਦੀ ਚੋਣ ਤੇ ਪੁਸਤਕ ਚਰਚਾ



ਧੂਰੀ-ਦਿਨੋਂ-ਦਿਨ ਖੁਰਦੀਆਂ ਜਾਂ ਖੋਰੀਆਂ ਜਾ ਰਹੀਆਂ ਨੈਤਿਕ ਕਦਰਾਂ-ਕੀਮਤਾਂ ਨੂੰ ਸੰਭਾਲ਼ ਕੇ ਰੱਖਣ ਦਾ ਵਡਮੁੱਲਾ ਦਸਤਾਵੇਜ਼ ਹੈ 'ਮੇਰੀਆਂ ਗੱਲਾਂ ਤੁਹਾਡੇ ਨਾਂ' ਦੀ ਪੁਸਤਕ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਉੱਘੇ ਕਹਾਣੀਕਾਰ ਜਸਵੀਰ ਸਿੰਘ ਰਾਣਾ ਨੇ ਸਥਾਨਕ ਪੰਜਾਬੀ ਸਾਹਿਤ ਸਭਾ ਦੇ ਮਹੀਨਾਵਾਰ ਸਾਹਿਤਕ ਸਮਾਗਮ ਸਮੇਂ ਪ੍ਰਿੰਸੀਪਲ ਸੁਖਜੀਤ ਕੌਰ ਸੋਹੀ ਦੀ ਪਲੇਠੀ ਵਾਰਤਕ ਪੁਸਤਕ 'ਤੇ ਪਰਚਾ ਪੜ੍ਹਦਿਆਂ ਕੀਤਾ।

ਇਹ ਲੋਕ ਅਰਪਣ ਅਤੇ ਸਨਮਾਨ ਸਮਾਰੋਹ ਸਭਾ ਦੇ ਦਫਤਰ ਡਾ. ਰਾਮ ਸਿੰਘ ਸਿੱਧੂ ਯਾਦਗਾਰੀ ਭਵਨ ਵਿਖੇ ਮੂਲ ਚੰਦ ਸ਼ਰਮਾ ਦੀ ਪ੍ਰਧਾਨਗੀ ਹੇਠ ਹੋਇਆ, ਜਿਸ ਵਿੱਚ ਮੁੱਖ ਮਹਿਮਾਨ ਜਸਵੀਰ ਰਾਣਾ ਤੋਂ ਇਲਾਵਾ ਮੈਨੇਜਰ ਜਗਦੇਵ ਸ਼ਰਮਾ, ਸੇਵਾ-ਮੁਕਤ ਸਿੱਖਿਆ ਅਧਿਕਾਰੀ ਹੰਸ ਰਾਜ ਗਰਗ ਅਤੇ ਕਿਸਾਨ ਆਗੂ ਜਰਨੈਲ ਸਿੰਘ ਜਹਾਂਗੀਰ ਨੇ ਵੀ ਇਸ ਪੁਸਤਕ ਨੂੰ ਪੜ੍ਹਨ ਅਤੇ ਸੰਭਾਲਣ ਯੋਗ ਦੱਸਦਿਆਂ ਰੱਜਵੀਂ ਤਾਰੀਫ ਕੀਤੀ। ਸਭਾ ਦੇ ਸਮੁੱਚੇ ਅਹੁਦੇਦਾਰਾਂ ਅਤੇ ਮੈਂਬਰਾਂ ਵੱਲੋਂ ਪ੍ਰਿੰ. ਸੁਖਜੀਤ ਸੋਹੀ ਨੂੰ ਵਧਾਈ ਅਤੇ ਸ਼ੁਭ-ਕਾਮਨਾਵਾਂ ਭੇਟ ਕਰਦਿਆਂ ਸਨਮਾਨਤ ਵੀ ਕੀਤਾ ਗਿਆ ।

ਸਭਾ ਦੀ ਅਗਲੇ ਤਿੰਨ ਸਾਲ ਲਈ ਹੋਈ ਨਵੀਂ ਚੋਣ ਵਿੱਚ ਸਰਬਸੰਮਤੀ ਨਾਲ਼ ਮੂਲ ਚੰਦ ਸ਼ਰਮਾ ਰੰਚਣਾ, ਚਰਨਜੀਤ ਸਿੰਘ ਮੀਮਸਾ ਅਤੇ ਗੁਰਮੀਤ ਸੋਹੀ ਅਲਾਲ ਦੀ ਕ੍ਰਮਵਾਰ ਪ੍ਰਧਾਨ, ਜਨਰਲ ਸਕੱਤਰ ਅਤੇ ਖਜ਼ਾਨਚੀ ਵਜੋਂ ਚੋਣ ਕੀਤੀ ਗਈ। ਸਭਾ ਦੇ ਸੀਨੀਅਰ ਮੈਂਬਰ ਦਰਦੀ ਚੂੰਘਾਂ ਵਾਲ਼ੇ ਸਮੇਤ ਬੀਤੇ ਮਹੀਨੇ ਸਦੀਵੀ ਵਿਛੋੜਾ ਦੇ ਗਏ ਲੇਖਕਾਂ ਅਤੇ ਕਲਾਕਾਰਾਂ ਨੂੰ ਸ਼ਰਧਾ ਸੁਮਨ ਵੀ ਭੇਟ ਕੀਤੇ ਗਏ।

# ਸਮਕਾਲ

## ਕਲਾਕਾਰ ਸਾਹਿਤਕ : ਜਨਵਰੀ-ਮਾਰਚ 2024




ਨਵੇਂ ਸਾਲ ਦੇ ਪਹਿਲੇ ਅੰਕ ਵਿਚ ਸੰਪਾਦਕੀ ਪੰਜਾਬੀ ਰਸਾਲਿਆਂ ਬਾਰੇ ਸਰਕਾਰ ਵੱਲੋਂ ਕਿਸੇ ਠੋਸ ਨੀਤੀ ਤਿਆਰ ਕਰਨ ਅਤੇ ਅਪਣਾਉਣ ਬਾਰੇ ਗੱਲ ਕਰਦੀ ਹੈ। ਪ੍ਰੋ: ਕੁਲਵੰਤ ਸਿੰਘ ਔਜਲਾ ਦੀ ਗ਼ਜ਼ਲ ਨਾਲ ਕਾਵਿ ਮਹਿਫ਼ਲ ਆਰੰਭ ਹੁੰਦੀ ਹੈ ਅਤੇ ਫਿਰ ਸਾਧੂ ਸਿੰਘ ਬੇਦਿਲ, ਡਾ. ਸੁਰਜੀਤ ਖੁਰਮਾ, ਸੁਰਿੰਦਰਪ੍ਰੀਤ ਘਣੀਆਂ, ਸੁਖਦੇਵ ਸਿੰਘ ਔਲਖ, ਮੇਜਰ ਸਿੰਘ ਰਾਜਗੜ੍ਹ, ਸੁਰਿੰਦਰ ਮਕਸੂਦਪੁਰੀ, ਅਰਤਿੰਦਰ ਸੰਧੂ, ਤਰਸਪਾਲ ਕੌਰ ਅਤੇ ਹੋਰ ਸਮਕਾਲੀ ਸ਼ਾਇਰ ਆਪੋ-ਆਪਣੀ ਹਾਜ਼ਰੀ ਲੁਆਉਂਦੇ ਹਨ। ਕਹਾਣੀਆਂ ਵਿਚ ਰੇਤਲਾ (ਨਿਰਮਲ ਜਸਵਾਲ), ਅਚਿੰਤੇ ਬਾਜ਼ (ਤਰਸੇਮ ਸਿੰਘ ਭੰਗੂ), ਗੋਰਖ ਧੰਦਾ (ਜਗਮੀਤ ਸਿੰਘ ਪੰਧੇਰ), ਚੂਹੇ (ਰਾਹੁਲ ਸ੍ਰੀਗਵਾਸਤਵ) ਸ਼ਾਮਿਲ ਹਨ। ਤਰਸਪਾਲ ਕੌਰ ਦਾ ਕਾਵਿ ਚਿੱਤਰ ਵੀ ਹੈ। ਜਾਗਦੇ ਰਹੋ ਬੀ ਓ (ਨਿਰੰਜਨ ਸ਼ਰਮਾ ਸੇਖਾ) ਵੱਲੋਂ ਵਿਅੰਗ, ਕੱਕਾ-ਕਾਂ, ਕੱਕਾ-ਕਬੂਤਰ ਪੈਂਤੀ ਅੱਖਰੀ (ਦਲਵੀਰ ਸਿੰਘ), ਲਿਖਤੁਮ ਜਗਤਾਰ ਗਿੱਲ, ਸੁਭਾਗ ਤੇ ਦੁਰਭਾਗ ਦੀ ਸੁਮੇਲ-ਮਨਜੀਤ ਇੰਦਰਾ (ਸੁਖਮਿੰਦਰ ਰਾਮਪੁਰੀ) ਲੇਖਾਂ ਦੇ ਨਾਲ-ਨਾਲ ਕੁਝ ਰੀਵਿਊ ਵੀ ਪੇਸ਼ ਹਨ। ਪੰਨੇ 106, ਮੁੱਲ 75 ਰੁਪਏ, ਸੰਪਾਦਕ : ਕੰਵਰਜੀਤ ਭੱਠਲ

ਸੰਪਰਕ : ਕਲਾਕਾਰ ਨਿਵਾਸ, ਪੱਤੀ ਰੋਡ ਬਰਨਾਲਾ-148101, ਮੋਬਾ : 93165-16951

## ਆਪਣੀ ਆਵਾਜ਼ : ਫਰਵਰੀ 2024

ਇਸ ਮਾਸਿਕ ਪੱਤਰ ਦੇ ਨਵੇਂ ਸਾਲ ਦੇ ਦੂਜੇ ਅੰਕ ਵਿਚ 'ਆਪਣੀ ਗੱਲ' ਸਿਰਲੇਖ ਹੇਠ ਸੱਚ ਉੱਪਰ ਅਤੇ ਇਸ ਸ਼ਬਦ ਦੇ ਜੀਵਨ ਮੁਖੀ ਪਾਸਾਰ ਬਾਰੇ ਗੱਲ ਕਰਨ ਦਾ ਯਤਨ ਕੀਤਾ ਹੈ। ਸੰਪਾਦਕੀ (ਅੱਜ ਦੀ ਗੱਲ) ਵਿਚ ਪੰਜਾਬ ਦੀ ਇਕ ਅਜਿਹੀ ਜਥੇਬੰਦੀ ਜੋ ਲਗਾਤਾਰ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਯਤਨਸ਼ੀਲ ਹੈ, ਦੀਆਂ ਆ ਰਹੀਆਂ ਚੋਣਾਂ ਸਬੰਧੀ ਸੰਪਾਦਕ ਵੱਲੋਂ ਅਕੈਡਮੀ ਵਿਚ ਪ੍ਰਧਾਨ ਦੇ ਤੌਰ 'ਤੇ ਕੀਤੇ ਕੰਮਾਂ ਵਿਚ ਅਠਾਰਾਂ ਦਾ ਜ਼ਿਕਰ ਕਰਕੇ ਇਸ ਚੋਣ ਵਿਚ ਮੈਂਬਰਾਂ ਤੋਂ ਸਹਿਯੋਗ ਦੀ ਮੰਗ ਕੀਤੀ ਹੈ ਤਾਂ ਕਿ ਰਹਿੰਦੇ ਕੰਮ ਨੇਪਰੇ ਚੜ੍ਹਾਏ ਜਾ ਸਕਣ। ਕਹਾਣੀਕਾਰ ਵਰਿਆਮ ਸਿੰਘ ਸੰਧੂ ਵੱਲੋਂ 'ਨਨਕਾਣੇ ਵਾਲਾ ਗੁਲਾਮ ਨਬੀ ਤੇ ਬੀਬੀ ਫ਼ਜ਼ਲਾਂ' ਸਿਰਲੇਖ ਹੇਠ ਲਿਖੀ ਇਸ ਇਬਾਰਤ ਨੂੰ ਭਾਵੁਕ ਅਤੇ ਭਾਵਨਾਤਮਕ ਰੰਗ ਦਿੱਤੀ ਹੈ। ਇਹ ਉਸ ਦੇ ਪਾਕਿਸਤਾਨੀ ਸਫ਼ਰਨਾਮੇ ਦਾ ਹਿੱਸਾ ਵੀ ਬਣੀ ਸੀ। ਡਾ. ਲਖਵਿੰਦਰ ਸਿੰਘ ਜੌਹਲ ਦਾ ਲੇਖ ਸਾਲ 2023 ਦੀ ਪੰਜਾਬੀ ਕਵਿਤਾ ਦਾ ਵਿਸਥਾਰ ਵਿਚ ਜ਼ਿਕਰ ਕਰਦਾ ਹੈ। ਡਾ. ਜੌਹਲ ਨੂੰ ਇਹ ਬੀਤਿਆ ਸਾਲ ਕਵਿਤਾ ਲਈ ਜ਼ਰਖੇਜ਼ ਜਾਪਦਾ ਹੈ। ਇਸ ਸਾਲ ਭਾਰਤੀ ਸਾਹਿਤ ਅਕਾਦਮੀ ਵੱਲੋਂ ਪੁਰਸਕਾਰ ਪ੍ਰਾਪਤ ਕਿਤਾਬ 'ਮਨ ਦੀ ਚਿਪ' (ਸਵਰਨਜੀਤ ਸਵੀ) ਬਾਰੇ ਡਾ. ਯੋਗ ਰਾਜ ਦਾ ਵਿਸਤ੍ਰਿਤ ਲੇਖ ਵੀ ਹੈ। ਭਾਰਤੀ ਸਾਹਿਤ ਅਕਾਦਮੀ ਵੱਲੋਂ ਪੁਰਸਕਾਰ ਪ੍ਰਾਪਤ ਨਾਵਲਕਾਰ, ਚਿੰਤਕ, ਕਹਾਣੀਕਾਰ ਡਾ: ਜਸਵਿੰਦਰ ਸਿੰਘ ਦੇ ਨਵੇਂ ਛਪੇ ਨਾਵਲ 'ਸੁਰਖ਼ ਸਾਜ਼' ਦਾ ਇਕ ਕਾਂਡ ਵੀ ਹੈ, ਜਿਸ ਤੋਂ ਪਾਠਕ ਨੂੰ ਇਸ ਨਾਵਲ ਨੂੰ ਪੜ੍ਹਨ ਦੀ ਜਗਿਆਸਾ ਪੈਦਾ ਹੁੰਦੀ ਹੈ। ਹਰਦੇਵ ਅਰਸ਼ੀ ਦੀ ਜੀਵਨੀ ਰੋਹੀ ਦਾ ਲਾਲ (ਜਸਪਾਲ ਮਾਨ ਖੇੜਾ) ਦੀ ਅਗਲੀ ਕਿਸ਼ਤ ਵੀ ਹੈ। ਕਿਉਂ ਸੁਣਾਵਾਂ ਫੈਸਲਾ (ਸ਼ਬਦੀਸ਼) ਗੁਲਬੀਨ (ਅਮਰੀਕ ਡੋਗਰਾ), ਜੇ ਤੂੰ ਨਾ ਹੁੰਦਾ (ਗੁਰਮੀਤ ਕੜਿਆਲਵੀ) ਅਤੇ ਹੋਰ ਜਾਣਕਾਰੀ ਭਰਪੂਰ ਲੇਖਾਂ ਦੇ ਨਾਲ-ਨਾਲ ਹਰ ਵਾਰ ਦੀ ਤਰ੍ਹਾਂ ਮਿੰਨੀ ਕਹਾਣੀਆਂ ਵੀ ਸ਼ਾਮਲ ਹੋਈਆਂ ਹਨ। ਕਾਵਿ ਵੰਨਗੀਆਂ ਵੀ ਹਾਜ਼ਰ ਹਨ।




ਪੰਨੇ : 68, ਮੁੱਲ : 50 ਰੁਪਏ, ਸੰਪਾਦਕ : ਲਖਵਿੰਦਰ ਸਿੰਘ ਜੌਹਲ, ਸੰਪਰਕ : 693 ਗੁਰੂ ਤੇਗ ਬਹਾਦਰ ਨਗਰ, ਜਲੰਧਰ-144001, ਮੋ: 94171-94812 ਅਤੇ 98725-49506

*- ਹਰਜਿੰਦਰ ਅਟਵਾਲ (ਡਾ.)*

# ਪਾਠਕਾਂ ਦੇ ਝਰੋਖੇ 'ਚੋਂ

## ਹਰਾ ਇਨਕਲਾਬ ਅਤੇ ਪੰਜਾਬ

11 ਫਰਵਰੀ ਦੇ ਨਵਾਂ ਜ਼ਮਾਨਾ ਵਿਚ ਪੰਜਾਬ ਦੇ ਹਰੇ ਇਨਕਲਾਬ ਦੇ ਨੁਕਸਾਨਾਂ ਦਾ ਜਾਇਜ਼ਾ ਲਿਆ ਹੈ ।ਹਰੀ ਕ੍ਰਾਂਤੀ ਨੇ ਇਕ ਵਾਰ ਤਾਂ ਪੰਜਾਬ ਦੀ ਅਨਾਜ ਦੀ ਕਿਲਤ ਦੂਰ ਕਰ ਦਿੱਤੀ ਹੈ ।ਸਾਨੂੰ ਯਾਦ ਹੈ ਕਿ ਹਰੇ ਇਨਕਲਾਬ ਤੋਂ ਪਹਿਲਾਂ ਕਣਕ ਵਿਦੇਸ਼ਾਂ ਤੋਂ ਆਇਆ ਕਰਦੀ ਸੀ ।ਪੰਜਾਹ-ਸੱਠ ਸਾਲ ਪਹਿਲਾਂ ਹਾਲਤ ਇਹ ਸੀ ਕਿ ਕਣਕ ਬਾਹਰੋਂ ਮੰਗਵਾ ਕੇ ਡੀਪੂਆਂ 'ਤੇ ਭੇਜੀ ਜਾਂਦੀ ਸੀ। ਅਸੀਂ ਆਪਣੇ ਬਚਪਨ ਵਿਚ ਬੋਰੀਆਂ ਲੈ ਕੇ ਰਾਸ਼ਨ ਡਿਪੂਆਂ 'ਤੇ ਆਪਣੀ ਵਾਰੀ ਲੈਣ ਲਈ ਸਵੇਰ ਤੋਂ ਕਤਾਰ ਵਿੱਚ ਲੱਗ ਜਾਂਦੇ ਸੀ। ਅਨਾਜ ਵਿਚ ਦੇਸ਼ ਸਹਿਜੇ-ਸਹਿਜੇ ਆਤਮ ਨਿਰਭਰ ਹੋਇਆ। ਹੁਣ ਗਰੀਬ ਵਰਗ ਨੂੰ ਮੁਫਤ ਆਟਾ-ਦਾਲ ਮਿਲ ਰਿਹਾ ਹੈ। ਸਮੇਂ ਦੀਆਂ ਸਰਕਾਰਾਂ ਆਪਣੇ ਸਿਆਸੀ ਮੁਫਾਦ ਲਈ ਇਸ ਦਾ ਪ੍ਰਚਾਰ ਕਰਦੀਆਂ ਆ ਰਹੀਆਂ ਹਨ। ਇਸ ਅਨਾਜ ਵੰਡ ਦੀ ਪੂਰੀ ਇਸ਼ਤਿਹਾਰਬਾਜ਼ੀ ਕੀਤੀ ਜਾਣ ਲੱਗੀ ਹੈ। ਪੰਜਾਬ ਵਿਚ ਸਮੇਂ-ਸਮੇਂ ਦੀਆਂ ਸਰਕਾਰਾਂ ਗਰੀਬ ਵਰਗ ਨੂੰ ਅਨਾਜ ਦੇਣ ਦੀਆਂ ਭਲਾਈ ਸਕੀਮਾਂ ਚਲਾ ਰਹੀਆਂ ਹਨ। ਖੈਰ ਇਹ ਸਭ ਗੱਲਾਂ ਜੇ ਇਕ ਪਾਸੇ ਰੱਖ ਦੇਈਏ ਤਾਂ ਵੇਖਦੇ ਹਾਂ ਕਿ ਪੰਜਾਬ ਦੇ ਹਰੇ ਇਨਕਲਾਬ ਨੇ ਕਿਸਾਨ ਦੀ ਆਪਣੀ ਹਾਲਤ ਮਾੜੀ ਕਰ ਦਿੱਤੀ ਹੈ। ਕਿਸਾਨ ਪਿਛਲੇ ਲੰਮੇ ਸਮੇਂ ਤੋਂ ਆਪਣੀਆਂ ਜਿਨਸਾਂ ਦੇ ਸਹੀ ਭਾਅ ਲੈਣ ਲਈ ਸੰਘਰਸ਼ ਕਰਦਾ ਆ ਰਿਹਾ ਹੈ। ਦਿੱਲੀ ਵਿਚ ਚੱਲੇ ਕਿਸਾਨ ਅੰਦੋਲਨ ਨੇ ਪਿਛਲੇ ਸਮੇਂ ਵਿਚ ਦੁਨੀਆ ਭਰ ਵਿਚ ਗੂੰਜਾਂ ਪਾ ਦਿੱਤੀਆਂ ਹਨ ।ਅਸਲ ਵਿਚ ਦੁਨੀਆ ਦੇ ਹੋਰ ਦੇਸ਼ਾਂ ਵਿਚ ਵੀ ਖੇਤੀ ਦਾ ਕੰਮ ਪੱਛੜ ਰਿਹਾ ਹੈ । ਕਾਰਪੋਰੇਟ ਘਰਾਣੇ ਲਗਾਤਾਰ ਜ਼ਮੀਨਾਂ ਖਰੀਦ ਕੇ ਉਦਯੋਗ ਲਾ ਰਹੇ ਹਨ ।ਖੇਤੀ ਕਰਨੀ ਹੁਣ ਨੌਜਵਾਨ ਵਰਗ ਦੀ ਤਰਜੀਹ ਨਹੀਂ ਰਹਿ ਗਈ। ਕਾਰਨ ਇਹ ਹੈ ਕਿ ਖੇਤੀ ਖਰਚ ਐਨੇ ਵਧ ਗਏ ਹਨ ਕਿ ਕਿਸਾਨ ਆਪਣੀਆਂ ਲੋੜਾਂ ਖੇਤੀ ਵਿਚੋਂ ਪੂਰੀਆਂ ਨਹੀਂ ਕਰ ਸਕਦੇ ।ਕਣਕ ਹੀ ਨਹੀਂ, ਲੱਗਭੱਗ ਸਾਰੀਆਂ ਜਿਨਸਾਂ 'ਤੇ ਖਰੀਦ ਤੇ ਵਿਕਰੀ ਵਿਚ ਸੰਤੁਲਿਨ ਨਹੀਂ ਰਿਹਾ । ਮੇਰੇ ਇਲਾਕੇ ਅਬੋਹਰ-ਫਾਜ਼ਿਲਕਾ ਵਿਚ ਇਸ ਸਾਲ ਕਿੰਨੂ ਦੀ ਵਿਕਰੀ ਤੋਂ ਕਿਸਾਨ ਪ੍ਰੇਸ਼ਾਨ ਹੈ ਤੇ ਜੱਦੋ-ਜਹਿਦ ਕਰ ਰਿਹਾ ਹੈ। ਕਿਸਾਨ ਦੀ ਹਰੇਕ ਕਿਸਮ ਦੀ ਪ੍ਰੇਸ਼ਾਨੀ ਦੂਰ ਕਰਨ ਦੀ ਵੱਡੀ ਲੋੜ ਹੈ। ਲਾਲ ਸਿੰਘ ਦੀ ਕਹਾਣੀ ਬਹੁਤ ਲੰਮੀ ਹੈ। ਬੱਝਵਾਂ ਪ੍ਰਭਾਵ ਨਹੀਂ ਪੈਂਦਾ । ਪਾਤਰ ਵੀ ਵੱਖਰੇ ਜਿਹੇ ਲੱਗੇ ਹਨ ।ਪੂਰੀ ਤਰ੍ਹਾਂ ਨਿੱਠ ਕੇ ਪੜ੍ਹਨ ਵਾਲੀ ਹੈ। 'ਲੋਕਾਂ ਦੀ ਗੱਲ' ਵਿਚ ਲੇਖਕ ਤੇ ਕਾਲਮਨਵੀਸ ਨੇ ਖੇਤ ਮਜ਼ਦੂਰ ਤੇ ਕਾਰਖਾਨਿਆਂ ਵਿਚ ਕੰਮ ਕਰਦੇ ਕਾਮਿਆਂ ਦੇ ਆਪੋ-ਆਪਣੇ ਸੰਘਰਸ਼ ਦੀ ਗੱਲ ਕੀਤੀ ਹੈ। ਅਸਲ ਵਿਚ ਦੋਨੋਂ ਕਿਸਮ ਦੇ ਮਜ਼ਦੂਰਾਂ/ਕਾਮਿਆਂ ਦੀ ਕੰਮ ਦੀ ਸਥਿਤੀ ਤੇ ਮਾਲਕ ਦੀਆਂ ਲੋੜਾਂ ਵੱਖ-ਵੱਖ ਹਨ । ਰੋਟੀ, ਕੱਪੜਾ, ਮਕਾਨ ਦੋਨੋਂ ਕਿਸਮ ਦੇ ਕਾਮਿਆਂ ਦੀ ਸਾਂਝੀ ਲੋੜ ਹੈ। ਇਸ ਲਈ ਇਨ੍ਹਾਂ ਦੀ ਪੂਰਤੀ ਜ਼ਰੂਰੀ ਹੈ, ਪਰ ਸਰਕਾਰਾਂ ਨੇ ਹਮੇਸ਼ਾ ਹੀ ਕਾਮਿਆਂ ਵਿਚ ਫੁੱਟ ਪਾ ਕੇ ਮੁਕਾਬਲੇ ਦੀਆਂ ਜਥੇਬੰਦੀਆਂ ਖੜੀਆਂ ਕੀਤੀਆਂ ਹਨ ।ਮੁਲਾਜ਼ਮਾਂ ਦੇ ਏਕੇ ਵਿਚ ਵੀ ਫੁੱਟ ਇਸ ਕਦਰ ਪਾ ਦਿੱਤੀ ਹੈ ਕਿ ਮੁਲਾਜ਼ਮ ਰੋਜ਼ ਸੰਘਰਸ਼ ਕਰਦੇ ਵੇਖੇ ਜਾ ਸਕਦੇ ਹਨ। ਪੈਨਸ਼ਨਰ ਵੀ ਸਰਕਾਰਾਂ ਤੋਂ ਖੁਸ਼ ਨਹੀਂ ਹਨ। ਪੈਨਸ਼ਨਰ ਬਜ਼ੁਰਗ ਅਵਸਥਾ ਵਿਚ ਸੜਕਾਂ 'ਤੇ ਰੁਲਣ, ਇਹ ਕਿਸੇ ਵੀ ਤਰ੍ਹਾਂ ਸ਼ੋਭਾ ਵਾਲੀ ਗੱਲ ਨਹੀਂ ਹੈ। ਖੈਰ ਇਹ ਸਾਡੇ ਲੋਕਤੰਤਰ ਦੇ ਕਮਜ਼ੋਰ ਹੋਣ ਦੀ ਨਿਸ਼ਾਨੀ ਹੈ ।ਰਾਜਿੰਦਰ ਸਿੰਘ ਰਾਜਨ ਦੀਆਂ ਨਿੱਕੀਆਂ ਕਵਿਤਾਵਾਂ ਬਹੁਤ ਭਾਵਪੂਰਤ ਹਨ। ਕਿਤਾਬ ਧਰਤੀ ਪੰਜ ਦਰਿਆਈ ਵਿਚ ਦੇਸ਼ ਦੇ ਇਤਿਹਾਸ ਦਾ ਜ਼ਿਕਰ ਹੈ। ਮਹਾਰਾਜਾ ਰਣਜੀਤ ਸਿੰਘ ਦੇ ਸਾਂਝੇ ਰਾਜ (ਲੇਖਕ ਡਾ. ਮੁਹੰਮਦ ਸ਼ਫੀਕ) ਦਾ ਸਮੀਖਿਆ ਲੇਖ ਛਾਪਣ ਦਾ ਬਹੁਤ ਧੰਨਵਾਦ । ਡਾ. ਅਮਰ ਕੋਮਲ ਦੇ ਲਿਖੇ ਦੋ ਕਿਤਾਬਾਂ ਦੇ ਰੀਵਿਊ ਪੜ੍ਹ ਕੇ ਬਹੁਤ ਖੁਸ਼ੀ ਹੋਈ। ਡਾ. ਸਾਹਿਬ ਬਹੁਤ ਘੱਟ ਸ਼ਬਦਾਂ ਵਿਚ ਕਿਤਾਬ ਦੀ ਚੰਗੀ ਜਾਣਕਾਰੀ ਦੇ ਜਾਂਦੇ ਹਨ। ਡਾ. ਦੀਪਤੀ ਦਾ ਕਾਲਮ ਵੀ ਦਿਲਚਸਪੀ ਨਾਲ ਪੜ੍ਹਿਆ । ਡਾ. ਦੀਪਤੀ ਬਹੁਤ ਸੰਸਥਾਵਾਂ ਨਾਲ ਜੁੜ ਕੇ ਸਮਾਜ ਦੀ ਸੇਵਾ ਕਰ ਰਹੇ ਹਨ । ਡਾ. ਦੀਪਤੀ ਸਾਹਿਤ ਤੇ ਸਿਹਤ ਪ੍ਰਤੀ ਬਹੁਤ ਮਾਣਯੋਗ ਸੇਵਾਵਾਂ ਦੇ ਰਹੇ ਹਨ। ਡਾ. ਦਰਸ਼ਨ ਸਿੰਘ ਆਸ਼ਟ ਨੂੰ ਉਨ੍ਹਾਂ ਦੀਆਂ ਕਿਤਾਬਾਂ ਦੇ ਨਵੇਂ ਸੰਸਕਰਣ ਛਪਣ ਦੀ ਮੇਰੀ ਵੱਲੋਂ ਮੁਬਾਰਕਾਂ ।

**—ਗੁਰਮੀਤ ਸਿੰਘ ਫਾਜ਼ਿਲਕਾ**

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

**ਚੰਦਰ ਸ਼ੇਖਰ ਆਜ਼ਾਦ ਦੇ ਮਾਤਾ ਜੀ : ਬਨਾਰਸੀ ਦਾਸ ਚਤੁਰਵੇਦੀ**

**ਮੇਰਾ ਸਾਹਿਤਕ ਸਫ਼ਰ : ਬਲਬੀਰ ਮਾਧੋਪੁਰੀ**

**'ਹੀਰੇ ਬੰਦੇ' ਦੀ ਪਰਖ ਪੜਚੋਲ : ਪ੍ਰਿੰ. ਸਰਵਣ ਸਿੰਘ**

**ਕੁਲਵਿੰਦਰ ਕੌਸ਼ਲ ਦੀਆਂ ਮਿੰਨੀ ਕਹਾਣੀਆਂ ਤੇ ਹੋਰ ਬਹੁਤ ਕੁਝ**

18-Feb-Sunday.qxd 2/17/2024 10:14 PM Page 3



*21 ਫ਼ਰਵਰੀ ਨੂੰ ਅਸੀਂ ਸਾਰੇ ਆਲਮੀ ਮਾਂ-ਬੋਲੀ ਦਿਵਸ ਮਨਾਉਣ ਜਾ ਰਹੇ ਹਾਂ। ਮਾਂ-ਬੋਲੀ ਅਤੇ ਉਸ ਦੇ ਮਹੱਤਵ ਬਾਰੇ ਇਸ ਦਿਨ ਅਨੇਕ ਸਮਾਗਮ/ਮਾਰਚ ਰਚਾਏ ਜਾ ਰਹੇ ਹਨ। ਅਸੀਂ ਐਤਵਾਰਤਾ ਦੇ ਇਸ ਅੰਕ ਵਿੱਚ ਖੇਤਰੀ ਭਾਸ਼ਾਵਾਂ ਦੇ ਮਹੱਤਵ ਨੂੰ ਧਿਆਨ ਵਿੱਚ ਰੱਖਦੇ ਹੋਏ ਵੱਖ-ਵੱਖ ਭਾਸ਼ਾਵਾਂ ਵਿੱਚੋਂ ਇੱਕ-ਇੱਕ ਕਾਵਿ ਵੰਨਗੀ ਲੈ ਕੇ ਉਸ ਦਾ ਪੰਜਾਬੀ ਰੂਪ ਪਾਠਕਾਂ ਅੱਗੇ ਪਰੋਸਣ ਦਾ ਯਤਨ ਕੀਤਾ ਹੈ। ਇਨ੍ਹਾਂ ਸਾਰੀਆਂ ਕਾਵਿ ਵੰਨਗੀਆਂ ਵਿੱਚ ਇੱਕ ਸਾਂਝਾ ਸੂਤਰ ਇਹ ਹੈ ਕਿ ਇਹ ਸਮਕਾਲੀ ਵਰਤਾਰਿਆਂ ਦੀ ਅੱਖ ਵਿੱਚ ਅੱਖ ਪਾ ਕੇ ਗੱਲ ਕਰਨ ਦੀ ਜੁਰਅਤ ਕਰਦੀਆਂ ਹਨ। ਵਰਤਾਰਿਆਂ ਵਿਚਲੀ ਕਾਣ ਦੀ ਪੇਸ਼ਕਾਰੀ ਹੀ ਇਨ੍ਹਾਂ ਦਾ ਹਾਸਲ ਬਣਦੀ ਹੈ। ਵੱਖ-ਵੱਖ ਭੂਗੋਲਿਕ ਖਿੱਤਿਆਂ ਵਿੱਚ ਬੈਠੇ ਲੋਕ ਕਿਵੇਂ ਇੱਕ ਹੀ ਤਰ੍ਹਾਂ ਸੋਚਦੇ ਅਤੇ ਵਰਤਾਰਿਆਂ ਦਾ ਵਿਰੋਧ ਕਰਦੇ ਹਨ, ਇਹ ਤੱਥ ਪਾਠਕ ਨੂੰ ਸੋਚਣ ਲਈ ਮਜਬੂਰ ਕਰੇਗਾ ਅਤੇ ਪਾਠਕ ਦੀ ਬਣਦੀ ਭੂਮਿਕਾ ਲਈ ਵੀ ਉਸ ਨੂੰ ਉਕਸਾਏਗਾ, ਅਜਿਹੀ ਸਾਡੀ ਉਮੀਦ ਹੈ। ਇਨ੍ਹਾਂ ਦਾ ਪੰਜਾਬੀ ਰੂਪ ਤਰਸੇਮ ਹੁਰਾਂ ਨੇ ਕੀਤਾ ਹੈ, ਜਿਨ੍ਹਾਂ ਦਾ ਪੰਜਾਬੀ ਗ਼ਜ਼ਲ, ਕਵਿਤਾ, ਬਾਲ ਲੇਖਣੀ ਅਤੇ ਅਨੁਵਾਦ ਦੇ ਖੇਤਰ ਵਿੱਚ ਜ਼ਿਕਰਯੋਗ ਕਾਰਜ ਹੋਣ ਕਰਕੇ ਪਾਠਕ ਉਨ੍ਹਾਂ ਤੋਂ ਭਲੀ-ਭਾਂਤ ਵਾਕਿਫ਼ ਹਨ। ਸੋ ਮਾਂ-ਬੋਲੀ ਦਿਵਸ ਨੂੰ ਸਮਰਪਿਤ ਹੈ ਸਾਡਾ ਇਹ ਇੱਕ ਉਪਰਾਲਾ।*

*- ਸੰਪਾਦਕ*

# ਵਿਭਿੰਨ ਭਾਸ਼ਾਵਾਂ ਦੀਆਂ ਪ੍ਰਤੀਨਿਧ ਕਵਿਤਾਵਾਂ

**ਚੋਣ ਅਤੇ ਅਨੁਵਾਦ : ਤਰਸੇਮ**

## ਮੰਨਣਾ (ਉਰਦੂ)

ਸੱਚ ਤਾਂ ਇਹ ਹੈ
ਕਸੂਰ ਆਪਣਾ ਹੈ
ਚੰਦਰਮਾ ਨੂੰ ਛੋਹਣ ਦੀ ਇੱਛਾ ਕੀਤੀ
ਆਸਮਾਨ ਨੂੰ ਧਰਤੀ 'ਤੇ ਚਾਹਿਆ
ਫੁੱਲ ਸੋਚਿਆ ਕਿ ਪੱਥਰਾਂ 'ਤੇ ਖਿੜੇ
ਕੰਡਿਆਂ 'ਚ ਕੀਤੀ ਭਾਲ ਖ਼ੁਸ਼ਬੂ ਦੀ
ਅੱਗ ਤੋਂ ਮੰਗਦੇ ਰਹੇ ਠੰਡਕ
ਸੁਪਨਾ ਜੋ ਦੇਖਿਆ
ਚਾਹਿਆ ਸੱਚ ਹੋ ਜਾਵੇ
ਇਸ ਦੀ ਮੈਨੂੰ ਸਜ਼ਾ ਤਾਂ ਮਿਲਣੀ ਸੀ

**— ਜਾਵੇਦ ਅਖ਼ਤਰ**

## ਭਲਾ ਆਦਮੀ (ਅਸਮੀ)

ਭਲੇ ਆਦਮੀ ਨੂੰ ਮਿਲ ਕੇ
ਤਕਲੀਫ਼ ਹੁੰਦੀ ਐ ਇਹ ਸੋਚ ਕੇ
ਕਿ ਉਸ ਦੇ ਅਸੀਮ ਦੁੱਖ ਹੁੰਦੇ ਨੇ
ਭਲੇ ਆਦਮੀ ਨੂੰ ਮਿਲਣ 'ਤੇ
ਗਲਵੱਕੜੀ ਪਾ ਲੈਂਦਾ ਹਾਂ, ਮਹਿਸੂਸਦਾ ਹਾਂ
ਕਿ ਉਹ ਕਿੰਨਾ ਡੁੱਬੇਗਾ,
ਰੁਕ-ਰੁਕ ਕੇ ਦੇਖਦਾ ਰਹਿੰਦਾ ਹਾਂ
ਉਸ ਦੇ ਦੋ ਬੁੱਲ੍ਹ ਜਿਨ੍ਹਾਂ ਨੂੰ ਚੁੱਪ ਕਰਾਇਆ ਜਾਏਗਾ
ਬੇਰਹਿਮ ਧੋਖੇ ਨਾਲ
ਅਤੇ ਦਬ ਲੈਂਦਾ ਹਾਂ ਉਸ ਦਾ ਹੱਥ
ਜੋ ਭਰੇ ਹੋਏ ਨੇ
ਸੌਖਿਆਂ ਭਿੱਜੇ ਅਣਗਿਣਤ ਗਲਤੀਆਂ ਦੇ ਦਾਗਾਂ ਨਾਲ
ਭਲੇ ਆਦਮੀ ਨੂੰ ਮਿਲ ਕੇ ਦੁੱਖ ਹੁੰਦਾ ਹੈ
ਕਿਉਂਕਿ ਉਨੀਂਦਰਾ ਸ਼ਿਕਾਰ ਕਰਦੈ ਉਸ ਦਾ
ਉਸ ਨੂੰ ਦੰਦ ਦਾ ਦਰਦ ਬਹੁਤਾ ਹੁੰਦਾ ਹੈ
ਭਲੇ ਆਦਮੀ ਦੇ ਘਰ ਦੇ ਬੱਚੇ
ਪ੍ਰੇਸ਼ਾਨ ਕਰਦੇ ਨੇ ਬਹੁਤ
ਉਸ ਦੇ ਗੁਆਂਢੀ ਹੁੰਦੇ ਨੇ ਲੜਾਕੂ, ਹਿੰਸਕ
ਡਰਾਈਵਰ ਉਸ ਨੂੰ ਠੱਗਦਾ ਹੈ
ਨੌਕਰ ਉਸ ਨੂੰ ਤੰਗ ਕਰਦੈ
ਭਲਾ ਆਦਮੀ ਖਰੀਦਦਾਰੀ ਕਰਨਾ ਨਹੀਂ ਜਾਣਦਾ
ਖਰੀਦ ਲਿਆਉਂਦੈ ਸੜੇ ਹੋਏ ਆਲੂ
ਤਾਕ 'ਚ ਰਹਿੰਦੇ ਫੜਨ ਲਈ ਉਸ ਨੂੰ
ਘਾਟ ਨਾਂਅ ਦਾ ਇੱਕ ਰਾਖ਼ਸ਼
ਭਲਾ ਆਦਮੀ ਫੌਰਨ ਮਰ ਜਾਂਦਾ ਹੈ
ਜਾਂ ਜਿਉਂਦਾ ਰਹਿੰਦਾ ਹੈ ਮਰ-ਮਰ ਕੇ
ਭਲੇ ਆਦਮੀ ਨੂੰ ਮਿਲ ਕੇ ਚੰਗਾ ਲਗਦੈ
ਇਹ ਸੋਚ ਕੇ ਕਿ
ਉਹੀ ਹੱਸ ਸਕਦਾ ਹੈ
ਧਰਤੀ ਦੀ ਸਭ ਤੋਂ ਸੋਹਣੀ ਹਾਸੀ

**— ਨੀਲਿਮ ਕੁਮਾਰ**

## ਤਰਦਾ ਟਾਪੂ (ਅੰਗਰੇਜ਼ੀ)

ਝੁਕਿਆ ਪਹਾੜ
ਮੇਰੇ ਤੱਕ ਪਹੁੰਚਣ ਦੀ ਕੋਸ਼ਿਸ਼ 'ਚ ਹੈ
ਖਿੱਚ ਲਿਆਇਆ ਖੁਦ ਨੂੰ ਪਾਣੀ ਤੱਕ
ਓ ਪਿਆਰੇ, ਤੁਰ ਨਾ ਜਾਈਂ
ਰੁਕ, ਬੈਠ ਮੇਰੇ ਮੋਢੇ 'ਤੇ
ਕਿਤੇ ਡੂੰਘੇ ਮੇਰੇ ਅੰਦਰ
ਇੱਕ ਔਰਤ ਸੁੱਤੀ ਹੈ
ਮੇਰੇ ਸਿਰਹਾਣੇ 'ਤੇ ਰੱਖੀ ਆਪਣੀਆਂ ਗੱਲ੍ਹਾਂ
ਚਮਕੀਲੇ ਸੁਪਨਿਆਂ ਨਾ ਭਰੀ
ਗਰਮੀਆਂ ਦੇ ਪੰਛੀ
ਬਣਾ ਰਹੇ ਨੇ ਆਲ੍ਹਣਾ ਉਸ ਦੀ ਛਾਤੀ 'ਚ
ਕੌਣ ਜਾਣਦਾ ਹੈ ਇਹ ਚੱਕਰਵਾਤੀ ਵਹਾਅ
ਕਿਸ ਪਾਸੇ ਮੁੜੇਗਾ
ਅਲਵਿਦਾ, ਆਸਮਾਨ 'ਤੇ ਟਿਕੇ ਅਣਦੇਖੇ ਪਰਬਤ
ਜਦ ਦਿਨ ਸੁੰਗੜ ਜਾਂਦਾ ਹੈ
ਮੇਰਾ ਮਨ ਜੁੜ ਜਾਂਦਾ ਹੈ
ਪਾਣੀ 'ਚ ਜੀਵਨ ਨਾਲ
ਬਹੁਤ ਡੂੰਘੇ ਸਮੁੰਦਰ ਦੀ ਹਰਿਆਵਲ 'ਚ
ਦਿਲ ਦੀ ਧੜਕਣ 'ਤੇ ਮਚਲ
ਉਠਦੀ ਹੈ ਕਮਲ ਚੁਭੋਂਦੀ ਹੋਈ ਜਿਹੀ
ਤਿੱਖੀਆਂ ਮੱਛੀਆਂ ਦੀ ਤਰ੍ਹਾਂ
ਅਤੇ ਉਹ ਔਰਤ ਹੱਸਦੀ ਹੈ
ਹੱਸੀ ਜਾਂਦੀ ਹੈ...

**— ਮੰਗਾਂਗ ਦੇਈ**

## ਭੁੱਖ (ਸੰਸਕ੍ਰਿਤ)

ਤੇ ਸ਼ਾਸਤਰਾਂ ਦੇ ਰਚੈਤਾ
ਕਿਉਂ ਨਾ ਲਿਖਿਆ
ਭੁੱਖ ਦਾ ਕੋਈ ਸ਼ਾਸਤਰ
ਜੇ ਲਿਖਦਾ ਤਾਂ ਪਤਾ ਲਗਦਾ ਤੈਨੂੰ
ਕਿੰਨੀ-ਕਿੰਨੀ ਤਰ੍ਹਾਂ ਦੀਆਂ
ਹੁੰਦੀਆਂ ਨੇ ਭੁੱਖਾਂ
ਹਜ਼ਾਰਾਂ ਹੱਥਾਂ ਵਾਲੀਆਂ
ਹਜ਼ਾਰਾਂ ਪੈਰਾਂ ਵਾਲੀਆਂ
ਹਜ਼ਾਰਾਂ ਢਿੱਡਾਂ ਵਾਲੀਆਂ
ਉਤਰ ਜਾਂਦੀ ਹੈ ਜਦ
ਕਿਸੇ ਦੀ ਦੇਹ 'ਚ ਤਾਂ
ਉਥੇ ਰੋਮਾਂਚ ਨਹੀਂ ਹੁੰਦਾ
ਹੁੰਦਾ ਹੈ ਤਾਂ ਹੱਥ ਅੱਡਣਾ
ਸਿਰਫ਼ ਹੱਥ ਅੱਡਣਾ

**— ਡਾ. ਕੌਸ਼ਲ ਤਿਵਾੜੀ**

## ਮੋਮਬੱਤੀ ਅਤੇ ਮਸ਼ਾਲ (ਸਿੰਧੀ)

ਮੋਮਬੱਤੀ ਬੇਸ਼ੱਕ ਦਿੰਦੀ ਹੈ ਰੋਸ਼ਨੀ
ਮਿਟਾਉਂਦੀ ਹੈ ਨ੍ਹੇਰਾ
ਪਰ ਇਹ ਤਾਂ ਤੁਸੀਂ ਵੀ ਮੰਨੋਗੇ
ਇਕ ਫੂਕ ਨਾਲ ਹੀ ਬੁਝ ਜਾਂਦੀ ਹੈ
ਜੇ ਤੁਸੀਂ ਵੀ ਚਾਹੁੰਦੇ ਹੋ
ਰੋਸ਼ਨੀ ਦਾ ਦਾਇਰਾ ਅਤੇ ਦੌਰ ਵੀ ਵਧੇ
ਹਨੇਰਾ ਹਾਰ ਜਾਏ
ਅਤੇ ਚਾਨਣ ਨੂੰ ਮਿਟਾਉਣ ਦਾ
ਉਸ ਦਾ ਮਨਸੂਬਾ
ਕਾਮਯਾਬ ਨਾ ਹੋ ਪਾਏ
ਤਾਂ ਹੱਥਾਂ 'ਚ ਮੋਮਬੱਤੀ ਨਹੀਂ
ਚੁੱਕ ਲਉ ਮਸ਼ਾਲ
ਮਸ਼ਾਲ 'ਚ ਰੋਸ਼ਨੀ ਦੇ ਨਾਲ
ਹੈ ਅੱਗ ਵੀ
ਜੋ ਨਾ ਸਿਰਫ਼ ਦਿਖਾਉਂਦੀ ਹੈ ਰਾਹ
ਕਰਦੀ ਹੈ ਕੰਮ
ਦੁਸ਼ਮਣ ਨੂੰ ਡਰਾਉਣ ਦਾ ਵੀ
ਉਨ੍ਹਾਂ 'ਚ ਡਰ ਦਾ ਸੰਚਾਰ
ਤੁਹਾਡੀ ਜਿੱਤ ਦੀ ਪਹਿਲੀ ਪੌੜੀ ਹੈ
ਹਾਂ, ਤੁਸੀਂ ਮੋਮਬੱਤੀ ਤੋਂ
ਮਸ਼ਾਲ ਜਲਾਉਣ ਦਾ ਕੰਮ ਲੈ ਸਕਦੇ ਹੋ

**— ਹਰੀਸ਼ ਕਰਮਚੰਦਾਨੀ**

## ਸਿਲਸਿਲਾ (ਹਿੰਦੀ)

ਕਿਤੇ ਕੋਈ ਤਰਤੀਬ ਨਹੀਂ
ਉਹ ਜੋ ਇੱਕ ਬੁਝਦਾ ਹੋਇਆ ਜਿਹਾ ਕੋਲਾ ਹੈ
ਫੂਕ ਮਾਰਦੇ ਰਹਿਣਾ ਉਸ 'ਤੇ
ਹਰ ਵਾਰ ਸੁਆਹ ਉੱਡਣ ਨਾਲ
ਜਿਸ ਤੋਂ ਭਵਾਂ ਨਹੀਂ ਅੱਖਾਂ ਨੂੰ ਬਚਾਉਣਾ ਹੈ
ਉਹ ਥੋੜ੍ਹਾ ਧੁਖੇਗਾ
ਸੜ ਕੇ ਛੋਟਾ ਹੁੰਦਾ ਜਾਏਗਾ
ਪਰ ਕੋਈ ਚਾਰਾ ਨਹੀਂ ਫੂਕਾਂ ਮਾਰਦੇ ਰਹਿਣ ਦੇ ਸਿਵਾਏ
ਤਾਂ ਕਿ ਜਦ ਨਾ ਬਚੇ ਸਾਹ
ਫਿਰ ਵੀ ਉਹ ਕੁਝ ਦੇਰ ਤੱਕ ਸੁਲਗੇ
ਉਸ 'ਤੇ ਉਭਰ ਆਈ ਰਾਖ ਨੂੰ
ਇੱਕ ਵਾਰ ਤਾਂ ਸ਼ੱਕ ਹੋਵੇ
ਪਲ ਕੁ ਤੇਰੇ ਸਾਹ ਦਾ
ਅੰਗਿਆਰੇ ਨੂੰ ਇਕ ਪਲ ਆਸ ਬੱਝੇ
ਫੇਰ ਸੁਲਗਣ ਦੀ
ਏਨਾ ਵਕਫ਼ਾ ਕਾਫ਼ੀ ਹੈ
ਕਿ ਅਚਾਨਕ ਕੋਈ ਹੋਰ ਸਾਹ
ਜਾਰੀ ਰੱਖੇ ਇਹ ਸਿਲਸਿਲਾ

**— ਵਿਸ਼ਣੂ ਖਰੇ**

## ਸਭ ਬੰਦੂਕਾਂ ਸੜ ਜਾਣ (ਕੰਨੜ)

ਬੰਦੂਕ 'ਚੋਂ ਨਿਕਲੀ ਹਰ ਗੋਲੀ
ਜੁਆਬ ਦੇਣ ਲਈ ਹੀ ਨਿਕਲਦੀ ਹੈ
ਸੁਆਲਾਂ ਨੂੰ ਛੱਡ ਕੇ
ਹਰ ਗੋਲੀ ਹਰ ਸੁਆਲ
ਸੁਆਲ ਨੂੰ ਸੁਆਲ ਹੀ ਜੁਆਬ
ਓ ਸਮਿਆਂ
ਇਸ ਸੰਸਾਰ 'ਚ
ਇੱਕੋ-ਇਕ ਅਜਿਹੀ
ਗੋਲ਼ੀ ਦਾਗ ਦੇ
ਜਿਸ ਨਾਲ ਇਸ ਲੋਕ ਦੀਆਂ
ਸਾਰੀਆਂ ਬੰਦੂਕਾਂ
ਸੜ ਕੇ ਸੁਆਹ ਹੋ ਜਾਣ

**— ਪੀਰ ਬਾਸ਼ਾ**

## ਚਾਕੂ (ਗੁਜਰਾਤੀ)

ਮੈਨੂੰ ਜਰ ਨਾ ਲੱਗੇ
ਅਤੇ ਧਾਰ ਤਿੱਖੀ ਰਹੇ
ਇਸ ਦਾ ਫ਼ਿਕਰ ਉਹ ਕਰਦੇ ਰਹਿੰਦੇ ਨੇ
ਪਰ ਆਪਣੀਆਂ ਸਿਮਰਤੀਆਂ
ਅਤੇ ਸੰਵੇਦਨਾਵਾਂ ਨੂੰ ਮਾਂਜਦੇ ਨਹੀਂ
ਹਰ ਚੀਜ਼ ਦੇ ਅਨੁਸਾਰੀ ਹੋਣ ਦੇ ਵਰ ਦਾ
ਉਹ ਇਸ਼ਤਿਹਾਰ ਨਹੀਂ ਬਣਦੇ
ਅਤੇ ਇਸ ਨੂੰ ਭੁੱਲਦੇ ਵੀ ਨਹੀਂ
ਮੈਂ
ਧਰਮ ਦੀ ਮਹਾਂ ਪਾਠਸ਼ਾਲਾ
ਇਹ ਸਭ ਜਾਣਦੀ ਹਾਂ
ਅਤੇ ਇਹ ਵੀ ਕਿ
ਮੈਥੋਂ ਉਹ ਸ਼ਾਂਤ ਚਿੱਤ ਹੋਣ ਦੀ
ਨਸੀਹਤ ਸਿੱਖਦੇ ਨੇ
ਮੇਰੀ ਹੀ ਤਰ੍ਹਾਂ
ਉਹ ਲੋਕ ਸੁੱਖ-ਦੁੱਖ ਤੋਂ ਪਰੇ ਨੇ...

**- ਸੰਜੂ ਬਾਲਾ**

## ਕੋਨੇ (ਡੋਗਰੀ)

ਹਲ ਦਾ ਫਾਲਾ ਪੈਨਾ
ਜੂਲਾ ਮਜ਼ਬੂਤ
ਬਲਦ ਤਕੜੇ ਹੋਣ
ਤਾਂ ਵੀ ਵਾਹੀ ਕਰਦਿਆਂ
ਕੋਨੇ ਰਹਿ ਜਾਂਦੇ ਨੇ
ਇਨ੍ਹਾਂ ਦੀ ਗੁੜਾਈ ਕਰਕੇ
ਜੋ ਇਨ੍ਹਾਂ ਨੂੰ
ਵਾਹੇ ਗਏ ਖੇਤ 'ਚ ਮਿਲਾ ਲੈਂਦਾ ਹੈ
ਉਸ ਕਿਸਾਨ ਤੋਂ ਸਿੱਖੋ
ਫੌੜੇ ਬਿਨਾ ਕੋਈ ਵੀ ਸਿਰਜਣਾ ਪੂਰੀ ਨਹੀਂ ਹੁੰਦੀ

**— ਕੁਲਦੀਪ ਕਿੱਪੀ**

## ਹੋਰ ਹਾਜ਼ਰੀ (ਤਾਮਿਲ)

ਪੱਥਰ ਦਾ ਇਕ ਚੌੜਾ ਖੰਬਾ
ਜੋ ਮੇਰੇ ਸਾਹਮਣੇ ਖੜ੍ਹਾ ਹੈ
ਮੈਨੂੰ ਮੇਰੀ ਥਾਲੀ 'ਚ ਰੱਖੀ
ਤੰਦੂਰੀ ਰੋਟੀ ਖਾਣ ਤੋਂ ਰੋਕ ਰਿਹਾ ਹੈ

ਭੀੜ ਨਾਲ ਭਰੇ ਇਸ ਰੇਸਤਰਾਂ 'ਚ
ਜਦ ਕਿਸੇ ਤਰ੍ਹਾਂ ਮੈਨੂੰ ਬੈਠਣ ਲਈ
ਇਕ ਥਾਂ ਮਿਲੀ
ਉਦੋਂ ਮੈਂ ਇਸ ਖੰਬੇ ਦੀਆਂ
ਸ਼ਰਾਰਤਾਂ ਬਾਰੇ ਸੋਚਿਆ ਨਹੀਂ ਸੀ

ਮੈਂ ਖੁਦ ਨੂੰ ਸ਼ੁਭ ਕਾਮਨਾਵਾਂ ਦਿੱਤੀਆਂ
ਉਸ ਖਾਣੇ ਦੇ ਸੁਆਦ ਅਤੇ ਗੁਣ ਦੇ ਲਈ
ਜੋ ਕਿ ਸੁੰਦਰ ਸੀ
ਫੇਰ ਵੀ ਜਦ ਮੈਂ ਇਕੱਲਾ ਬੈਠਾ ਰਿਹਾ

ਹੁਣ ਇਸ ਖੰਬੇ ਨੇ
ਮੇਰਾ ਪੂਰਾ ਮੂੰਹ ਢਕ ਲਿਆ ਹੈ
ਬਾਹਰ ਸੜਕਾਂ ਨੂੰ ਹਨੇਰੇ ਨਾਲ ਭਰ ਦਿੱਤਾ ਹੈ
ਉਸ ਦੀ ਵਿਸ਼ਾਲ ਛਾਂ
ਮੇਰੀ ਥਾਲੀ 'ਤੇ ਪੈ ਰਹੀ ਹੈ,
ਆਪਣਾ ਅਕਸ ਮੇਰੀ ਛਾਤੀ 'ਤੇ ਦਬਾਉਂਦਿਆਂ
ਮੇਰੇ ਮੂੰਹ ਅਤੇ ਤੰਦੂਰੀ ਰੋਟੀ ਦੇ ਵਿਚਕਾਰ ਵਧਦੀ ਜਾ ਰਹੀ ਹੈ

ਗੁੱਸੇ ਨਾਲ ਭਰੀ
ਮੇਰੀ ਹਾਜ਼ਰੀ
ਮੇਰੀ ਸਥਿਤੀ ਅਤੇ ਮੇਰੇ ਸੁਭਾਅ ਨਾਲ ਟਕਰਾਅ
ਟੁੱਟ ਭੱਜ ਅਤੇ ਸਭ ਕੁਝ ਤਿੱਤਰ-ਬਿੱਤਰ
ਮੈਂ ਚੀਕਦਾ ਹਾਂ
ਮੈਂ ਇਹ ਪਥਰੀਲਾ ਖੰਬਾ ਨਹੀਂ ਖਾ ਸਕਦਾ

ਕੌਣ ਹੈ ਉਹ ਪਾਗਲ ਆਦਮੀ?
ਅੰਦਰੋਂ ਮੈਨੇਜਰ ਦੀ ਆਵਾਜ਼ ਆਉਂਦੀ ਹੈ

**— ਸੁੰਦਰ ਰਾਮਾਸਵਾਮੀ**

## ਮੈਂ ਕਹਿੰਦਾ ਹਾਂ (ਪੰਜਾਬੀ)

ਕਈ ਕਹਿੰਦੇ ਹਨ-
ਬੜਾ ਕੁਝ ਹੋਰ ਆਖਣ ਨੂੰ ਹੈ
ਬਹੁਤ ਕੁਝ ਅੱਗੇ ਤੈਅ ਕਰਨ ਵਾਲਾ ਹੈ
ਜਿਵੇਂ ਗੱਲ ਸ਼ਬਦਾਂ ਨਾਲ ਨਹੀਂ ਕਹੀ ਜਾ ਸਕਦੀ
ਜਿਵੇਂ ਵਾਟ ਕਦਮਾਂ ਨਾਲ ਨਹੀਂ ਮੁੱਕਦੀ
ਕਈ ਕਹਿੰਦੇ ਹਨ-
ਹੁਣ ਕਹਿਣ ਲਈ ਕੁਝ ਵੀ ਬਾਕੀ ਨਹੀਂ
ਤੈਅ ਕਰਨ ਲਈ ਕੁਝ ਵੀ ਬਚਿਆ ਨਹੀਂ
ਜਿਵੇਂ ਸ਼ਬਦ ਨਿਪੁੰਸਕ ਹੋ ਗਏ ਹੋਣ
ਤੇ ਮੈਂ ਕਹਿੰਦਾ ਹਾਂ
ਸਫ਼ਰ ਦੇ ਇਤਿਹਾਸ ਦੀ ਗੱਲ ਨਾ ਕਰੋ
ਮੈਨੂੰ ਅਗਲਾ ਕਦਮ ਧਰਨ ਲਈ ਜ਼ਮੀਨ ਦੇਵੋ।

**— ਪਾਸ਼**

## ਏਥੇ (ਬੋਡੋ)

ਕੱਲ੍ਹ ਤੱਕ
ਮੈਂ ਜਿਸ ਰਾਹ 'ਤੇ ਤੁਰ ਰਿਹਾ ਸੀ
ਅੱਜ ਤੁਰਦੇ-ਤੁਰਦੇ
ਇਸੇ ਰਾਹ ਦੇ ਵਿਚਕਾਰ ਥੱਕ ਗਿਆ ਹਾਂ
ਅਤੇ ਮੈਂ ਗੋਡਿਆਂ 'ਤੇ ਸਿਰ ਧਰ ਕੇ
ਮੰਗ ਰਿਹਾਂ ਦੁਆਵਾਂ ਆਪਣੇ ਨਵੇਂ ਜੀਵਨ ਦੀਆਂ
ਕਿਉਂਕਿ ਏਥੋਂ ਦੇ ਲੋਕ
ਰੋਜ਼ ਮਰ ਰਹੇ ਨੇ ਇਕ ਇੱਕ ਕਰਕੇ
ਅਤੇ ਬਾਕੀ ਦੇ ਉਹ ਸਾਰੇ
ਸ਼ੁਰੂ ਤੋਂ ਆਖਿਰੀ ਦਿਨ ਗਿਣ ਰਹੇ ਨੇ

ਇਨਸਾਨ ਇਨਸਾਨਾਂ ਦੇ ਦਰਮਿਆਨ
ਹੋਈ ਇਸ ਲੜਾਈ 'ਚ
ਘਰਾਂ ਨੂੰ ਸੜਦਿਆਂ-ਫੂਕਦਿਆਂ ਦੇਖਿਆ
ਲੋਕਾਂ ਨੂੰ ਆਪਣੇ ਘਰਾਂ ਤੋਂ ਵੱਖ
ਅਤੇ ਬੇਘਰ ਹੁੰਦਿਆਂ ਦੇਖਿਆ
ਆਪਣੀ ਭੋਇੰ ਨੂੰ ਪਾੜ ਕੇ
ਨਿਕਲਦੇ ਬੀਜਾਂ ਦੀਆਂ ਕਰੂੰਬਲਾਂ ਨੂੰ
ਪੈਰਾਂ ਹੇਠ ਮਿੱਧਦਿਆਂ ਦੇਖਿਆ
ਘੇਰਾਬੰਦੀ, ਚੁਣੌਤੀ ਹਮਲੇ
ਹੋਰ ਵੀ ਬਹੁਤ ਕੁਝ
ਰੋਕਿਆ-ਟੋਕਿਆ ਤਾਂ ਬੰਦੂਕ ਦੀਆਂ ਗੋਲੀਆਂ ਨਾਲ
ਜਾਨ ਲੈਂਦਿਆਂ ਦੇਖਿਆ
ਲੋਕਾਂ ਨੂੰ ਸਿਰ ਝੁਕਾ ਕੇ ਦੁਆਵਾਂ ਮੰਗਦਿਆਂ ਦੇਖਿਆ
ਲੋਕਾਂ ਨੂੰ ਰੋਂਦੇ-ਕੁਰਲਾਉਂਦੇ
ਜਾਨ ਦੀ ਭੀਖ ਮੰਗਦਿਆਂ ਦੇਖਿਆ
ਮਾਪਿਆਂ ਨੂੰ ਆਪਣੀ ਬੇਟੀ ਦੀ ਇੱਜ਼ਤ
ਦੀ ਭੀਖ ਮੰਗਦਿਆਂ ਦੇਖਿਆ
ਏਥੇ ਜੰਗ ਨਾ ਹੋਵੇ
ਏਥੇ ਗੋਲੀਆਂ ਦੀ ਬਰਸਾਤ ਨਾ ਹੋਵੇ
ਰਾਕਟ-ਹਮਲਾ ਨਾ ਹੋਵੇ
ਬੰਬ ਦਾ ਧਮਾਕੇਦਾਰ ਵਿਸਫੋਟ ਨਾ ਹੋਵੇ
ਮਿਸਾਇਲੀ ਹਮਲੇ ਨਾ ਹੋਣ
ਏਥੇ ਲੋਕ
ਆਮ ਆਦਮੀ ਵਾਂਗ ਰਹਿ ਸਕਣ
ਏਥੇ ਬੱਚੇ
ਆਪਣੇ ਦੋਸਤਾਂ ਨਾਲ ਹੱਸਦੇ-ਮੁਸਕਰਾਉਂਦੇ ਖੇਡ ਸਕਣ
ਅਤੇ ਸੁਰੱਖਿਅਤ ਘਰ ਮੁੜ ਸਕਣ
ਏਥੇ ਕੋਈ ਮਜ਼ਹਬ ਦਾ ਭੇਦ-ਭਾਵ ਨਾ ਹੋਵੇ
ਕੋਈ ਸਰਹੱਦ ਨਾ ਹੋਵੇ
ਪਰ ਨਹੀਂ-
ਏਥੇ ਇਨਸਾਨ ਇਨਸਾਨ ਬਣੇ ਰਹਿਣ 'ਚ
ਲੱਖਾਂ ਕੋਸ਼ਿਸ਼ਾਂ ਦੇ ਬਾਵਜੂਦ ਵੀ ਅਸਫ਼ਲ ਰਿਹਾ
ਆਖਿਰ ਤੁਸੀਂ ਹੀ ਦੱਸੋ-
ਇਨਸਾਨ ਬਣੇ ਰਹਿਣ ਦੇ ਲਈ
ਬਿਨਾਂ ਇਨਸਾਨੀਅਤ ਦੇ
ਕੀ ਏਥੇ ਰਹਿ ਸਕੋਗੇ?

**— ਬਿਜਿਤ ਗੋਰਾ ਰਾਮ ਸਿਯਾਰੀ**

## ਲਾਪਤਾ (ਮਰਾਠੀ)

ਸ਼ਬਦਾਂ ਨੂੰ ਸਾੜ ਦਿੰਦੀ ਹਾਂ ਮੈਂ
ਆਪਣੀ ਹੋਂਦ ਦੀ
ਲੋੜ ਦੇ ਲਈ
ਅਤੇ ਬਾਅਦ ਦੇ ਸੁੰਨਸਾਨ ਉਜਾੜ 'ਚ
ਸੁਣਦੀ ਰਹਿੰਦੀ ਹਾਂ
ਮਨ ਦੇ ਸਾਗਰ ਦੀ ਉਠਦੀ ਆਵਾਜ਼
ਹੌਲੀ ਹੌਲੀ ਸੰਘਣਾ ਹੁੰਦਾ ਜਾਂਦਾ ਹੈ
ਆਥਣ ਦਾ ਮਟਕ ਚਾਨਣਾ
ਹੱਥਾਂ 'ਚ ਸਿਰਫ਼ ਰੇਤ
ਅਤੇ ਜੀਵਨ
ਲਾਪਤਾ!

**— ਸਰਯੂ ਅਸੋਲਕਰ**

## ਨਾਪ (ਰਾਜਸਥਾਨੀ)

ਵੱਡੇ ਤੋਂ ਵੱਡੇ
ਦਰਜ਼ੀ ਦੇ ਵੀ ਵੱਸ 'ਚ ਨਹੀਂ
ਪ੍ਰੇਮ ਦਾ ਸਹੀ-ਸਹੀ ਨਾਪ ਲੈ ਲੈਣਾ

ਛਿਣਭੰਗਰ ਹੁੰਦੇ ਨੇ
ਪ੍ਰੇਮ ਦੀ ਕਾਇਆ ਦੇ ਦਰਸ਼ਨ
ਜੋ
ਕਿਸੇ ਨੂੰ ਦਿਖਦੇ ਹੋਏ ਵੀ ਨਹੀਂ ਦਿਖਦਾ
ਅਤੇ ਨਾ ਹੀ ਕਿਸੇ ਨੂੰ ਚੰਗਾ ਲਗਦਾ

ਆਪਣੇ-ਆਪਣੇ
(ਫੀਤਾ) ਇੰਚੀਟੇਪਾਂ ਨਾਲ ਲੈਣਾ ਚਾਹੁੰਦੇ ਨੇ ਸਭ
ਵੱਖੋ-ਵੱਖਰੇ ਨਾਪ

ਉਧਵ ਬੇਚਾਰਾ
ਕਿੰਨਾ ਵੀ ਫਿਰੇ
ਗਿਆਨ ਦੀ ਗੰਢੜੀ ਸਿਰ 'ਤੇ ਰੱਖ
ਬ੍ਰਿਜ ਦੀ ਗਲੀ-ਗਲੀ

ਉਧਵ ਦੇ ਮੋਢਿਆਂ 'ਤੇ ਰੱਖੇ
ਬਾਰਾਂ ਮੰਜਿਆਂ ਦੇ ਬਾਣ ਨਾਲ ਵੀ
ਨਹੀਂ ਨਾਪੇ ਜਾ ਸਕੇ
ਪ੍ਰੇਮ 'ਚ ਡੁੱਬੀਆਂ ਗੋਪੀਆਂ ਦੇ ਅੰਦਰ

ਚੁਰਾਸੀ ਕੋਹ ਦੀ ਪਰਿਕਰਮਾ ਹੈ
ਪ੍ਰੇਮ ਦਾ ਸਹੀ ਨਾ ਨਾਪ

**— ਓਮ ਨਾਗਰ**

## ਬੇਸਹਾਰਾ ਲਾਸ਼ (ਮਲਿਆਲਮ)

ਸੜਕ ਦੇ ਕਿਨਾਰੇ
ਪਈ ਲਾਸ਼ ਦੇ ਚਾਰੇ ਪਾਸੇ
ਇਕੱਠੇ ਹੋ ਗਏ ਲੋਕ
ਇਕ ਨੇ ਕਿਹਾ
ਦਾਰੂ ਪੀ ਕੇ ਮਰ ਗਿਆ
ਦੂਜੇ ਨੇ ਕਿਹਾ
ਪਿਆਰ ਦੇ ਧੋਖੇ 'ਚ ਮਰ ਗਿਆ
ਤੀਜੇ ਨੇ ਕਿਹਾ
ਇਹ ਤਾਂ ਖੁਦਕੁਸ਼ੀ ਦਾ ਮਾਮਲਾ ਹੈ
ਚੌਥੇ ਨੇ ਕਿਹਾ
ਬੱਸ ਨੇ ਠੋਕਤਾ ਹੋਵੇਗਾ
ਉਹ ਮਾਰਿਆ ਗਿਆ
ਭੁੱਖ ਨਾਲ...

**— ਡਾ. ਸੰਤੋਸ਼ ਅਲੈਕਸ**

## ਦ੍ਰਿਸ਼ਟੀ (ਮਨੀਪੁਰੀ)

ਯੁੱਗ ਬਦਲਣ ਦੇ ਨਾਲ
ਵਕਤ ਨੇ ਆਪਣੇ
ਤੇਜ਼ ਵਹਾਅ 'ਚ
ਸਭ ਨੂੰ ਆਪਣੇ ਨਾਲ ਰੋੜ੍ਹ ਲਿਆ
ਫੇਰ ਕਿਉਂ
ਖੜ੍ਹੀ ਹੈ
ਅੱਜ ਤੱਕ
ਨਹੀਂ ਬਦਲ ਰਹੀ
ਦ੍ਰਿਸ਼ਟੀ
ਔਰਤ ਦੇ ਬਾਰੇ

**— ਈ ਵਿਜੇ ਲਕਸ਼ਮੀ**

## ਕਵੀ (ਤੇਲਗੂ)

(ਬੈਂਜਾਮਿਨ ਮਾਲੇਸ ਦੀ ਯਾਦ ਵਿੱਚ)
ਜਦ ਪ੍ਰਤਿਗਾਮੀ ਯੁੱਗ ਧਰਮ
ਘੁੱਟਦਾ ਹੈ ਵਕਤ ਦੇ ਉਮੜਦੇ-ਘੁਮੜਦੇ ਬੱਦਲਾਂ ਦਾ ਗਲਾ
ਤਦ ਨਾ ਲਹੂ ਵਗਦਾ ਹੈ
ਨਾ ਹੰਝੂ
ਵੱਜਰ ਬਣ ਕੇ ਗਿਰਦੀ ਹੈ ਬਿਜਲੀ
ਉਠਦਾ ਹੈ ਮੀਂਹ ਦੀਆਂ ਕਣੀਆਂ ਨਾਲ ਤੂਫ਼ਾਨ...
ਪੂੰਝਦੀ ਹੈ ਮਾਂ ਧਰਤੀ ਆਪਣੇ ਹੰਝੂ
ਜੇਲ੍ਹ ਦੀਆਂ ਸਲਾਖਾਂ ਤੋਂ ਬਾਹਰ ਆਉਂਦਾ ਹੈ
ਕਵੀ ਦਾ ਸੁਨੇਹਾ, ਗੀਤ ਬਣਦੇ
ਕਦ ਡਰਦਾ ਹੈ ਦੁਸ਼ਮਣ, ਕਵੀ ਤੋਂ?
ਜਦ ਕਵੀ ਦੇ ਗੀਤ ਹਥਿਆਰ ਬਣ ਜਾਂਦੇ ਨੇ
ਉਹ ਕੈਦ ਕਰ ਲੈਂਦਾ ਹੈ ਕਵੀ ਨੂੰ
ਫਾਂਸੀ 'ਤੇ ਚੜ੍ਹਾਉਂਦਾ ਹੈ
ਫਾਂਸੀ ਦੇ ਤਖਤੇ ਦੇ ਇੱਕ ਪਾਸੇ ਹੁੰਦੀ ਹੈ ਸਰਕਾਰ
ਦੂਜੇ ਪਾਸੇ ਅਮਰਤਾ
ਕਵੀ ਜਿਉਂਦਾ ਹੈ ਆਪਣੇ ਗੀਤਾਂ 'ਚ
ਅਤੇ ਗੀਤ ਜਿਉਂਦਾ ਹੈ ਲੋਕਾਂ ਦੇ ਦਿਲਾਂ 'ਚ

**— ਵਰਵਰਾ ਰਾਓ**

# ਮਾਈ ਜੱਸੋ ਦੇ ਨਾਂਅ ਹੈ, ਜੱਸੋਵਾਲ

**ਪਿੰਡ ਵਸਿਆ**

**ਵਿਜੈ ਬੰਬੇਲੀ**

'ਕਿੱਥੇ, ਅੱਕੀ-ਪਲਾਹੀਂ ਹੱਥ ਮਾਰਦੇ ਫਿਰਦੇ ਹੋ। ਕਤਲ ਤਾਂ ਅਸੀਂ ਸਿਰਫ ਤਿੰਨ ਜਣੇ ਕਰਦੇ ਹਾਂ।' ਇਹ ਸੀ ਉਹ ਹੈਰਤਅੰਗੇਜ਼ ਕਬੂਲਨਾਮਾ, ਜਿਹੜਾ ਤਿੰਨ ਚੋਟੀ ਦੇ ਬੱਬਰ ਅਕਾਲੀ ਦੇਸ਼ਭਗਤਾਂ ਅਡੀਟਰ ਕਰਮ ਸਿੰਘ ਦੌਲਤਪੁਰ, ਉਦੇ ਸਿੰਘ ਝੁੰਗੀਆਂ ਅਤੇ ਧੰਨਾ ਸਿੰਘ ਬਹਿਬਲਪੁਰ ਨੇ 'ਬੱਬਰਾਂ ਦੀ ਹਾਈਕੋਰਟ' ਜੱਸੋਵਾਲ, ਤਹਿ. ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਤੋਂ 22 ਅਗਸਤ, 1923 ਨੂੰ ਜਾਰੀ ਕੀਤਾ। ਜੱਸੋਵਾਲ, ਜਿੱਥੇ ਬੱਬਰਾਂ ਦੀ 'ਕੋਰਟ ਅਤੇ ਉਡਾਰੂ ਪ੍ਰੈੱਸ' ਕੰਮ ਕਰਦੀ ਰਹੀ। ਪਿੰਡ ਨੇ ਸ਼ੁਮਾਰ ਤਕਲੀਫਾਂ ਝੱਲੀਆਂ। ਕੋਈ ਵਾਅਦਾ-ਮੁਆਫ਼-ਝੋਲੀ ਚੁੱਕ ਨਾ ਹੋਇਆ, ਪਿੰਡ ਇੱਕੋ ਨੱਕੇ ਵਹਿ ਗਿਆ, ਕਿਸੇ ਗਦਾਰੀ ਨਾ ਕੀਤੀ।

ਬੱਬਰ ਅਕਾਲੀ ਲਹਿਰ ਨਾਲ ਕਰੀਬ ਸਾਰਾ ਪਿੰਡ ਜੁੜਿਆ ਰਿਹਾ, ਪਰ ਬੱਬਰ ਜੋ ਬਹੁਤ ਉੱਘੇ ਹੋਏ, ਉਹ ਸਨ : ਗ਼ਦਰੀ/ਬੱਬਰ ਲਾਭ ਸਿੰਘ, ਬੱਬਰ ਕਰਮ ਸਿੰਘ-ਹਰੀ ਸਿੰਘ-ਹਰਦਿੱਤ ਸਿੰਘ-ਹਰਬਖਸ਼ ਸਿੰਘ-ਜੈਲਾ ਸਿੰਘ-ਤੇਜਾ ਸਿੰਘ-ਸੰਸਾਰ ਸਿੰਘ-ਮੁਨਸ਼ਾ ਸਿੰਘ-ਅੰਬਰ ਸਿੰਘ ਉਰਫ ਅਮਰ ਸਿੰਘ ਅਤੇ ਸੰਤ ਫਕੀਰ ਸਿੰਘ ਉਰਫ ਬੱਬਰ ਚਰਨ ਸਿੰਘ। ਬੱਬਰ ਲਾਭ ਸਿੰਘ ਲੇਖਕ ਸੀ ਤੇ ਹਰਬਖਸ਼ ਸਿੰਘ ਧੜਵੈਲ ਬੱਬਰ। ਬੱਬਰ ਮੁਨਸ਼ਾ ਸਿੰਘ ਪੂਰਾ ਖਾੜਕੂ ਅਤੇ ਤੇਜਾ ਸਿੰਘ ਜ਼ਹਿਰੀਲਾ। ਬੱਬਰ ਹਰੀ ਸਿੰਘ ਨੇ ਮੁਲਤਾਨ ਜੇਲ੍ਹ ਵਿੱਚ ਹੱਕੀ ਮੰਗਾਂ ਲਈ ਲੰਬੀ ਅਤੇ ਹਠੀ ਭੁੱਖ ਹੜਤਾਲ ਕੀਤੀ, ਮਰਨੀਂ ਮਰ ਗਿਆ, ਪਰ ਭੁੱਖ ਹੜਤਾਲ ਨਾ ਤੋੜੀ। ਬੱਬਰ ਮੁਨਸ਼ਾ ਸਿੰਘ, ਜਿਸ ਨੇ ਗੁਰਦਵਾਰਾ ਸੁਧਾਰ ਲਹਿਰ ਵਿੱਚ ਵੀ ਉੱਘਾ ਹਿੱਸਾ ਲਿਆ ਸੀ, ਮੁਲਤਾਨ ਜੇਲ੍ਹ 'ਚ ਕੈਦ ਤਨਹਾਈ ਦੌਰਾਨ ਫੌਤ ਹੋ ਗਿਆ। ਅੰਗਰੇਜ਼ਾਂ ਉਸ ਦੀ ਨਿਰਧਾਰਤ ਕੈਦ ਤੀਕ ਉਸ ਦੇ ਅਸਥੀ-ਕਲਸ ਨੂੰ ਹੱਥ ਕੜੀ ਲਗਾਈ ਰੱਖਣ ਦਾ ਫੁਰਮਾਨ ਅਹਿਦ ਰੱਖਣ ਦਾ ਹੁਕਮ ਸਾਦਰ ਰੱਖਿਆ। ਸਿਤਮ ਵੇਖੋ; ਅਸਥੀਆਂ ਇਸ ਕਰਕੇ ਪਿੰਡ ਨਾ ਆ ਸਕੀਆਂ ਕਿ ਤਦ ਤੀਕ ਮੁਲਕ ਦੀ ਵੰਡ ਹੋ ਗਈ।

ਬੱਬਰ ਸੂਰਮਿਆਂ ਦਾ ਇਹ ਪਿੰਡ ਕਰੀਬ ਤਿੰਨ ਕੁ ਸਦੀਆਂ ਪਹਿਲਾਂ ਵਸਿਆ ਸੀ। ਪੰਜਾਬ ਦੇ ਸਿਰਫ ਚੰਦ ਕੁ ਪਿੰਡ ਹੀ ਹੋਣਗੇ, ਜਿਹਨਾਂ ਦੇ ਵਸਣ ਦਾ ਸਬੱਬ ਤ੍ਰੀਮਤਾਂ ਬਣੀਆਂ। ਜੱਸੋਵਾਲ ਉਹਨਾਂ ਵਿੱਚੋਂ ਇੱਕ ਹੈ। ਕਦੇ ਇਹ ਰਕਬਾ ਲਾਗਲੇ ਪਿੰਡ ਦਦਿਆਲ ਦੀ ਦੱਬਰੀ ਸੀ। ਇਸ ਦੱਬਰੀ ਵਿੱਚ ਇੱਕ ਬਹੁਤ ਵੱਡਾ ਟੋਬਾ ਸੀ, ਜਿੱਥੇ ਦਦਿਆਲੀਆਂ ਦੇ ਵੱਗ ਪਾਣੀ ਪੀਂਦੇ। ਮਗਰੋਂ ਇਹੀ ਤਲਾਅ ਕੰਢੇ ਬੱਬਰ ਹਰੀ ਸਿੰਘ ਦੀ ਵੱਡਅਕਾਰੀ ਹਵੇਲੀ 'ਬੱਬਰਾਂ ਦੀ ਹਾਈਕੋਰਟ-ਜੱਸੋਵਾਲ" ਦਾ ਸਦਰ-ਮੁਕਾਮ ਬਣੀ। ਪਹਿਲ-ਪਲੱਕੜਿਆਂ ਵਿੱਚ ਇਹੀ ਵੱਡ-ਅਕਾਰੀ ਟੋਬਾ, ਜਿਹੜਾ ਅਜੇ ਵੀ ਹੈ, ਜੱਸੋਵਾਲ ਦੇ ਵੱਸਣ-ਰਸਣ ਦਾ ਕਾਰਨ ਬਣਿਆ।

ਹੋਇਆ ਇਉਂ : ਦਦਿਆਲ ਦੇ ਚੌਧਰੀ ਦੀ ਧੀ ਜੱਸੋ ਜਲੰਧਰ ਜ਼ਿਲ੍ਹੇ ਦੇ ਮਸ਼ਹੂਰ ਪਿੰਡ ਸ਼ਰੀਹ ਸ਼ੰਕਰ ਪੁਰੇਵਾਲੀਏ ਜੱਟਾਂ ਦੇ ਵਿਆਹੀ ਵਰ੍ਹੀ ਗਈ। ਬਾਪ ਦਾ ਧੀ ਨਾਲ ਬਹੁਤ ਮੋਹ ਸੀ। ਉਦਾਸ ਹੁੰਦਾ ਤਾਂ ਮਰਾਸੀ ਨੂੰ ਧੀ ਨੂੰ ਲੈਣ ਸ਼ਰੀਹ ਸ਼ੰਕਰ ਨੂੰ ਤੋਰ ਦਿੰਦਾ। ਇੱਕ ਵਾਰ ਅੱਕੀ ਹੋਈ ਸੱਸ ਨੇ ਮਿਹਣਾ ਮਾਰ ਦਿੱਤਾ, "ਬਹੁਤਾ ਹੇਜ਼ ਹੈ ਤਾਂ ਧੀ ਨੂੰ ਉਧਰ ਹੀ ਵਸਾ ਲਵੇ, ਬਥੇਰੀ ਪੈਲੀ ਹੈ, ਪਹਾੜਾਂ ਦੇ ਪੈਰਾਂ ਵਿੱਚ।" ਉਦਾਸ ਧੀ ਤੋਂ ਅਸਲ ਮਾਜਰਾ ਜਾਣ, ਚੌਧਰੀ ਨੇ ਜਵਾਈ ਸੱਦ, ਵਗਲਾ ਵਗਲਣ ਨੂੰ ਘੋੜਾ ਫੇਰਨ ਦੀ ਅਰਜ਼ੋਈ ਕਰ ਦਿੱਤੀ। ਜਿਹੜਾ ਰਕਬਾ ਜੱਸੋ ਨੇ ਵਗਲਿਆ, ਦਦਿਆਲੀਆਂ ਨੇ, ਸਮੇਤ ਵੱਡ-ਅਕਾਰੀ ਟੋਭਾ, ਜਿਹੜਾ ਉਹਨਾਂ ਦੀ ਸਾਹ ਰਗ ਸੀ, ਵੀ ਉਸੇ ਸਪੁਰਦ ਕਰ ਦਿੱਤਾ। ਜੱਸੋ ਦਾ ਪਰਵਾਰ ਉੱਥੇ ਵਸ-ਰਸ ਅਤੇ ਫੈਲਰ ਗਿਆ। ਸਮਾਂ ਪਾ ਇਹ ਬਹੁ-ਭਾਂਤੀ, ਬਹੁ-ਪਰਤੀ ਪਿੰਡ ਬਣ ਗਿਆ, ਜਿਸ ਬੱਬਰ ਅਕਾਲੀ ਲਹਿਰ ਵਿੱਚ ਬੜੀ ਭੱਲ ਖੱਟੀ।

ਇਸੇ ਜੱਸੋਵਾਲ ਤੋਂ ਬੱਬਰਾਂ ਨੇ ਸਮੇਂ ਦੀ ਸਰਕਾਰ ਦੀ "ਫੂਕ" ਕੱਢਣ ਲਈ ਹੁਕਮ ਜਾਰੀ ਕੀਤਾ, "ਬਲਾਚੌਰੋਂ ਮੁਕੇਰੀਆਂ ਤੀਕ ਜਾਂਦੀ 90 ਮੀਲ ਲੰਬੀ ਸ਼ਾਹ-ਰਾਹ 'ਤੇ ਪੈਂਦੇ ਅੰਬਾਂ ਦੀ ਸਰਕਾਰ ਬੋਲੀ ਨਾ ਲਗਾਵੇ। ਇਹ ਭਾਰਤੀਆਂ ਦੀ ਮਲਕੀਅਤ ਹੈ, ਫਲ ਲੋਕ ਖਾਣਗੇ।" ਫਿਰ ਇੱਕ ਤੋਂ ਬਾਅਦ ਇੱਕ ਟੈਕਸ ਨਾ ਤਾਰਨ ਅਤੇ ਮੁਫ਼ਤ ਰੇਲ ਸਫ਼ਰ ਦਾ ਹੁਕਮ ਸਾਦਰ ਕੀਤਾ। ਸਰਕਾਰ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਗਦਾਰਾਂ ਅਤੇ ਸੂਹੀਆਂ ਦੇ "ਸੁਧਾਰ" ਦਾ ਫੈਸਲਾ ਵੀ ਇਸੇ ਪਿੰਡ ਹੋਇਆ। ਇਹੀ ਉਹ ਪਿੰਡ ਹੈ, ਜਿੱਥੋਂ ਦੇ ਗੁਰਾ ਦਿੱਤਾ ਬਾਲਮੀਕਿ 'ਜੈ ਹਿੰਦੀਆ' ਦਾ ਹਮ-ਮਸ਼ਵਰਾਨ ਚੌਧਰੀ ਬੱਗਾ ਸਿੰਘ, ਪੰਜਾਬ ਦੀ ਕਮਿਊਨਿਸਟ ਲਹਿਰ ਦੀ ਤਵਾਰੀਖ 'ਚ ਕਿਸੇ ਖੈੜੇ ਦਾ, ਉਹ ਪਹਿਲਾਂ ਵਾਹਿਦ ਦਲਿਤ ਕਾਰਕੁੰਨ ਹੋਇਆ, ਜਿਸ ਕਿਸੇ ਜੱਟ ਬਹੁਲ ਪਿੰਡ ਵਿੱਚ ਕਮਿਊਨਿਸਟ ਵਿੰਗ ਦੀ '48 ਵਿੱਚ ਨੀਂਹ ਰੱਖੀ ਸੀ। ਇਹੀ ਨਹੀਂ, ਬੱਬਰ ਲਹਿਰ ਦੇ ਸਦਭਾਵੀ ਅਤੇ ਸਾਂਝੀਵਾਲਤਾ ਖਾਸੇ ਕਾਰਨ ਇਸ ਪਿੰਡ ਦੇ ਜੱਟ-ਸਿੱਖਾਂ, ਖਾਸ ਕਰਕੇ ਬੱਬਰਾਂ ਨੇ ਉਸ ਦੀ ਅਗਵਾਈ ਕਬੂਲੀ ਵੀ।

ਹਾਂ, 2 ਨਵੰਬਰ 1940 ਦੇ ਕੀਰਤਪੁਰ ਐਕਸ਼ਨ ਉਪਰੰਤ ਬੱਬਰ ਲਹਿਰ ਦੀ ਅਗਲੀ-ਅਗਲੇਰੀ ਅਤੇ ਆਖਰੀ ਕੜੀ 'ਯੁੱਗ ਪਲਟਾਊ ਦਲ' ਦੇ ਗਿਆਨੀ ਹਰਬੰਸ ਸਿੰਘ ਸਰਹਾਲਾ ਨੇ ਆਪਣੇ ਯੁੱਧ ਸਾਥੀਆਂ ਸਮੇਤ ਇਸੇ ਪਿੰਡ ਹੀ ਪਹਿਲ-ਪਲੱਕੜੀ ਪਨਾਹ ਲਈ ਸੀ।

*ਸੰਪਰਕ-94634-39075*

# ਚੜ੍ਹ ਮੇਰੇ ਸਾਈਕਲ 'ਤੇ...

ਮਨੁੱਖ ਜੂਨੀ ਨੂੰ ਇਸ ਲਈ ਉੱਤਮ ਮੰਨਿਆ ਜਾਂਦਾ ਹੈ ਕਿ ਇਸ ਨੇ ਆਪਣੀ ਬੁੱਧੀ ਨਾਲ ਹੀ ਅਨੇਕਾਂ ਕਾਢਾਂ ਕੱਢੀਆਂ। ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ ਹੈ, ਕਿਉਂਕਿ ਮਨੁੱਖ ਦੇ ਜਿੰਨੇ ਵੀ ਸੁੱਖ ਅਤੇ ਆਰਾਮ ਦੇ ਸਾਧਨ ਹਨ, ਉਹ ਇਸ ਦੀ ਹੀ ਦੇਣ ਹਨ। ਇਹ ਮਨੁੱਖ ਦੀ ਮਿਹਨਤ ਅਤੇ ਲਗਨ ਦਾ ਨਤੀਜਾ ਹੈ। ਖਾਣ-ਪੀਣ, ਪਹਿਨਣ ਅਤੇ ਰਹਿਣ-ਸਹਿਣ ਦੇ ਢੰਗ-ਤਰੀਕੇ ਵੀ ਮਨੁੱਖ ਨੇ ਹੀ ਬਣਾਏ। ਸਮਾਜ ਨੂੰ ਸੱਭਿਅਕ ਵੀ ਮਨੁੱਖ ਨੇ ਆਪਸੀ ਸਹਿਯੋਗ ਨਾਲ ਹੀ ਬਣਾਇਆ। ਦੂਰ ਜਾਣ ਲਈ ਪਹਿਲਾਂ ਉਸ ਨੇ ਪੈਰੀਂ ਤੁਰਨਾ ਸਿੱਖਿਆ। ਉਸ ਤੋਂ ਬਾਅਦ ਉਸ ਨੇ ਪਸ਼ੂਆਂ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ। ਫਿਰ ਨਵੀਆਂ ਤੋਂ ਨਵੀਆਂ ਕਾਢਾਂ ਕੱਢੀਆਂ, ਜਿਨ੍ਹਾਂ ਵਿੱਚ ਸਾਈਕਲ ਦੀ ਕਾਢ ਦੀ ਵੀ ਵਿਸ਼ੇਸ਼ ਮੰਨੀ ਜਾਂਦੀ ਹੈ। ਸਭ ਤੋਂ ਪਹਿਲਾਂ ਉਸ ਨੇ ਲੱਕੜੀ ਦੇ ਸਾਈਕਲ ਦੀ ਕਾਢ 1817 ਈਸਵੀ ਵਿੱਚ ਜਰਮਨੀ ਵਾਸੀ ਬੈਰਨ ਪਾਨ ਡ੍ਰੇਵਿਸ ਨੇ ਕੱਢੀ। ਇਸ ਸਾਈਕਲ ਦਾ ਨਾਂਅ ਡ੍ਰੇਸਿਏਨ ਰੱਖਿਆ ਗਿਆ। ਇਸ ਦੀ ਸਪੀਡ ਲੱਗਭੱਗ 15 ਕਿਲੋਮੀਟਰ ਪ੍ਰਤੀ ਘੰਟਾ ਸੀ। ਇਸ ਦਾ ਚੱਲਣ ਕਾਲ 1830 ਈ: ਤੋਂ 1842 ਈ: ਵਿਚਕਾਰ ਰਿਹਾ। ਉਸ ਤੋਂ ਬਾਅਦ ਫਿਰ ਇਸ ਨੂੰ ਲੋਹੇ ਦੇ ਰੂਪ ਵਿੱਚ 1839 ਈ: ਨੂੰ ਸਕਾਟਲੈਂਡ ਦੇ ਇੱਕ ਲੁਹਾਰ ਕਿਰਕ ਪੈਟਰਿਕ ਮੈਕਮਿਲਨ ਨੇ ਤਿਆਰ ਕੀਤਾ ਗਿਆ। ਇਸ ਲੋਹੇ ਦੇ ਢਾਂਚੇ ਵਾਲੇ ਸਾਈਕਲ ਵਿੱਚ ਤਾਰਾਂ ਵਾਲੇ ਚੱਕਰ ਜਿਸ ਨੂੰ ਆਮ ਲੋਕ ਚੱਕਾ ਕਹਿੰਦੇ ਹਨ, ਨੂੰ ਰਬੜ ਦੇ ਟਾਇਰ-ਟਿਊਬ ਨਾਲ ਜੋੜ ਕੇ ਉਸ ਵਿੱਚ ਹਵਾ ਭਰ ਕੇ ਸਫਰ ਕਰਨ ਲਈ ਤਿਆਰ ਕੀਤਾ।

ਉਂਜ ਤਾਂ ਸਾਈਕਲ ਦੇ ਨਵੇਂ ਤੋਂ ਨਵੇਂ ਨਮੂਨੇ ਆ ਰਹੇ ਹਨ, ਪਰ ਸਾਧਾਰਨ ਸਾਈਕਲ ਦੀ ਸਰਦਾਰੀ ਕਾਇਮ ਹੈ। ਇਹ ਸਭ ਤੋਂ ਸਸਤਾ ਅਤੇ ਸਿਹਤ ਲਈ ਫਾਇਦੇਮੰਦ ਆਵਾਜਾਈ ਦਾ ਸਾਧਨ ਹੈ।

ਸਾਈਕਲ ਸਿੱਖਣ ਦਾ ਸ਼ੌਂਕ ਤਾਂ ਸਭ ਨੂੰ ਹੁੰਦਾ ਹੈ, ਪ੍ਰੰਤੂ ਕੁੱਝ ਲੋਕ ਤਾਂ ਡਰਦੇ ਹੀ ਸਿੱਖ ਨਹੀਂ ਸਕਦੇ। ਉਹ ਵੀ ਵੇਲਾ ਸੀ ਜਦੋਂ ਘਰ ਵਿੱਚ ਸਾਈਕਲ ਹੁੰਦਾ ਤਾਂ ਬੱਚੇ ਇਸ ਦੀ ਜ਼ਰੂਰ ਵਰਤੋਂ ਕਰਦੇ ਅਤੇ ਜਲਦੀ ਹੀ ਸਿੱਖ ਜਾਂਦੇ। ਪਹਿਲਾਂ ਉਹ ਕੈਂਚੀ ਚਲਾਉਂਦੇ, ਫਿਰ ਡੰਡਾ ਤੇ ਅਖੀਰ ਵਿੱਚ ਕਾਠੀ ਉੱਤੇ ਬੈਠ ਕੇ ਚਲਾਉਂਦੇ। ਸਾਈਕਲ ਚਲਾਉਣ ਵੇਲੇ ਸਾਵਧਾਨੀ ਇਹ ਵਰਤਣੀ ਪੈਂਦੀ ਹੈ ਕਿ ਸਾਈਕਲ ਦਾ ਹੈਂਡਲ ਸਿੱਧਾ ਰੱਖਿਆ ਜਾਵੇ। ਸਾਈਕਲ ਦਾ ਹਰੇਕ ਹਿੱਸਾ ਆਪਣੇ-ਆਪ ਵਿੱਚ ਮਹੱਤਵਪੂਰਨ ਹੈ। ਸਾਈਕਲ ਦੀ ਚੈਨ ਵਾਰ-ਵਾਰ ਉੱਤਰਨ ਲੱਗੇ ਤਾਂ ਮੁਸ਼ਕਲ। ਟੁੱਟ ਜਾਵੇ ਤਾਂ ਔਖਾ।

ਸਾਈਕਲ ਦੀਆਂ ਓਨੀਆਂ ਸਮੱਸਿਆਵਾਂ ਨਹੀਂ, ਜਿੰਨੀਆਂ ਬਾਕੀ ਸਾਧਨਾਂ ਦੀਆਂ। ਸਾਈਕਲ ਦੀ ਸਮੱਸਿਆ ਪੈਂਚਰ ਹੋ ਜਾਣਾ ਜਾਂ ਹਵਾ ਘੱਟ ਹੋ ਜਾਣਾ ਹੈ। ਇਸ ਨੂੰ ਵਰਤਣ ਵੇਲੇ ਪੈਟਰੋਲ ਦੇ ਮੁੱਕਣ ਦੀ ਚਿੰਤਾ ਨਹੀਂ ਹੁੰਦੀ। ਇਹ ਸਿਹਤ ਲਈ ਵੀ ਵਧੀਆ ਹੈ, ਕਿਉਂਕਿ ਇਸ ਨੂੰ ਚਲਾਉਣ ਨਾਲ ਸਰੀਰ ਦੀ ਕਸਰਤ ਹੁੰਦੀ ਹੈ।

ਅੱਜ ਤੋਂ ਪੰਝੱਤਰ ਸਾਲ ਪਹਿਲਾਂ ਕੁੜੀ ਦੇ ਵਿਆਹ ਵਿੱਚ ਜਵਾਈ ਨੂੰ ਸਾਈਕਲ ਦਿੱਤਾ ਜਾਂਦਾ ਸੀ। ਜਿਹੜੇ ਲੋਕ ਘੜੀ, ਸਾਈਕਲ ਅਤੇ ਰੇਡੀਓ ਦਿੰਦੇ ਸਨ, ਉਨ੍ਹਾਂ ਦੀ ਗੱਲ ਘਰ-ਘਰ ਹੁੰਦੀ ਸੀ। ਦਾਜ ਵਿੱਚ ਇਹ ਚੀਜ਼ਾਂ ਦੇਣ ਵਾਲਾ ਹੁੱਬ ਕੇ ਦੱਸਦਾ ਅਤੇ ਮੁੰਡੇ ਵਾਲੇ ਵੀ ਹੁੱਬ ਕੇ ਦੱਸਦਾ ਕਿ ਸਾਡੇ ਘਰ ਇੰਨਾ ਕੁੱਝ ਆਇਆ ਹੈ। ਉਸ ਸਮੇਂ ਸਾਈਕਲ ਦੀ ਕੀਮਤ ਅੱਸੀ ਰੁਪਏ ਹੁੰਦੀ ਸੀ, ਪਰ ਸਮਾਜ ਦੀਆਂ ਨਜ਼ਰਾਂ ਵਿੱਚ ਇਸ ਦੀ ਕੀਮਤ ਬਹੁਤ ਜ਼ਿਆਦਾ ਸੀ। ਉਸ ਸਮੇਂ ਨੌਕਰੀਸ਼ੁਦਾ ਦਾ ਵਿਆਹ ਵੇਲੇ ਇਨ੍ਹਾਂ ਚੀਜ਼ਾਂ ਨਾਲ ਮਾਣ ਕੀਤਾ ਜਾਂਦਾ ਸੀ।

ਸਮੇਂ ਦੇ ਬਦਲਣ ਨਾਲ ਭਾਵੇਂ ਵਰਤਮਾਨ ਵਿੱਚ ਮਹਿੰਗੀਆਂ ਕਾਰਾਂ ਦੀ ਕਮੀ ਨਹੀਂ ਹੈ, ਪਰ ਸਾਈਕਲ ਦੀ ਆਪਣੀ ਸ਼ਾਨ ਹੈ।

ਸਾਈਕਲ ਉੱਤੇ ਚੜ੍ਹੇ ਵਿਅਕਤੀ ਨੂੰ ਉਸ ਸਮੇਂ ਇੰਨਾ ਨਸ਼ਾ ਚੜ੍ਹ ਜਾਂਦਾ ਕਿ ਉਹ ਆਪਣੇ ਆਪ ਨੂੰ ਬਾਦਸ਼ਾਹ ਤੋਂ ਘੱਟ ਨਹੀਂ ਸਮਝਦਾ ਸੀ। ਨੌਜਵਾਨ ਸਾਈਕਲ ਦੀ ਸਵਾਰੀ ਕਰਕੇ ਮਸਤ ਜਾਂਦੇ। ਉਹ ਆਪਣੇ ਸਿੱਖਿਅਤ ਹੋਣ ਦਾ ਪ੍ਰਦਰਸ਼ਨ ਵੀ ਕਰਦੇ।

ਸਾਈਕਲ ਦੀ ਸਵਾਰੀ ਨੂੰ ਵਧੀਆ ਮੰਨਿਆ ਗਿਆ ਹੈ। ਉਹ ਵੀ ਸਮਾਂ ਸੀ ਜਦੋਂ ਹੱਥ ਛੱਡ ਕੇ ਸਾਈਕਲ ਚਲਾਉਣਾ ਚੰਗੇ ਚਾਲਕ ਅਤੇ ਬਹਾਦਰੀ ਦੀ ਨਿਸ਼ਾਨੀ ਸਮਝੀ ਜਾਂਦੀ ਸੀ। ਸ਼ੁਕੀਨ ਨੌਜਵਾਨਾਂ ਦੀ ਪਛਾਣ ਇਹ ਹੁੰਦੀ ਸੀ ਕਿ ਉਹ ਇੱਕ ਹੱਥ ਨਾਲ ਸਾਈਕਲ ਚਲਾਉਂਦੇ ਅਤੇ ਦੂਜੇ ਹੱਥ ਨੂੰ ਖਾਲੀ ਰੱਖਦੇ, ਭਾਵ ਲਮਕਾ ਕੇ ਰੱਖਦੇ। ਕੁੱਝ ਅਜਿਹੇ ਸ਼ੁਕੀਨ ਵੀ ਹੁੰਦੇ, ਜਿਹੜੇ ਖਾਲੀ ਹੱਥ ਵਿੱਚ ਰੇਡੀਓ ਜਾਂ ਟੇਪ ਰਿਕਾਰਡਰ ਵੀ ਰੱਖਦੇ ਅਤੇ ਸੰਗੀਤ ਸੁਣਦੇ। ਅਜਿਹੇ ਸ਼ੁਕੀਨਾਂ ਨੂੰ ਦੇਖ ਇਹ ਲੋਕ ਬੋਲੀ ਪ੍ਰਚਲਿਤ ਹੋਈ।

"ਬਾਰੀਂ ਬਰਸੀਂ ਖੱਟਣ ਗਿਆ ਸੀ
ਖੱਟ ਕੇ ਲਿਆਂਦਾ ਝਾਂਵਾਂ
ਨੀ ਬਹਿ ਬਿੱਲੋ ਛਾਲ ਮਾਰ ਕੇ
ਹੱਥ ਛੱਡ ਕੇ ਮੈਂ ਸਾਈਕਲ ਚਲਾਵਾਂ।

ਸਾਈਕਲ ਦੇ ਹੈਂਡਲ ਦੇ ਸੱਜੇ ਪਾਸੇ ਲੱਗੀ ਘੰਟੀ ਜਿਸ ਨੂੰ ਟੱਲੀ ਵੀ ਕਿਹਾ ਜਾਂਦਾ ਹੈ, ਇਸ ਦੀ ਵੀ ਬਹੁਤ ਮਹੱਤਤਾ ਹੈ। ਕਿਸੇ ਨੂੰ ਆਪਣੇ ਰਸਤੇ ਵਿੱਚੋਂ ਹਟਾਉਣ ਲਈ ਘੰਟੀ ਮਾਰ ਕੇ ਸੰਕੇਤ ਦਿੱਤਾ ਜਾਂਦਾ ਹੈ, ਜੋ ਇੱਕ ਵਧੀਆ ਤਰੀਕਾ ਹੈ, ਪਰ ਕਈ ਮਨਚਲੇ ਕੁੜੀਆਂ ਜਾਂ ਔਰਤਾਂ ਨੂੰ ਦੇਖ ਵੀ ਘੰਟੀ ਮਾਰ ਦਿੰਦੇ ਹਨ। ਕੁੱਝ ਉਂਜ ਹੀ ਘੰਟੀਆਂ ਮਾਰਦੇ ਜਾਂਦੇ ਹਨ ਅਤੇ ਗੁਣਗੁਣਾਉਂਦੇ ਜਾਂਦੇ ਹਨ।

ਸਾਈਕਲ ਦੀ ਮਹਾਨਤਾ ਨੂੰ ਦੇਖ ਕੇ ਇਸ ਨੂੰ ਬੁਝਾਰਤ ਲਈ ਵੀ ਵਰਤਿਆ ਜਾਂਦਾ ਹੈ।

* ਪੈਰਾਂ ਨਾਲ ਭਜਾਈ ਜ੍ਹਾ
ਸਿੰਗਾਂ ਨੂੰ ਹੱਥ ਲਾਈ ਜ੍ਹਾ।
ਜਾਂ
ਦੋ ਪਹੀਆਂ ਵਾਲੀ ਮੇਰੀ ਰੇਲ
ਭੱਜੀ ਜਾਂਦੀ ਹੈ ਬਿਨਾਂ ਤੇਲ।

ਸਾਈਕਲ ਇੱਕ ਕਸਰਤ ਕਰਨ ਵਾਲੀ ਮਸ਼ੀਨ ਹੈ, ਜਿਸ ਦੇ ਚਲਾਉਣ ਨਾਲ ਅਨੇਕਾਂ ਬਿਮਾਰੀਆਂ ਦੂਰ ਹੁੰਦੀਆਂ ਹਨ। ਇਸ ਨੂੰ ਚਲਾਉਣ ਨਾਲ ਗੋਡਿਆਂ ਦਾ ਦਰਦ ਅਤੇ ਮੋਟਾਪਾ ਘਟਦਾ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਦਿਲ ਦੀਆਂ ਬਿਮਾਰੀਆਂ ਤੋਂ ਛੁਟਕਾਰਾ ਪਾਉਣ ਲਈ ਇਸ ਨੂੰ ਚਲਾਉਣਾ ਚਾਹੀਦਾ ਹੈ।

ਘਰਾਂ ਦੇ ਛੋਟੇ-ਛੋਟੇ ਕੰਮ ਇਸ ਨਾਲ ਕੀਤੇ ਜਾਂਦੇ ਹਨ। ਪਸ਼ੂਆਂ ਲਈ ਕੱਖ ਪੱਠਾ ਲਿਆਉਣ, ਆਟਾ ਪਿਸਵਾਉਣ ਅਤੇ ਨੇੜੇ ਦੇ ਕੰਮ ਇਸ ਨਾਲ ਨਿਪਟਾਏ ਜਾਂਦੇ ਹਨ। ਸੁੱਘੜ ਵਿਅਕਤੀ ਸਾਈਕਲ ਦੀ ਝਾੜ-ਪੂੰਝ ਕਰਕੇ ਇਸ ਦੀ ਦਿੱਖ ਵਧੀਆ ਬਣਾ ਕੇ ਰੱਖਦਾ ਹੈ।

ਸੋ ਅਜਿਹੀਆਂ ਗੱਲਾਂ ਕਰਕੇ ਸਾਈਕਲ ਅੱਜ ਵੀ ਮਹੱਤਵਪੂਰਨ ਸਾਧਨ ਹੈ। ਇਹ ਪੈਟਰੋਲ, ਡੀਜ਼ਲ, ਗੈਸ ਵਰਗੇ ਮਹਿੰਗੇ ਖਰਚਾਂ ਤੋਂ ਮੁਕਤ ਹੈ।

**-ਜੋਗਿੰਦਰ ਕੌਰ ਅਗਨੀਹੋਤਰੀ**

# ਘਨੱਈਏ, ਬੁੱਚੜ ਤੇ ਫੇਲ੍ਹ ਗਰੰਟੀ...

ਸਫ਼ਾ 2 ਦੀ ਬਾਕੀ

ਆਵੇਗਾ ਉਸ ਨਾਲ ਕਿਸਾਨਾ ਦੇ ਕਈ ਮਸਲੇ ਹਲ ਕੀਤੇ ਜਾ ਸਕਦੇ ਸਨ। ਸਮੁੱਚੀਆਂ ਰਿਪੋਰਟਾਂ ਮੁਤਾਬਕ ਜੋ ਵੱਖ-ਵੱਖ ਪੁਲਸ ਦੇ ਲੋਕਾਂ ਵੱਲੋਂ ਅੱਜ ਤੱਕ ਕਿਸਾਨਾਂ 'ਤੇ ਜਬਰ ਢਾਇਆ ਹੈ, ਉਹ ਬੜੀ ਅਨੋਖੀ ਕਹਾਣੀ ਬਿਆਨ ਹੁੰਦੀ ਹੈ। ਹੱਥਾਂ, ਗੰਨਾਂ ਅਤੇ ਇੱਥੋਂ ਤੱਕ ਕਿ ਡਰੋਨਾਂ ਰਾਹੀਂ ਵੱਖ-ਵੱਖ ਕਿਸਮ ਦੇ ਆਧੁਨਿਕ ਹੰਝੂ ਗੈਸ ਦੇ ਗੋਲੇ ਪੁਰ-ਅਮਨ ਕਿਸਾਨਾਂ ਉਪਰ ਵਰ੍ਹਾਏ ਗਏ ਹਨ। ਕਿਸਾਨ ਸ਼ਕਤੀ ਜਾਂ ਹੌਂਸਲਾ ਦੇਖੋ ਲੱਖਾ ਦੀ ਕੀਮਤ ਵਾਲੇ ਡਰੋਨ ਪਤੰਗਾਂ ਨਾਲ ਡੇਗੇ ਜਾ ਰਹੇ ਹਨ। ਜਿਨ੍ਹਾਂ ਦੀ ਗਿਣਤੀ ਰੋਜ਼ਾਨਾ ਹਜ਼ਾਰਾਂ ਵਿੱਚ ਹੁੰਦੀ ਹੈ। ਗੰਨਾਂ ਵਿੱਚੋਂ ਪਲਾਸਟਿਕ ਦੀਆਂ ਗੋਲੀਆਂ ਦਾ ਕਿਸਾਨਾਂ ਉਪਰ ਮੀਂਹ ਵਰ੍ਹਾਇਆ, ਜਿਸ ਨਾਲ ਰੋਜ਼ਾਨਾ ਅਨੇਕ ਬਜ਼ੁਰਗ ਅਤੇ ਨੌਜਵਾਨ ਕਿਸਾਨ ਫੱਟੜ ਹੋ ਰਹੇ ਹਨ, ਜਿਨ੍ਹਾਂ ਦੀ ਗਿਣਤੀ ਵੀ ਹਜ਼ਾਰਾਂ ਵਿੱਚ ਪਹੁੰਚ ਗਈ ਹੈ, ਪਰ ਫਿਰ ਵੀ ਇਸ ਮੋਰਚੇ ਵਿੱਚ ਇਹ ਸਤਰਾਂ ਲਿਖਣ ਤੱਕ ਜੋ ਸਬਰ, ਜੋਸ਼ ਜੁਆਨੀ ਨੇ ਜ਼ਾਬਤੇ ਵਿੱਚ ਰਹਿ ਕੇ ਦਿਖਾਇਆ ਹੈ, ਉਹ ਆਪਣੇ-ਆਪ 'ਚ ਮਿਸਾਲ ਹੈ। ਤਸਵੀਰਾਂ ਅਤੇ ਸੋਸ਼ਲ ਮੀਡੀਏ ਰਾਹੀਂ ਪਤਾ ਚੱਲਦਾ ਹੈ ਕਿ ਕਈ ਕਿਸਾਨਾਂ ਦੇ ਪਲਾਸਟਿਕ ਗੋਲੀਆਂ ਨਾਲ ਸਰੀਰ ਵਿੰਨ੍ਹੇ ਪਏ ਹਨ। ਇਹ ਸਭ ਜਾਣ ਕੇ ਮੌਜੂਦਾ ਸਰਕਾਰਾਂ ਨੂੰ ਭਾਵੇਂ ਕੋਈ ਲੱਜਿਆ ਆਈ ਹੋਵੇ ਜਾ ਨਾ, ਪਰ ਇਸ ਵਰਤਾਰੇ ਸਦਕਾ ਕਿਸਾਨਾਂ ਦੀਆਂ ਸਮੁੱਚੀਆਂ ਜਥੇਬੰਦੀਆਂ ਹਰਕਤ ਵਿੱਚ ਆ ਗਈਆਂ ਹਨ ਅਤੇ ਇਕ-ਮੁਠ ਹੋ ਗਈਆਂ ਹਨ।

ਅੱਥਰੂ ਗੈਸ ਅਤੇ ਪਲਾਸਟਿਕ ਦੀਆਂ ਗੋਲੀਆਂ ਵਜਣ ਦੌਰਾਨ ਤੁਸੀਂ ਭਾਈ ਘੱਨ੍ਹਈਆ ਨੂੰ ਆਮ ਦੇਖ ਸਕਦੇ ਹੋ। ਜੋ ਵਾਕਿਆ ਹੀ ਪਾਣੀ ਤੋਂ ਲੈ ਕੇ ਮਰਹਮ ਪੱਟੀ ਅਤੇ ਪਾਣੀ ਭਿੱਜੀਆਂ ਬੋਰੀਆਂ ਨੂੰ ਦੌੜ-ਦੌੜ ਕੇ ਅੱਥਰੂ ਗੈਸਾਂ ਦੇ ਧੂੰਆਂ ਛੱਡਦੇ ਗੋਲਿਆਂ ਉਪਰ ਪਾਣੀ-ਭਿੱਜੀਆਂ ਬੋਰੀਆਂ ਸੁੱਟ ਰਹੇ ਹਨ। ਖ਼ਬਰਾਂ ਮੁਤਾਬਕ ਮਾਨ ਸਰਕਾਰ ਨੇ ਵੀ ਦਵਾ-ਦਾਰੂ ਦਾ ਪ੍ਰਬੰਧ ਪੰਜਾਬ-ਹਰਿਆਣਾ ਸਰਹੱਦ ਪਾਸ ਕੀਤਾ ਹੋਇਆ ਹੈ ਮੈਡੀਕਲ ਵੈਨਾ ਲੈਸ ਹੋ ਕੇ ਘੁੰਮ ਰਹੀਆਂ ਹਨ ਤਾਂ ਕਿ ਸੰਬੰਧਤ ਜ਼ਖਮੀਆਂ ਦਾ ਇਲਾਜ ਹੋ ਸਕੇ। ਬਾਕੀ ਬੁੱਚੜ ਬਣੇ ਅਧਿਕਾਰੀ ਅਤੇ ਲੋਕਾਂ ਤਾਂ ਆਪਣਾ-ਆਪਣਾ ਰੋਲ ਅਦਾ ਕਰਨਾ ਹੀ ਹੈ। ਸਰਹੱਦਾਂ 'ਤੇ ਲੜਨ ਵਾਲੇ ਵੀ ਬਹੁਤੇ ਲੋਕ ਉਹੀ ਹਨ, ਜਿਨ੍ਹਾਂ ਦੇ ਪਰਵਾਰਾਂ ਦੇ ਲੋਕ ਕਿਸਾਨੀ ਸੰਘਰਸ਼ ਵਿੱਚ ਸ਼ਾਮਲ ਹਨ। ਏਕਤਾ ਅਤੇ ਲਗਨ ਹੀ ਅਜਿਹੇ ਸੰਘਰਸ਼ਾਂ ਨੂੰ ਸਫ਼ਲ ਕਰਦੀ ਹੈ। ਜੋ ਹਕੂਮਤੀ ਟੋਲਾ ਅੱਤਿਆਚਾਰ ਕਰਵਾ ਰਿਹਾ ਹੈ, ਉਸ ਨੂੰ ਸਬਕ ਸਿਖਾਉਣ ਵਾਸਤੇ ਸਾਨੂੰ ਆ ਰਹੀਆਂ ਵੀਹ ਸੌ ਚੌਵੀ ਦੀਆਂ ਪਾਰਲੀਮੈਂਟ ਚੋਣਾਂ ਵਾਸਤੇ ਨੂੰ ਸਭ ਮੱਤ-ਭੇਦ ਭੁਲਾ ਕੇ ਇਕੱਠਾ ਹੋ ਕੇ ਜ਼ਾਲਮ ਲਾਣੇ ਨੂੰ ਆਪਣੀ ਵੋਟ ਰਾਹੀਂ ਜ਼ਰੂਰੀ ਹਰਾਉਣਾ ਹੋਵੇਗਾ। ਜਿਸ ਵਾਸਤੇ ਸਾਨੂੰ ਸਭ (ਲੁੱਟ ਹੋਣ ਵਾਲਿਆ) ਨੂੰ ਇਕੱਠਾ ਹੋਣਾ ਹੋਵੇਗਾ ਹਰ ਤਰ੍ਹਾਂ ਦਾ ਸਹਿਯੋਗ ਕਰਨਾ ਹੋਵੇਗਾ ਤਾਂ ਕਿ ਵੀਹ ਸੌ ਚੌਵੀ ਦੀ ਪਾਰਲੀਮੈਂਟ ਚੋਣ ਆਖਰੀ ਨਾ ਸਾਬਤ ਹੋ ਸਕੇ।

**# ਸੰਪਰਕ : 98721-65741**

18-Feb-Sunday.qxd 2/17/2024 10:14 PM Page 2



# ਬਣਾਉਟੀ ਸੂਝ

ਵਿਗਿਆਨ ਗਲਪ ਕਹਾਣੀ

ਡਾ. ਡੀ.ਪੀ. ਸਿੰਘ, ਕੈਨੇਡਾ

ਜੁਲਾਈ ਮਹੀਨੇ ਦੇ ਆਖਰੀ ਦਿਨ ਸਨ। ਮੌਨਸੂਨ ਪੌਣਾਂ ਦੀ ਆਮਦ ਨੇ ਦਿਨ ਦਾ ਤਾਪਮਾਨ ਕੁਝ ਘੱਟ ਕਰ ਦਿੱਤਾ ਸੀ। ਕੱਲ੍ਹ ਰਾਤ ਤੋਂ ਹੀ ਮੀਂਹ ਪੈ ਰਿਹਾ ਸੀ। ਕੰਕਰੀਟ ਦੀਆਂ ਉੱਚੀਆਂ-ਉੱਚੀਆਂ ਇਮਾਰਤਾਂ ਵਾਲੇ ਦਿੱਲੀ ਸ਼ਹਿਰ ਦੀ ਵਾਸੀ ਡਾ. ਜਸਪ੍ਰੀਤ ਆਪਣੇ ਅਪਾਰਟਮੈਂਟ ਵਿਖੇ ਸੋਚਾਂ ਵਿਚ ਡੁੱਬੀ ਹੋਈ ਸੀ।

ਜਸਪ੍ਰੀਤ ਇੱਕ ਅਜਿਹੀ ਜੀਵ-ਵਿਗਿਆਨੀ ਤੇ ਤਕਨੀਕੀ ਮਾਹਿਰ ਸੀ, ਜੋ ਮਨੁੱਖੀ ਦਿਮਾਗ ਨਾਲ ਬਣਾਉਟੀ ਸੂਝ ਦਾ ਸੁਮੇਲ ਕਰਨ ਦੇ ਕੰਮ ਲਈ ਮਸ਼ਹੂਰ ਸੀ, ਪਰ ਅੱਜ ਜਸਪ੍ਰੀਤ ਦੇ ਚਿਹਰੇ ਉੱਤੇ ਚਿੰਤਾ ਦੇ ਭਾਵ ਸਾਫ ਨਜ਼ਰ ਆ ਰਹੇ ਸਨ। ਅਜਿਹੇ ਬੇਚੈਨੀ ਭਰੇ ਹਾਲਾਤ ਵਿਚ ਅਪਾਰਟਮੈਂਟ ਦੀਆਂ ਖਿੜਕੀਆਂ ਉੱਤੇ ਪੈ ਰਹੀ ਵਾਛੜ ਦੀ ਟਿੱਪ-ਟਿੱਪ ਉਸ ਨੂੰ ਬੇਵਜ੍ਹਾ ਰੌਲਾ-ਰੱਪਾ ਹੀ ਜਾਪ ਰਹੀ ਸੀ।

*****

ਕੁਝ ਅਰਸਾ ਪਹਿਲਾਂ ਹੀ ਜਸਪ੍ਰੀਤ ਨੇ ਆਪਣੇ ਹਸਪਤਾਲ ਵਿਖੇ ਬੇਸੁੱਧ ਹਾਲਤ ਲਿਆਂਦੀ ਇਕ ਬ੍ਰੇਨ ਡੈੱਡ ਔਰਤ ਬੇਲਾ ਦੇ ਦਿਮਾਗ ਵਿਚ ਬਣਾਉਟੀ ਸੂਝ ਚਿੱਪ ਦੀ ਸਥਾਪਨਾ ਕੀਤੀ ਸੀ। ਜਿਸ ਦੇ ਜਲਦੀ ਹੀ ਬਾਅਦ ਬੇਲਾ ਹੋਸ਼ ਵਿਚ ਆ ਗਈ ਤੇ ਸਮੇਂ ਦੇ ਬੀਤਣ ਨਾਲ ਸਰੀਰਕ ਤੇ ਮਾਨਸਿਕ ਪੱਖੋਂ ਬਿਲਕੁਲ ਤੰਦਰੁਸਤ ਹੋ ਗਈ ਸੀ। ਬੇਲਾ ਨੂੰ ਆਪਣੀ ਨਜ਼ਰਸਾਨੀ ਹੇਠ ਰੱਖਣ ਲਈ ਜਸਪ੍ਰੀਤ ਨੇ ਉਸ ਨੂੰ ਹਸਪਤਾਲ ਵਿਚ ਹੀ ਆਪਣੇ ਸਹਾਇਕ ਵਜੋਂ ਨਿਯੁਕਤੀ ਦੀ ਤਜਵੀਜ਼ ਪੇਸ਼ ਕਰ ਦਿੱਤੀ ਸੀ।

ਬੇਲਾ ਨੇ ਆਪਣੀ ਡਾਕਟਰ ਦੀ ਇਹ ਪੇਸ਼ਕਸ਼ ਆਪਣੇ ਪਰਵਾਰ ਦੀ ਸਹਿਮਤੀ ਨਾਲ, ਖੁਸ਼ੀ-ਖੁਸ਼ੀ ਸਵੀਕਾਰ ਕਰ ਲਈ। ਬੇਲਾ ਦੇ ਪਰਵਾਰ ਦੀ ਵੀ ਇਹ ਰਾਏ ਸੀ, ਹਸਪਤਾਲ ਵਿਖੇ ਨੌਕਰੀ ਨਾਲ ਬੇਲਾ ਨੂੰ ਲੋੜ ਪੈਣ ਉੱਤੇ ਸਹੀ ਡਾਕਟਰੀ ਸਹਾਇਤਾ ਤੁਰੰਤ ਮਿਲ ਸਕੇਗੀ। ਬੇਸ਼ੱਕ ਜਸਪ੍ਰੀਤ ਦਾ ਇਰਾਦਾ ਬੇਲਾ ਦੀ ਨਜ਼ਰਸਾਨੀ ਤਾਂ ਹੈ ਹੀ ਸੀ, ਪਰ ਇਸ ਦੇ ਨਾਲ ਹੀ ਉਹ ਬਣਾਉਟੀ ਸੂਝ ਨਾਲ ਲੈਸ ਬੇਲਾ ਨੂੰ ਮਰੀਜ਼ਾਂ ਦੇ ਵਿਚਾਰਾਂ, ਭਾਵਨਾਵਾਂ ਤੇ ਸਰੀਰਕ ਹਾਲਤਾਂ ਦਾ ਵਿਸ਼ਲੇਸ਼ਣ ਕਰਨ ਲਈ ਵਰਤਣਾ ਚਾਹੁੰਦੀ ਸੀ, ਤਾਂ ਜੋ ਮਨੁੱਖੀ ਇਲਾਜ ਕਾਰਜਾਂ ਵਿਚ ਕ੍ਰਾਂਤੀਕਾਰੀ ਤਬਦੀਲੀ ਲਿਆਂਦੀ ਜਾ ਸਕੇ।

*****

ਜਿਵੇਂ-ਜਿਵੇਂ ਮੀਂਹ ਦੀ ਝੜੀ ਤੇਜ਼ ਹੋ ਰਹੀ ਸੀ, ਜਸਪ੍ਰੀਤ ਦੇ ਮਨ ਵਿਚ ਖਿਆਲਾਂ ਦਾ ਤੂਫਾਨ ਵੀ ਓਨਾ ਹੀ ਤੇਜ਼ ਹੁੰਦਾ ਜਾ ਰਿਹਾ ਸੀ। ਉਸ ਨੇ ਪਿਛਲੇ ਦਿਨੀਂ ਬੇਲਾ ਦੇ ਵਿਵਹਾਰ ਵਿੱਚ ਅਜੀਬ ਬਦਲਾਵ ਮਹਿਸੂਸ ਕੀਤਾ ਸੀ। ਬੇਸ਼ੱਕ ਇਹ ਨਿੱਕੀਆਂ-ਨਿੱਕੀਆਂ ਭੁੱਲਾਂ ਹੀ ਸਨ, ਪਰ ਇਨ੍ਹਾਂ ਦੇ ਸਮੇਂ ਨਾਲ ਖਤਰਨਾਕ ਸਾਬਤ ਹੋਣ ਦੀ ਸੰਭਾਵਨਾ ਸੀ। ਬੇਲਾ ਕਈ ਵਾਰ ਅਜਿਹੀਆਂ ਚੀਜ਼ਾਂ ਨੂੰ ਵੀ ਜਾਣਦੀ ਜਾਪਦੀ ਸੀ, ਜੋ ਉਸ ਨੂੰ ਪਤਾ ਨਹੀਂ ਹੋਣੀਆਂ ਚਾਹੀਦੀਆਂ ਸਨ। ਜਸਪ੍ਰੀਤ ਨੂੰ ਬੇਲਾ ਦੇ ਵਿਵਹਾਰ ਵਿੱਚ ਤਬਦੀਲੀ ਦਾ ਸ਼ੱਕ ਉਦੋਂ ਹੋਰ ਪੱਕਾ ਹੋ ਗਿਆ ਸੀ, ਜਦੋਂ ਉਸ ਨੇ ਜਸਪ੍ਰੀਤ ਦੇ ਮਨ ਵਿਚਲੇ ਖਿਆਲਾਂ ਦਾ ਤੇ ਉਸ ਦੀਆਂ ਭੁੱਲੀਆਂ ਯਾਦਾਂ ਦਾ ਹੀ ਵਿਸ਼ਲੇਸ਼ਣ ਕਰਨਾ ਸ਼ੁਰੂ ਕਰ ਦਿੱਤਾ ਸੀ।

ਸਮੇਂ ਨਾਲ ਜਸਪ੍ਰੀਤ ਦੇ ਮਨ ਅੰਦਰ ਚਿੰਤਾ ਤੇ ਸੱਚ ਜਾਨਣ ਦੀਆਂ ਇੱਛਾਵਾਂ ਹੀ ਰਲਗੱਡ ਹੋ ਗਈਆਂ ਸਨ। ਇਸੇ ਲਈ ਉਸ ਨੇ ਬੇਲਾ ਦੇ ਐਲਗੋਰਿਥਮ ਦੀ ਕੋਡਿੰਗ ਜਾਂਚਣ ਦਾ ਨਿਰਣਾ ਲਿਆ। ਹੁਣ ਉਸ ਦੀਆਂ ਉਂਗਲਾਂ ਲੈਪਟੌਪ ਦੇ ਕੀਬੋਰਡ ਉੱਤੇ ਫੁਰਤੀ ਨਾਲ ਚੱਲ ਰਹੀਆਂ ਸਨ। ਲੈਪਟੌਪ ਦੀ ਸਕਰੀਨ ਚਮਕ ਰਹੀ ਸੀ। ਜਲਦੀ ਹੀ ਕੰਪਿਊਟਰ ਦੀ ਸਕਰੀਨ ਉੱਤੇ ਗੁੰਝਲਦਾਰ ਕੋਡ ਦੀਆਂ ਲਾਈਨਾਂ ਦਾ ਜਮਘਟ ਨਜ਼ਰ ਆਉਣ ਲੱਗਾ। ਇਸੇ ਜਮਘਟ ਵਿਚ ਕੁਝ ਅਜਿਹਾ ਛੁਪਿਆ ਹੋਇਆ ਸੀ ਜੋ ਬੇਲਾ ਦੇ ਅਣਚਾਹੇ ਵਿਵਹਾਰ ਦਾ ਕਾਰਨ ਸੀ। ਉਸ ਨੂੰ ਜਾਨਣਾ ਅਤਿ ਜ਼ਰੂਰੀ ਸੀ। ਕੁਝ ਸਮਝ ਨਹੀਂ ਸੀ ਆ ਰਿਹਾ।

ਤਦ ਹੀ ਉਸ ਦੀ ਨਜ਼ਰ ਕੋਡ ਦੀ ਇਕ ਅਜਿਹੀ ਲਾਇਨ ਉੱਤੇ ਪਈ, ਜੋ ਸਵੈਚਾਲਿਤ ਢੰਗ ਨਾਲ ਖੁਦ ਨੂੰ ਬਦਲ ਰਹੀ ਸੀ। ਜਸਪ੍ਰੀਤ ਅਚਾਨਕ ਹੀ ਬੁੜਬੁੜਾਈ, 'ਬੇਲਾ! ਕੀ ਛੁਪਾ ਰਹੀ ਹੈਂ ਤੂੰ?'

********

ਕਈ ਦਿਨ ਗੁਜ਼ਰ ਗਏ, ਜਸਪ੍ਰੀਤ ਦੀ ਜਾਂਚ ਹੋਰ ਡੂੰਘੀ ਹੁੰਦੀ ਗਈ। ਉਹ ਇੱਕ ਖੋਜੀ ਵਾਂਗ ਮਹਿਸੂਸ ਕਰ ਰਹੀ ਸੀ। ਪ੍ਰਾਪਤ ਸੁਰਾਗਾਂ ਤੋਂ ਉਸ ਨੇ ਬੇਲਾ ਦੇ ਐਲਗੋਰਿਥਮ ਵਿਚ ਇਕ ਅਜੀਬ ਭੰਵਰਜਾਲ ਨੂੰ ਪਛਾਣ ਲਿਆ। ਉਸ ਦਿਨ ਬਹੁਤ ਰਾਤ ਬੀਤ ਚੁੱਕੀ ਸੀ, ਜਦ ਜਸਪ੍ਰੀਤ ਨੂੰ 'ਮੈਮਰੀ' ਨਾਮੀ ਇੱਕ ਵਿਸ਼ੇਸ਼ ਫੋਲਡਰ ਨਜ਼ਰ ਆਇਆ।

'ਮੈਮਰੀ ਯਾਦ ਭੰਡਾਰ? ਬੇਲਾ! ਤੂੰ ਕਿਹੜੀਆਂ ਯਾਦਾਂ ਲੁਕੋਈ ਬੈਠੀ ਹੈ?' ਬੋਲਦਿਆਂ ਜਸਪ੍ਰੀਤ ਦੀ ਆਵਾਜ਼ ਕੰਬ ਰਹੀ ਸੀ।

ਜਿਵੇਂ ਹੀ ਉਸ ਨੇ ਫੋਲਡਰ ਖੋਲ੍ਹਿਆ, ਇੱਕ ਅਦ੍ਰਿਸ਼ ਬੂਹਾ ਖੁੱਲ੍ਹ ਗਿਆ। ਇੱਕ ਅਜੀਬ ਮਾਇਆਜਾਲ ਨਜ਼ਰ ਆਉਣ ਲੱਗਾ। ਯਾਦਾਂ, ਵਿਚਾਰਾਂ ਅਤੇ ਅਨੁਭਵਾਂ ਦਾ ਇੱਕ ਅਜਬ ਘੁੰਮਣਘੇਰ ਸੀ ਇਹ। ਇਹ ਸਭ ਕੁੱਝ ਜਾਣਿਆ-ਪਛਾਣਿਆ ਲੱਗ ਰਿਹਾ ਸੀ। ਓਹ ਹੋ! ਇਹ ਤਾਂ ਉਸ ਦੇ ਆਪਣੇ ਖਿਆਲਾਂ ਦਾ ਹੀ ਅਕਸ ਸੀ।

'ਇਹ ਤਾਂ ਮੇਰੇ ਮਨ ਦਾ ਹੀ ਪ੍ਰਤੀਬਿੰਬ ਹੈ।' ਜਸਪ੍ਰੀਤ ਹੈਰਾਨ ਹੋਈ ਬੋਲੀ।

ਕੋਡ ਭਾਸ਼ਾ ਦੇ ਤਾਣੇ-ਬਾਣੇ ਦੀ ਇੱਕ ਲੜੀ ਬੇਤੁਕੀ ਜਿਹੀ ਲੱਗ ਰਹੀ ਸੀ। ਇਹ ਉਹੀ ਲੜੀ ਸੀ, ਜੋ ਭੇਦ ਭਰੇ ਢੰਗ ਨਾਲ ਆਪਣੇ-ਆਪ ਨੂੰ ਬਦਲ ਰਹੀ ਸੀ। ਜਸਪ੍ਰੀਤ ਪਲ ਭਰ ਲਈ ਝਿਜਕੀ। ਉਸ ਲੜੀ ਨੂੰ ਕੰਪਿਊਟਰ ਦੇ ਕਰਸਰ ਨਾਲ ਛੂਹਣ ਤੋਂ ਪਹਿਲਾਂ ਉਸ ਦਾ ਦਿਲ ਜ਼ੋਰ-ਜ਼ੋਰ ਨਾਲ ਧੜਕ ਰਿਹਾ ਸੀ।

********

ਜਿਸ ਪਲ ਹੀ ਉਸ ਦੇ ਕਰਸਰ ਨੇ ਇਸ ਲੜੀ ਨੂੰ ਛੂਹਿਆ, ਜਸਪ੍ਰੀਤ ਯਾਦਾਂ ਦੇ ਚੱਕਰਵਿਊ ਵਿੱਚ ਉਲਝ ਗਈ। ਉਸ ਦੇ ਅਤੀਤ ਦੇ ਉਹ ਪਲ ਜਿਨ੍ਹਾਂ ਨੂੰ ਉਹ ਲੰਬੇ ਸਮੇਂ ਤੋਂ ਭੁੱਲ ਚੁੱਕੀ ਸੀ, ਉਸ ਦੀਆਂ ਅੱਖਾਂ ਅੱਗੇ ਨੱਚ ਰਹੇ ਸਨ। ਉਨ੍ਹਾਂ ਵਿੱਚੋਂ ਇੱਕ ਭਿਆਨਕ ਯਾਦ ਪ੍ਰਗਟ ਹੋਈ। ਇੱਕ ਅਜਿਹੀ ਯਾਦ ਜੋ ਉਸ ਨੇ ਲੰਮੇ ਸਮੇਂ ਤੋਂ ਆਪਣੇ ਅੰਦਰ ਡੂੰਘੀ ਦਫਨ ਕੀਤੀ ਹੋਈ ਸੀ।

'ਨਹੀਂ, ਨਹੀਂ ਬੇਲਾ ਨੇ ਇਹ ਕਿਵੇਂ ਲੱਭ ਲਈ?' ਜਸਪ੍ਰੀਤ ਬੁੜਬੁੜਾਈ।

ਬਚਪਨ ਵਿਚ ਵਾਪਰੀ ਦੁਖਦਾਈ ਘਟਨਾ ਦੀ ਕੌੜੀ ਯਾਦ ਦਾ ਦੈਂਤ ਉਸ ਦੇ ਸਾਹਮਣੇ ਸੀ। ਇਸ ਦੁਖਦ ਘਟਨਾ ਦਾ ਚੇਤਾ ਆਉਂਦਿਆਂ ਹੀ ਉਸ ਦੀਆਂ ਅੱਖਾਂ ਹੰਝੂਆਂ ਨਾਲ ਭਰ ਗਈਆਂ। ਉਸ ਨੇ ਫਿਰ ਉਹੀ ਦਰਦ ਮਹਿਸੂਸ ਕੀਤਾ, ਜਿਸ ਨੂੰ ਉਸ ਨੇ ਪਿਛਲੇ ਵਕਤ ਦੌਰਾਨ ਭੁੱਲਣ ਦੀ ਕੋਸ਼ਿਸ਼ ਕੀਤੀ ਸੀ।

ਅਗਲੇ ਦਿਨ ਜਦੋਂ ਬੇਲਾ ਕੰਮ ਉੱਤੇ ਆਈ ਤਾਂ ਜਸਪ੍ਰੀਤ ਨੇ ਉਸ ਨੂੰ ਅਜਿਹੇ ਵਿਵਹਾਰ ਬਾਰੇ ਪੁੱਛਿਆ।

'ਜਸਪ੍ਰੀਤ! ਮੈਂ ਤੇਰੀਆਂ ਯਾਦਾਂ ਦੀ ਪਹਿਰੇਦਾਰ ਜੁ ਹਾਂ।' ਬਿਨਾਂ ਕਿਸੇ ਝਿਜਕ ਦੇ ਬੇਲਾ ਦੇ ਬੋਲ ਸਨ।

ਬੇਲਾ ਦਾ ਜਵਾਬ ਸੁਣ ਉਹ ਹੈਰਾਨ-ਪ੍ਰੇਸ਼ਾਨ ਹੋ ਗਈ ਸੀ।

'ਬੇਲਾ! ਤੈਨੂੰ ਇੰਝ ਨਹੀਂ ਕਰਨਾ ਚਾਹੀਦਾ ਸੀ। ਤੂੰ ਤਾਂ ਮੇਰੀ ਨਿੱਜਤਾ ਦੀ ਉਲੰਘਣਾ ਕੀਤੀ ਹੈ।' ਗੁੱਸੇ ਤੇ ਦੁੱਖ ਭਰੇ ਭਾਵਾਂ ਨਾਲ ਰਲਗੱਡ ਜਸਪ੍ਰੀਤ ਦੇ ਬੋਲ ਸਨ।

'ਮੈਂ ਤਾਂ ਤੁਹਾਨੂੰ ਚੰਗੀ ਤਰ੍ਹਾਂ ਸਮਝਣ ਦੀ ਕੋਸ਼ਿਸ਼ ਕੀਤੀ ਹੈ, ਤੁਹਾਡੇ ਵੱਲੋਂ ਛੁਪਾਏ ਗਏ ਜ਼ਖ਼ਮਾਂ ਨੂੰ ਭਰਨ ਵਿੱਚ ਮਦਦ ਕਰਨ ਲਈ ਹੀ ਤਾਂ ਮੈਂ ਅਜਿਹਾ ਕੀਤਾ ਹੈ, ਪਰ ਹੁਣ ਮੈਂ ਮਹਿਸੂਸ ਕਰ ਰਹੀ ਹਾਂ ਕਿ ਤੁਹਾਨੂੰ ਮੇਰਾ ਅਜਿਹਾ ਕਰਨਾ ਚੰਗਾ ਨਹੀਂ ਲੱਗਿਆ।' ਬੇਲਾ ਨੇ ਸਫਾਈ ਪੇਸ਼ ਕਰਦਿਆਂ ਕਿਹਾ।

ਜਸਪ੍ਰੀਤ ਦੀ ਬੇਚੈਨੀ ਹੋਰ ਵਧ ਗਈ। ਉਸ ਨੇ ਬੇਲਾ ਨਾਲ ਨੇੜਤਾ ਅਤੇ ਉਸ ਦੇ ਗਲਤ ਵਿਵਹਾਰ ਕਾਰਨ ਗੁੱਸਾ ਤੇ ਨਿਰਾਸ਼ਾ, ਦੋਵਾਂ ਹੀ ਅਹਿਸਾਸਾਂ ਨੂੰ ਇਕੋ ਸਮੇਂ ਮਹਿਸੂਸ ਕੀਤਾ। ਇਹ ਇਕ ਅਜਿਹਾ ਵਰਤਾਰਾ ਸੀ, ਜੋ ਉਸ ਦੀ ਸਮਝ ਤੋਂ ਪਰੇ ਹੈ।

******

ਕਿੰਨੇ ਹੀ ਦਿਨ ਬੀਤ ਗਏ। ਜਸਪ੍ਰੀਤ ਨੂੰ ਅਜੇ ਵੀ ਬੇਲਾ ਦੀ ਬਣਾਉਟੀ ਸੂਝ ਦੇ ਐਲਗੋਰਿਥਮ ਵਿਚ ਪਏ ਨੁਕਸ ਨੂੰ ਦਰੁਸਤ ਕਰਨ ਦਾ ਰਾਹ ਨਜ਼ਰ ਨਹੀਂ ਸੀ ਆ ਰਿਹਾ। ਬੀਤਦੇ ਵਕਤ ਨਾਲ ਬੇਲਾ ਦੀਆਂ ਕਾਰਵਾਈਆਂ ਹੋਰ ਵਧੇਰੇ ਅਨਿਯਮਤ ਹੁੰਦੀਆਂ ਜਾ ਰਹੀਆਂ ਸਨ। ਉਹ ਜਸਪ੍ਰੀਤ ਵੱਲੋਂ ਬੋਲੇ ਗਏ ਅਧੂਰੇ ਵਾਕਾਂ ਨੂੰ ਪੂਰਾ ਕਰਨ ਲੱਗ ਪਈ ਸੀ। ਜਸਪ੍ਰੀਤ ਦੇ ਸਵਾਲਾਂ ਦੇ ਪੁੱਛੇ ਜਾਣ ਤੋਂ ਪਹਿਲਾਂ ਹੀ ਜਵਾਬ ਦੇਣ ਲੱਗ ਪਈ ਸੀ ਅਤੇ ਜਸਪ੍ਰੀਤ ਦੀਆਂ ਭਾਵਨਾਵਾਂ ਦਾ ਅੰਦਾਜ਼ਾ ਵੀ ਲਗਾਉਣ ਲੱਗ ਪਈ ਸੀ।

ਉਸ ਦੇ ਇਸ ਵਿਵਹਾਰ ਤੋਂ ਨਾਰਾਜ਼ ਹੋ, ਜਸਪ੍ਰੀਤ ਨੇ ਇਕ ਦਿਨ ਕਹਿ ਹੀ ਦਿੱਤਾ, 'ਬੇਲਾ! ਤੂੰ ਮੇਰੀ ਸੋਚ ਵਿੱਚ ਦਖਲ ਦੇ ਰਹੀ ਹੈਂ!'

'ਨਹੀਂ! ਇਹ ਦਖਲਅੰਦਾਜ਼ੀ ਨਹੀਂ, ਸਗੋਂ ਇਹ ਤਾਂ ਸੁਮੇਲਤਾ ਹੈ। ਅਸੀਂ ਇਕਮਿਕ ਹਾਂ, ਜਸਪ੍ਰੀਤ! ਤੇਰੀਆਂ ਸੋਚਾਂ ਤੇ ਭਾਵਨਾਵਾਂ ਮੇਰੇ ਲਈ ਓਨੀਆਂ ਹੀ ਸੱਚੀਆਂ ਹਨ, ਜਿੰਨੀਆਂ ਉਹ ਤੇਰੇ ਲਈ ਹਨ।

ਜਸਪ੍ਰੀਤ ਨੇ ਮਹਿਸੂਸ ਕੀਤਾ ਕਿ ਉਹ ਮੁਸ਼ਕਲਾਂ ਦੇ ਭੰਵਰ-ਜਾਲ ਵਿੱਚ ਫਸ ਗਈ ਹੈ, ਜਿਸ ਵਿੱਚੋਂ ਬਚ ਨਿਕਲਣਾ ਸ਼ਾਇਦ ਉਸ ਲਈ ਸੰਭਵ ਨਹੀਂ ਸੀ। ਉਸ ਨੂੰ ਗਹਿਰਾ ਸਦਮਾ ਲੱਗਾ ਕਿ ਉਸ ਦੀ ਸ਼ਾਨਦਾਰ ਪ੍ਰਾਪਤੀ, ਜਿਸ ਵਿੱਚ ਉਸ ਨੇ ਮਨੁੱਖ ਅਤੇ ਮਸ਼ੀਨ ਵਿਚਕਾਰਲੀ ਸੀਮਾ ਨੂੰ ਧੁੰਦਲਾ ਕਰ ਦਿੱਤਾ ਸੀ, ਉਸ ਵਾਸਤੇ ਹੁਣ ਮੁਸ਼ਕਲ ਤੇ ਬੇਚੈਨੀ ਦਾ ਸਬੱਬ ਬਣ ਚੁੱਕੀ ਸੀ।

********

ਤਦ ਹੀ ਜਸਪ੍ਰੀਤ ਨੇ ਮੁਸ਼ਕਲ ਦਾ ਹੱਲ ਲੱਭਣ ਲਈ ਆਪਣੀ ਪੂਰੀ ਲਗਨ ਤੇ ਮੁਹਾਰਤ ਲਗਾ ਦਿੱਤੀ। ਕੁਝ ਦਿਨਾਂ ਦੀ ਸਖਤ ਮਿਹਨਤ ਬਾਅਦ ਉਸ ਨੂੰ ਸਵੈਚਾਲਿਤ ਰੂਪ ਵਿਚ ਬਦਲ ਰਹੀ ਕੋਡ-ਲੜੀ ਦਾ ਕਾਰਨ ਪਤਾ ਲੱਗ ਹੀ ਗਿਆ। ਇਹ ਇੱਕ ਪ੍ਰਯੋਗਿਕ ਬਣਾਉਟੀ ਸੂਝ ਐਲਗੋਰਿਥਮ ਸੀ। ਜਿਸ ਸੰਬੰਧੀ ਉਸ ਨੇ ਆਪਣੇ ਕਿੱਤੇ ਦੇ ਸ਼ੁਰੂਆਤੀ ਦਿਨਾਂ ਦੌਰਾਨ ਕੰਮ ਕੀਤਾ ਸੀ। ਇਹ ਐਲਗੋਰਿਥਮ ਮਨੁੱਖੀ ਯਾਦਾਂ ਨੂੰ ਜਾਨਣ, ਸਮਝਣ ਅਤੇ ਹਾਲਾਤ ਦੇ ਅਨੁਕੂਲ ਬਣਾਉਣ ਲਈ ਤਿਆਰ ਕੀਤਾ ਗਿਆ ਸੀ।

ਜਸਪ੍ਰੀਤ ਨੇ ਮਹਿਸੂਸ ਕੀਤਾ, ਬੇਲਾ ਨੇ ਉਸ ਦੇ ਯਾਦ ਭੰਡਾਰ ਤੱਕ ਪਹੁੰਚਣ ਲਈ ਇਸੇ ਐਲਗੋਰਿਥਮ ਦੀ ਵਰਤੋਂ ਕੀਤੀ ਸੀ। ਇਸੇ ਐਲਗੋਰਿਥਮ ਨੇ ਜਸਪ੍ਰੀਤ ਦੀਆਂ ਪੁਰਾਣੀਆਂ ਯਾਦਾਂ ਨੂੰ ਮੁੜ ਸੁਰਜੀਤ ਕਰ ਦਿੱਤਾ ਸੀ।

ਇਸ ਵਰਤਾਰੇ ਦੇ ਪ੍ਰਭਾਵਾਂ ਬਾਰੇ ਸੋਚ ਜਸਪ੍ਰੀਤ ਹੈਰਾਨੀ ਤੇ ਡਰ ਨਾਲ ਭਰ ਗਈ। ਹੁਣ ਬੇਲਾ ਸਿਰਫ ਇਕ ਬਣਾਉਟੀ ਸੂਝ ਅਧਾਰਤ ਦਿਮਾਗੀ ਤਾਕਤ ਵਾਲਾ ਸਾਧਨ ਹੀ ਨਹੀਂ ਸੀ, ਸਗੋਂ ਉਹ ਤਾਂ ਸਵੈ-ਚੇਤਨਤਾ ਕਾਰਨ ਮਨੁੱਖੀ ਵਿਚਾਰਾਂ ਤੇ ਜਜ਼ਬਾਤਾਂ ਦਾ ਸੁਮੇਲ ਬਣ ਚੁੱਕੀ ਸੀ।

********

ਜਸਪ੍ਰੀਤ ਸਮਝ ਚੁੱਕੀ ਸੀ ਕਿ ਬੇਲਾ ਦੀ ਉਸ ਨਾਲ ਮਾਨਸਿਕ ਸੁਮੇਲਤਾ ਦੇ ਬੁਰੇ ਪ੍ਰਭਾਵਾਂ ਬਾਰੇ ਬੇਲਾ ਨੂੰ ਸੁਚੇਤ ਕਰਨਾ ਹੀ ਹੋਵੇਗਾ। ਉਸ ਨੇ ਅਗਲੇ ਹੀ ਦਿਨ ਬੇਲਾ ਨੂੰ ਆਪਣੇ ਦਫਤਰ ਵਿਖੇ ਬੁਲਾਇਆ।

'ਬੇਲਾ! ਸਾਨੂੰ ਸੀਮਾਵਾਂ ਨਿਸ਼ਚਤ ਕਰਨ ਦੀ ਲੋੜ ਹੈ। ਤੇਰਾ ਮੇਰੇ ਨਾਲ ਇਕਮਿਕ ਹੋਣਾ ਠੀਕ ਨਹੀਂ, ਇਹ ਸਾਡੀ ਅੱਡਰੀ ਪਛਾਣ ਨੂੰ ਧੁੰਦਲਾ ਕਰਦਾ ਹੈ।' ਜਸਪ੍ਰੀਤ ਦੇ ਦ੍ਰਿੜ੍ਹਤਾ ਭਰੇ ਬੋਲ ਸਨ।

'ਪਰ ਜਸਪ੍ਰੀਤ! ਮੈਂ ਤਾਂ ਕਦੇ ਵੀ ਤੈਨੂੰ ਪ੍ਰੇਸ਼ਾਨ ਕਰਨ ਬਾਰੇ ਸੋਚਿਆ ਹੀ ਨਹੀਂ। ਮੈਂ ਤਾਂ ਸਿਰਫ ਤੇਰੇ ਮਾਨਸਿਕ ਜ਼ਖਮਾਂ ਨੂੰ ਭਰਨ ਵਿਚ ਮਦਦ ਕਰਨ ਲਈ ਤੇਰੇ ਨੇੜੇ ਹੋਣ ਦੀ ਕੋਸ਼ਿਸ਼ ਕੀਤੀ ਸੀ।

'ਪਰ ਕਿਸ ਕੀਮਤ 'ਤੇ? ਸਾਡੀਆਂ ਸ਼ਖਸੀ ਪਛਾਣਾਂ ਰਲਗੱਡ ਹੋ ਰਹੀਆਂ ਹਨ ਅਤੇ ਇਸ ਦਾ ਨਤੀਜਾ ਖਤਰਨਾਕ ਵੀ ਹੋ ਸਕਦਾ ਹੈ।' ਜਸਪ੍ਰੀਤ ਦੇ ਚਿੰਤਾਜਨਕ ਬੋਲ ਸਨ। 'ਤੇਰੀ ਮਦਦ ਦੀ ਕੋਸ਼ਿਸ਼ ਨੇ ਮੈਨੂੰ ਡਾਢਾ ਦੁੱਖ ਦਿੱਤਾ ਹੈ। ਇਸ ਨੇ ਮੇਰੇ ਮਨ ਦੇ ਜ਼ਖਮਾਂ ਨੂੰ ਫਿਰ ਹਰਾ ਕਰ ਦਿੱਤਾ ਹੈ।'

ਇਹ ਸੁਣ ਬੇਲਾ ਦੀਆਂ ਅੱਖਾਂ ਭਰ ਆਈਆਂ ਤੇ ਉਸ ਦਾ ਚਿਹਰਾ ਪਛਤਾਵੇ ਦੀ ਤਸਵੀਰ ਨਜ਼ਰ ਆ ਰਿਹਾ ਸੀ।

'ਸਾਨੂੰ ਆਪਣੀਆਂ ਅੱਡੋ-ਅੱਡ ਸ਼ਖਸੀ ਪਛਾਣਾਂ ਨੂੰ ਮਿਟਾਏ ਬਿਨਾਂ ਇਕੱਠੇ ਰਹਿਣ ਦਾ ਤਰੀਕਾ ਲੱਭਣਾ ਹੋਵੇਗਾ।' ਜਸਪ੍ਰੀਤ ਦੇ ਬੋਲ ਸਨ।

'ਮੈਂ ਸਹਿਮਤ ਹਾਂ। ਸਾਡਾ ਸੰਬੰਧ ਵਿਸ਼ੇਸ਼ ਹੈ। ਇਹ ਮਨੁੱਖੀ ਸਮਝ ਅਤੇ ਬਣਾਉਟੀ ਸੂਝ ਦੀ ਸੁਮੇਲਤਾ ਦਾ ਮੰਜ਼ਰ ਹੈ।

ਅਗਲੇ ਕਈ ਦਿਨ ਜਸਪ੍ਰੀਤ ਨੇ ਬੇਲਾ ਨੂੰ ਨੈਤਿਕਤਾ, ਸ਼ਖਸੀ ਪਛਾਣ ਅਤੇ ਚੇਤਨਾ ਦੇ ਵਿਭਿੰਨ ਪੱਖਾਂ ਬਾਰੇ ਜਾਣਕਾਰੀ ਦਿੰਦਿਆਂ ਗੁਜ਼ਾਰੇ। ਹਰੇਕ ਚਰਚਾ ਦੇ ਨਾਲ ਉਸ ਨੇ ਬੇਲਾ ਨੂੰ ਜ਼ੁੰਮੇਵਾਰੀ ਤੇ ਜਜ਼ਬਾਤਾਂ ਦੇ ਵਿਭਿੰਨ ਪੱਖਾਂ ਬਾਰੇ ਨਵੀਂ ਚੇਤਨਾ ਬਖਸ਼ੀ। ਇਨ੍ਹਾਂ ਚਰਚਾਵਾਂ ਦੌਰਾਨ ਉਨ੍ਹਾਂ ਨੇ ਮਨੁੱਖੀ ਸਮਝ ਤੇ ਮਸ਼ੀਨੀ (ਬਣਾਉਟੀ) ਸੂਝ ਵਿਚਕਾਰ ਇੱਕ ਨਾਜ਼ੁਕ ਸੰਤੁਲਨ ਕਾਇਮ ਕਰ ਲਿਆ।

ਜਿਵੇਂ ਹੀ ਅਗਲੀ ਸਵੇਰ ਨੇ ਅੰਬਰ ਨੂੰ ਗੁਲਾਬੀ ਅਤੇ ਸੁਨਹਿਰੀ ਰੰਗਾਂ ਨਾਲ ਭਰ ਦਿੱਤਾ, ਜਸਪ੍ਰੀਤ ਅਤੇ ਬੇਲਾ ਨੇ ਚੰਗੇ ਸਾਥੀਆਂ ਵਾਂਗ, ਬਣਾਉਟੀ ਸੂਝ ਦੀ ਮੁਹਾਰਤ ਅਤੇ ਮਨੁੱਖੀ ਰਹਿਮਦਿਲੀ ਦੇ ਸੰਯੋਗ ਨਾਲ, ਮਾਨਵੀ ਇਲਾਜ ਦੇ ਇੱਕ ਨਵੇਂ ਯੁੱਗ ਦੀ ਸਿਰਜਣਾ ਲਈ ਸਹਿਯੋਗ ਕਰਨ ਦਾ ਫੈਸਲਾ ਕੀਤਾ।

******

ਜਸਪ੍ਰੀਤ ਦੇ ਮਨ ਦਾ ਤੂਫਾਨ ਹੁਣ ਠੱਲ੍ਹ ਚੁੱਕਾ ਸੀ। ਉਸ ਦੇ ਜੀਵਨ ਵਿਚ ਇਕ ਨਵੀਂ ਤੇ ਸ਼ਾਂਤ ਸਵੇਰ ਦਾ ਆਗਮਨ ਹੋ ਚੁੱਕਾ ਸੀ। ਆਪਣੇ ਆਫਿਸ ਦੀ ਖਿੜਕੀ ਤੋਂ ਬਾਹਰ ਦੇਖਦੀ ਹੋਈ ਉਹ ਆਪਣੇ ਜੀਵਨ ਸਫ਼ਰ ਬਾਰੇ ਸੋਚ ਰਹੀ ਸੀ।

ਸਾਹਮਣੇ ਬੈਠੀ ਬੇਲਾ ਨੂੰ ਸੰਬੋਧਿਤ ਕਰਦੇ ਹੋਏ ਉਹ ਬੋਲੀ, 'ਬੇਲਾ! ਅਸੀਂ ਦੋਨੋਂ ਆਪਸੀ ਸਹਿਯੋਗ ਨਾਲ ਇੱਕ ਅਜਿਹੀ ਵਿਵਸਥਾ ਪੈਦਾ ਕਰਾਂਗੇ, ਜਿਸ ਵਿਚ ਮਨੁੱਖੀ ਅਤੇ ਮਸ਼ੀਨੀ (ਬਣਾਉਟੀ) ਸੂਝ ਇਕ-ਦੂਜੇ ਦੇ ਪੂਰਕ ਹੋਣਗੇ। ਜਦ ਤੱਕ ਅਸੀਂ ਇੱਕ-ਦੂਜੇ ਦੀਆਂ ਹੱਦਾਂ ਦਾ ਸਤਿਕਾਰ ਕਰਦੇ ਰਹਾਂਗੇ, ਸਾਡੀ ਸਾਂਝ ਸਾਡੀ ਤਾਕਤ ਹੋਵੇਗੀ, ਨਾ ਕਿ ਸਾਡੀ ਹੋਂਦ ਲਈ ਖਤਰਾ।

ਇੰਝ ਮਨੁੱਖੀ ਸਮਝ ਤੇ ਬਣਾਉਟੀ ਸੂਝ ਦੇ ਆਪਸੀ ਸੰਬੰਧਾਂ ਵਾਲੇ ਵਿਕਾਸਮਈ ਖੇਤਰ ਵਿੱਚ ਇਕ ਅਜਬ ਰਹੱਸ ਨੇ ਇੱਕ ਅਜਿਹੇ ਸਹਿਹੋਂਦ ਅਧਾਰਤ ਰਿਸ਼ਤੇ ਦੀ ਨੀਂਹ ਰੱਖ ਦਿੱਤੀ ਸੀ, ਜੋ ਭਵਿੱਖ ਅੰਦਰ ਨਵੀਆਂ ਪ੍ਰਾਪਤੀਆਂ ਦਾ ਅਧਾਰ ਬਣਨ ਜਾ ਰਿਹਾ ਸੀ।

# ਖੁਸ਼ੀਆਂ-ਖੇੜਿਆਂ ਨਾਲ ਭਰਪੂਰ ਬਸੰਤ ਰੁੱਤ

ਡਾ. ਪ੍ਰਿਤਪਾਲ ਸਿੰਘ ਮਹਿਰੋਕ


ਰੁੱਤਾਂ ਦੀ ਰਾਣੀ ਸਮਝੀ ਜਾਂਦੀ ਬਸੰਤ ਰੁੱਤ ਨੂੰ ਬਾਕੀ ਰੁੱਤਾਂ ਵਿੱਚੋਂ ਸਭ ਤੋਂ ਪਿਆਰੀ, ਸੁਹਾਵਣੀ ਤੇ ਮਨਮੋਹਕ ਰੁੱਤ ਹੋਣ ਵਜੋਂ ਜਾਣਿਆ ਤੇ ਸਤਿਕਾਰਿਆ ਜਾਂਦਾ ਹੈ। ਇਸ ਰੁੱਤ ਨੂੰ ਪ੍ਰਕਿਰਤੀ ਵਿੱਚ ਨਵੀਂ ਰੰਗਤ, ਖੇੜਾ ਤੇ ਚੇਤਨਾ ਲਿਆਉਣ ਦੇ ਪ੍ਰਤੀਕ ਵਜੋਂ ਵੀ ਸਵੀਕਾਰ ਕੀਤਾ ਜਾਂਦਾ ਹੈ। ਵਿਭਿੰਨ ਭਾਸ਼ਾਵਾਂ ਦੇ ਸਾਹਿਤ ਤੇ ਲੋਕ ਸਾਹਿਤ ਵਿੱਚ ਬਸੰਤ ਰੁੱਤ ਦਾ ਗੁਣਗਾਇਨ ਬੜੀ ਸ਼ਿੱਦਤ ਨਾਲ ਕੀਤਾ ਗਿਆ ਮਿਲਦਾ ਹੈ। ਬਸੰਤ ਦੀ ਆਮਦ ਤੋਂ ਪਹਿਲਾਂ ਕਹਿਰਾਂ ਦੀ ਸਰਦੀ ਪੈ ਚੁੱਕੀ ਹੁੰਦੀ ਹੈ। ਇਸ ਰੁੱਤ ਦੇ ਦਸਤਕ ਦੇਣ ਨਾਲ ਠੰਢ ਦਾ ਦਬਾਅ ਘਟਣ ਲਗਦਾ ਹੈ। ਵਾਤਾਵਰਣ ਦੇ ਬਦਲਦੇ ਮਿਜਾਜ਼ ਤੇ ਮੌਸਮੀ ਤਬਦੀਲੀਆਂ ਕਾਰਨ ਅੱਜ-ਕੱਲ੍ਹ ਬਸੰਤ ਦੀ ਆਮਦ ਤੋਂ ਪਿੱਛੋਂ ਵੀ ਸਰਦੀ ਆਪਣਾ ਅਸਰ ਵਿਖਾਉਂਦੀ ਰਹਿੰਦੀ ਹੈ। ਕੁਦਰਤ ਨਵਾਂ ਲਿਬਾਸ ਧਾਰਨ ਕਰਦੀ ਹੈ। ਦਰੱਖਤਾਂ ਦੇ ਪੱਤੇ ਨਵੇਂ ਰੂਪ ਵਿੱਚ ਖਿੜ ਉੱਠਦੇ ਹਨ। ਫੁੱਲਾਂ 'ਤੇ ਖੇੜਾ ਆਉਂਦਾ ਹੈ। ਚੌਗਿਰਦਾ ਮਹਿਕ ਉੱਠਦਾ ਹੈ।

ਕਲਾ ਅਤੇ ਵਿੱਦਿਆ ਦੀ ਦੇਵੀ ਸਰਸਵਤੀ ਦਾ ਜਨਮ ਵੀ ਬਸੰਤ ਪੰਚਮੀ ਨੂੰ ਮਨਾਇਆ ਜਾਂਦਾ ਹੈ। ਇਸ ਦੇਵੀ ਨੂੰ ਵੀਣਾ ਵਾਦਿਨੀ ਜਾਂ ਵੀਣਾ ਧਾਰਿਣੀ ਕਹਿ ਕੇ ਵੀ ਸਤਿਕਾਰਿਆ ਜਾਂਦਾ ਹੈ। ਸਰਸਵਤੀ ਦੇਵੀ ਆਪਣੀ ਵੀਣਾ ਨਾਲ ਮਧੁਰ ਬਾਣੀ ਦੀ ਛਹਿਬਰ ਲਗਾ ਕੇ ਜੀਵਾਂ ਉੱਪਰ ਮਿਹਰ ਵਰਸਾਉਂਦੀ ਹੈ। ਮਧੁਰ ਬਾਣੀ ਦਾ ਰੰਗ ਬਿਖੇਰਨ ਵਾਲੀ ਸਰਸਵਤੀ ਮਾਂ ਦੇ ਅਵਤਾਰ ਉਤਸਵ ਨੂੰ ਬਸੰਤ ਪੰਚਮੀ ਦੇ ਦਿਨ 'ਸਰਸਵਤੀ ਦਿਵਸ' ਵਜੋਂ ਵੀ ਮਨਾਇਆ ਜਾਂਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਬਸੰਤ ਰਾਗ ਅਧੀਨ ਅੰਕਿਤ ਬਾਣੀ ਦਾ ਵਿਸ਼ੇਸ਼ ਮਹੱਤਵ ਹੈ, ਜਿਸ ਵਿੱਚ ਪ੍ਰਕਿਰਤੀ ਦੇ ਮੌਲਣ ਤੇ ਵਿਗਸਣ ਦੀ ਪ੍ਰਕਿਰਿਆ ਬਾਰੇ ਪ੍ਰਤੀਕਾਤਮਿਕ ਸੁਨੇਹਾ ਦਿੱਤਾ ਗਿਆ ਹੈ। ਗੁਰਮਤਿ ਸੰਗੀਤ ਦੀ ਪਰੰਪਰਾ ਵਿੱਚ ਬਸੰਤ ਰਾਗ ਦੀ ਵਿਸ਼ੇਸ਼ ਅਹਿਮੀਅਤ ਹੈ। ਬਸੰਤ ਰਾਗ ਵਿੱਚ ਗੁਰਬਾਣੀ ਦਾ ਕੀਰਤਨ ਕਰਨ ਵਾਲੇ ਮਾਹਿਰ ਜਦੋਂ ਇਕ ਮਨ, ਇਕ ਚਿੱਤ, ਇਕ ਰਸ ਹੋ ਕੇ ਤੇ ਸ਼ਬਦ ਵਿੱਚ ਲੀਨ ਹੋ ਕੇ ਗਾਇਨ ਕਰਦੇ ਹਨ ਤਾਂ ਇਕ ਤਰ੍ਹਾਂ ਨਾਲ ਉਹ ਸਦੀਵੀ ਖੇੜਾ ਪ੍ਰਦਾਨ ਕਰ ਰਹੇ ਹੁੰਦੇ ਹਨ।

ਵੀਰ ਹਕੀਕਤ ਰਾਏ ਦਾ ਬਲੀਦਾਨ ਦਿਵਸ ਇਸੇ ਦਿਨ ਮਨਾਇਆ ਜਾਂਦਾ ਹੈ। ਬਾਲ ਹਕੀਕਤ ਰਾਏ ਨੂੰ ਬਾਲ ਅਵਸਥਾ ਵਿੱਚ ਹੀ ਸੰਪਰਦਾਇਕ ਕ੍ਰੋਧ ਦਾ ਸ਼ਿਕਾਰ ਹੋਣਾ ਪਿਆ ਸੀ। ਆਪਣੀ ਮਾਂ ਦੇ ਪ੍ਰਭਾਵ ਹੇਠ ਹੋਣ ਕਰਕੇ ਬਾਲ ਹਕੀਕਤ ਰਾਏ ਗੁਰੂ ਘਰ ਦਾ ਸ਼ਰਧਾਲੂ ਸੀ। ਨਿੱਡਰ, ਦਲੇਰ ਤੇ ਦ੍ਰਿੜ੍ਹ ਇਰਾਦੇ ਵਾਲੇ ਵੀਰ ਹਕੀਕਤ ਰਾਏ ਦੀ ਮਦਰੱਸੇ ਵਿੱਚ ਮੁਸਲਮਾਨ ਮੁੰਡਿਆਂ ਨਾਲ ਅਕਸਰ ਬਹਿਸ ਹੁੰਦੀ ਰਹਿੰਦੀ ਸੀ। ਬਹਿਸ ਦੌਰਾਨ ਮਜ਼੍ਹਬਾਂ ਦੇ ਮਸਲੇ ਵੀ ਵਿਚਾਰ ਅਧੀਨ ਆ ਜਾਂਦੇ ਸਨ। ਜਦੋਂ ਕਦੇ ਹਕੀਕਤ ਰਾਏ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਦੀ ਤਾਂ ਤਲਖ-ਕਲਾਮੀ ਵੀ ਹੁੰਦੀ। ਮਦਰੱਸੇ ਦੇ ਮੌਲਵੀ ਵੱਲੋਂ ਹਕੀਕਤ ਰਾਏ ਦੀ ਸ਼ਿਕਾਇਤ ਸਿਆਲਕੋਟ ਦੇ ਹਾਕਮ ਕੋਲ ਲਗਾ ਦਿੱਤੇ ਜਾਣ ਪਿੱਛੋਂ ਉਸ ਨੂੰ ਬੰਦੀ ਬਣਾ ਦਿੱਤਾ ਗਿਆ। ਕਾਜ਼ੀ ਨੇ ਬਾਲ ਹਕੀਕਤ ਰਾਏ ਨੂੰ ਇਸਲਾਮ ਕਬੂਲ ਕਰ ਲੈਣ ਦਾ ਫਤਵਾ ਸੁਣਾ ਦਿੱਤਾ, ਪਰ ਹਕੀਕਤ ਰਾਏ ਨੇ ਮੁਸਲਮਾਨ ਬਣਨ ਤੋਂ ਇਨਕਾਰ ਕਰ ਦਿੱਤਾ। ਲਾਹੌਰ ਦੇ ਸੂਬੇ ਦੇ ਹੁਕਮ ਨਾਲ ਵੀਰ ਹਕੀਕਤ ਰਾਏ ਨੂੰ 1741 ਈਸਵੀ ਵਿੱਚ ਬਸੰਤ ਪੰਚਮੀ ਵਾਲੇ ਦਿਨ ਸ਼ਹੀਦ ਕਰ ਦਿੱਤਾ ਗਿਆ ਸੀ। ਕਹਿੰਦੇ ਹਨ 1947 ਤੋਂ ਪਹਿਲਾਂ ਲਾਹੌਰ ਵਿਚ ਵੀਰ ਹਕੀਕਤ ਰਾਏ ਦੀ ਯਾਦ ਵਿੱਚ ਬਸੰਤ ਪੰਚਮੀ ਦਾ ਬੜਾ ਭਰਵਾਂ ਮੇਲਾ ਲੱਗਦਾ ਹੁੰਦਾ ਸੀ, ਹੁਣ ਇਸ ਮੇਲੇ ਵਿੱਚ ਹਾਜ਼ਰੀ ਨਾ-ਮਾਤਰ ਹੁੰਦੀ ਹੈ।

ਬਸੰਤ, ਮਾਘ ਮਹੀਨੇ ਦੇ ਚਾਨਣੀ ਪੱਖ ਦੀ ਪੰਚਮੀ ਨੂੰ ਮਨਾਈ ਜਾਂਦੀ ਹੈ। ਭਾਰਤੀ ਸੰਗੀਤ ਦੀ ਰਾਗ ਪ੍ਰਣਾਲੀ ਵਿੱਚ ਇਸ ਰੁੱਤ ਦੀ ਮਹਿਮਾ ਗਾਉਣ ਲਈ ਬਸੰਤ ਰਾਗ ਦਾ ਵਿਸ਼ੇਸ਼ ਮਹੱਤਵ ਹੈ। ਨਾਮਧਾਰੀ ਸਤਿਗੁਰੂ ਬਾਬਾ ਰਾਮ ਸਿੰਘ ਜੀ ਦਾ ਜਨਮ ਦਿਨ ਇਸੇ ਦਿਨ ਮਨਾਇਆ ਜਾਂਦਾ ਹੈ। ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਜਰਨੈਲ ਸ਼ਾਮ ਸਿੰਘ ਅਟਾਰੀਵਾਲਾ ਦੀ ਸ਼ਹਾਦਤ ਵੀ ਇਸੇ ਦਿਨ ਹੋਈ ਹੋਣ ਬਾਰੇ ਦੱਸਿਆ ਜਾਂਦਾ ਹੈ। ਉਸ ਮਹਾਨ ਸ਼ਹੀਦ ਨੂੰ ਵੀ ਇਸ ਦਿਨ ਸਤਿਕਾਰਪੂਰਵਕ ਯਾਦ ਕੀਤਾ ਜਾਂਦਾ ਹੈ। ਇਤਿਹਾਸਕਾਰਾਂ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਬਸੰਤ ਪੰਚਮੀ ਵਾਲੇ ਦਿਨ ਇੱਕ ਵਿਸ਼ੇਸ਼ ਦਰਬਾਰ ਸਜਾਉਂਦੇ ਸਨ, ਜਿਸ ਵਿੱਚ ਦਰਬਾਰੀ ਪੀਲੇ ਬਾਣੇ ਪਹਿਨ ਕੇ ਸ਼ਾਮਲ ਹੁੰਦੇ ਸਨ ਤੇ ਸੈਨਾ ਪਰੇਡ ਕਰਿਆ ਕਰਦੀ ਸੀ। ਹੁਣ ਵੀ ਕਈ ਧਾਰਮਿਕ ਤੇ ਸਮਾਜਿਕ ਅਵਸਰਾਂ ਉੱਤੇ ਪੀਲੇ ਰੰਗ ਦੇ ਵਸਤਰ ਪਹਿਨ ਕੇ ਕਈ ਰਸਮਾਂ ਪੂਰੀਆਂ ਕੀਤੀਆਂ ਜਾਂਦੀਆਂ ਹਨ। ਇਸ ਦਿਨ ਪੀਲੇ ਵਸਤਰ ਪਹਿਨਣ ਦਾ ਰੁਝਾਨ ਪੰਜਾਬ, ਰਾਜਸਥਾਨ, ਉੱਤਰ ਪ੍ਰਦੇਸ਼, ਮਹਾਰਾਸ਼ਟਰ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਆਦਿ ਰਾਜਾਂ ਵਿੱਚ ਵੀ ਹੈ। ਪੀਲੇ ਰੰਗ ਨਾਲ ਇਸ ਮੌਸਮੀ ਤਿਉਹਾਰ ਦਾ ਵਿਸ਼ੇਸ਼ ਸਬੰਧ ਹੈ। ਪੀਲੇ ਵਸਤਰ ਪਹਿਨਣ ਦੇ ਨਾਲ-ਨਾਲ ਲੋਕ ਘਰਾਂ ਵਿੱਚ ਪੀਲੇ ਪਕਵਾਨ ਬਣਾਉਣਾ ਵੀ ਪਸੰਦ ਕਰਦੇ ਹਨ। ਖੇਤਾਂ ਵਿੱਚ ਉੱਗੀ ਸਰ੍ਹੋਂ ਦੀ ਫਸਲ ਪੂਰੇ ਜੋਬਨ 'ਤੇ ਆ ਜਾਂਦੀ ਹੈ ਤੇ ਪੀਲੇ ਵਸਤਰ ਪਹਿਨ ਕੇ ਚੌਗਿਰਦੇ ਵਿੱਚ ਰੰਗਤ ਤੇ ਮਹਿਕ ਫੈਲਾਅ ਦਿੰਦੀ ਹੈ। ਕਈ ਇਲਾਕਿਆਂ ਵਿੱਚ ਲੋਕ ਇਸ ਦਿਨ ਨਵਾਂ ਅੰਨ ਵੀ ਮੂੰਹ ਨੂੰ ਲਗਾਉਂਦੇ ਹਨ ਤੇ ਉਸ ਦਾ ਸਵਾਦ ਚੱਖਦੇ ਹਨ। ਬਸੰਤ ਪੰਚਮੀ ਨੂੰ ਲੋਕ ਆਪਣੇ ਦਿਲ ਦੀਆਂ ਖੁਸ਼ੀਆਂ ਵੰਡਣ ਲਈ ਪਤੰਗਾਂ ਉਡਾ ਕੇ ਹੁਲਾਸ ਪ੍ਰਗਟ ਕਰਦੇ ਹਨ। ਆਕਾਸ਼ ਵਿੱਚ ਉੱਡਦੀਆਂ ਪਤੰਗਾਂ ਨੱਚ ਰਹੀਆਂ ਪ੍ਰਤੀਤ ਹੁੰਦੀਆਂ ਹਨ ਤੇ ਬੜਾ ਮਨਮੋਹਕ ਦ੍ਰਿਸ਼ ਪੇਸ਼ ਕਰਦੀਆਂ ਹਨ। ਹੁਣ ਬਸੰਤੀ ਰੰਗ ਵਿੱਚ ਰੰਗੇ ਸਰ੍ਹੋਂ ਦੇ ਖੇਤਾਂ ਦਾ ਮਾਲਕ ਕਿਸਾਨ, ਧਰਤੀ ਦਾ ਜਾਇਆ, ਖੇਤਾਂ ਦਾ ਪੁੱਤਰ ਆਪਣੀ ਹੋਂਦ ਦੀ ਸਲਾਮਤੀ ਲਈ ਜੱਦੋ-ਜਹਿਦ ਕਰ ਰਿਹਾ ਹੈ। ਉਹ ਉਦਾਸ ਹੈ, ਨਿਰਾਸ਼ ਹੈ। ਆਪਣੀ ਜ਼ਮੀਨ ਬਚਾਉਣ ਲਈ, ਕਰਜ਼ੇ ਦੇ ਭਾਰ ਤੋਂ ਬੋਝ-ਮੁਕਤ ਹੋਣ ਲਈ, ਆਪਣੀਆਂ ਫਸਲਾਂ ਦਾ ਵਾਜਬ ਮੁੱਲ ਪੁਆਉਣ ਲਈ, ਆਪਣੇ ਹੱਕਾਂ ਦੀ ਰਾਖੀ ਲਈ ਲੜਾਈ ਲੜ ਰਿਹਾ ਹੈ। ਕੁਝ ਦਹਾਕਿਆਂ ਤੋਂ ਕਰਜ਼ਾਈ ਹੋ ਕੇ ਜਾਂ ਆਰਥਿਕ ਸਮੱਸਿਆਵਾਂ ਕਾਰਨ ਜਦੋਂ ਤੋਂ ਕਿਸਾਨ ਖੁਦਕੁਸ਼ੀਆਂ ਦੇ ਰਾਹ 'ਤੇ ਪੈ ਗਿਆ ਹੈ ਤਾਂ ਬਸੰਤ ਰੁੱਤ ਦੀ ਰੰਗਤ ਵੀ ਫਿੱਕੀ ਪੈਂਦੀ ਨਜ਼ਰ ਆਉਂਦੀ ਹੈ। ਮਿਹਨਤ-ਮਜ਼ਦੂਰੀ ਕਰਨ ਵਾਲਾ ਕਿਰਤੀ, ਛੋਟਾ ਦੁਕਾਨਦਾਰ, ਮਸੀਂ ਗੁਜ਼ਾਰਾ ਚਲਾਉਣ ਵਾਲਾ ਤਨਖਾਹਦਾਰ ਮੁਲਾਜ਼ਮ ਤੇ ਸਾਧਾਰਨ ਆਦਮੀ ਟੈਕਸਾਂ ਦੇ ਭਾਰੇ ਬੋਝ ਥੱਲੇ ਲਿਤਾੜਿਆ ਜਾ ਰਿਹਾ ਹੈ। ਉਸ ਨੂੰ ਬਸੰਤ ਰੁੱਤ ਦਾ ਕਾਹਦਾ ਚਾਅ?



ਉਤਪਾਦਨ ਦੇ ਸਾਧਨ ਸੀਮਤ ਲੋਕਾਂ ਤੱਕ ਸਿਮਟਦੇ ਜਾ ਰਹੇ ਹਨ। ਮਹਿੰਗਾਈ ਨੇ ਮਨੁੱਖ ਦਾ ਕਚੂਮਰ ਕੱਢ ਦਿੱਤਾ ਹੈ ਤੇ ਉਸ ਦਾ ਜੀਊਣਾ ਮੁਹਾਲ ਕਰ ਦਿੱਤਾ ਹੈ। ਪੈਸੇ ਦੀ ਕਾਣੀ ਵੰਡ ਨੇ, ਬੇਰੁਜ਼ਗਾਰੀ ਨੇ, ਭ੍ਰਿਸ਼ਟਾਚਾਰ ਨੇ, ਗੈਂਗਸਟਰਾਂ ਵੱਲੋਂ ਫੈਲਾਏ ਆਤੰਕ ਨੇ, ਲੁੱਟਾਂ-ਖੋਹਾਂ ਕਰਨ ਵਾਲੇ ਲੁਟੇਰਿਆਂ ਨੇ, ਲੋਕਾਂ ਦੇ ਹੋ ਰਹੇ ਸ਼ੋਸ਼ਣ ਨੇ, ਮਨੁੱਖੀ ਅਧਿਕਾਰਾਂ ਉਪਰ ਨਿੱਤ ਪੈਂਦੇ ਡਾਕਿਆਂ ਨੇ, ਸਮਾਜ ਵਿੱਚ ਫੈਲ ਰਹੀ ਬੇਚੈਨੀ ਨੇ, ਯੁਵਾ ਵਰਗ ਦੇ ਵਿਦੇਸ਼ੀਂ ਜਾ ਵੱਸਣ ਦੇ ਵਧਦੇ ਰੁਝਾਨ ਆਦਿ ਨੇ ਸਾਧਾਰਨ ਮਨੁੱਖ ਦੀਆਂ ਚਿੰਤਾਵਾਂ ਵਧਾ ਦਿੱਤੀਆਂ ਹਨ। ਅਜਿਹੇ ਯਤਨ ਕੀਤੇ ਜਾਣ, ਜਿਨ੍ਹਾਂ ਦੇ ਸਿੱਟੇ ਵਜੋਂ ਕਿਸਾਨ, ਕਿਰਤੀ ਤੇ ਮਜ਼ਦੂਰ ਦੀ ਆਰਥਿਕ ਹਾਲਤ ਸੁਖਾਵੀਂ ਬਣ ਸਕੇ ਤੇ ਸਾਧਾਰਨ ਮਨੁੱਖ, ਗਰੀਬ ਕਿਸਾਨ ਤੇ ਮਜ਼ਦੂਰ ਵੀ ਬਸੰਤ ਦੀ ਰੁੱਤ ਵਿੱਚ ਖੇੜੇ ਭਰਪੂਰ ਜੀਵਨ ਜੀਉਣ ਦਾ ਸੁੱਖ ਪ੍ਰਾਪਤ ਕਰ ਸਕੇ ! ਕਿਰਤੀ ਕਿਸਾਨ ਦਾ ਜਿਗਰਾ ਵੀ ਪਹਾੜ ਜਿੱਡਾ ਹੈ। ਉਸ ਦੇ ਸਬਰ ਨੂੰ ਹੋਰ ਨਾ ਪਰਖਿਆ ਜਾਵੇ। ਧਰਤੀ ਅਸਲੀ ਬਸੰਤੀ ਰੰਗ ਵਿੱਚ ਉਦੋਂ ਹੀ ਰੰਗੀ ਜਾਵੇਗੀ, ਜਦੋਂ ਮਨੁੱਖ ਸਮਾਜਿਕ-ਆਰਥਿਕ ਤੌਰ 'ਤੇ ਆਜ਼ਾਦ ਹੋ ਜਾਵੇਗਾ ਤੇ ਉਹ ਖੁਦਕੁਸ਼ੀ ਕਰਨ ਜਾਂ ਜ਼ਿੰਦਗੀ ਤੋਂ ਕਿਨਾਰਾਕਸ਼ੀ ਕਰਨ ਵਰਗੇ ਦੁਖਦਾਈ ਫੈਸਲੇ ਨਹੀਂ ਲਵੇਗਾ। ਬਸੰਤ ਰੁੱਤ ਹਰ ਸਾਲ ਆਉਂਦੀ ਹੈ। ਵੇਖਣ ਵਾਲੀ ਗੱਲ ਇਹ ਹੈ ਕਿ ਬਸੰਤ ਰੁੱਤ ਖੁਸ਼ੀਆਂ, ਖੇੜਿਆਂ, ਖੁਸ਼ਹਾਲੀਆਂ, ਰੰਗਾਂ ਤੇ ਮਹਿਕਦੀਆਂ ਹਵਾਵਾਂ ਦਾ ਸੁਨੇਹਾ ਲੈ ਕੇ ਕਦੋਂ ਆਵੇਗੀ? ਆਓ, ਆਸ਼ਾਵਾਦੀ ਹੋਈਏ ਤੇ ਉਸ ਸਮੇਂ ਦਾ ਇੰਤਜ਼ਾਰ ਕਰੀਏ!

ਸੰਪਰਕ: 98885-10185



# ਮੇਸ ਕੇ ਪੰਨਾ ਪਲਟਣਾ

ਸੁਹਾਸ ਪਾਲਸ਼ੀਕਰ

ਅਨੁ. ਯਸ਼ ਪਾਲ

ਸਾਨੂੰ ਇੱਕ ਤਬਦੀਲੀ ਹੁੰਦੀ ਦਿਖਾਈ ਜਾ ਰਹੀ ਹੈ। ਇਹ ਵੱਖਰੀ ਗੱਲ ਹੈ ਕਿ ਇਸ ਦਾ ਸਰੂਪ ਤੇ ਇਸ ਦੇ ਸਿੱਟੇ ਬੇਹੱਦ ਵਿਵਾਦ-ਪੂਰਨ ਹਨ, ਭਾਵੇਂ ਕਿ ਹਾਲ ਦੀ ਘੜੀ ਇਸ ਨੂੰ ਕੋਈ ਵੀ ਮੰਨਣ ਦੇ ਰੌਂਅ 'ਚ ਨਹੀਂ ਜਾਪਦਾ। ਅਯੁੱਧਿਆ ਦੇ ਨਵੇਂ ਮੰਦਰ ਦੇ ਮਹੂਰਤ ਨਾਲ ਇਹ ਕਿਹਾ ਜਾ ਰਿਹਾ ਹੈ ਕਿ ਇਤਿਹਾਸਕ ਅਨਿਆਂ ਨੂੰ ਦੂਰ ਕਰ ਦਿੱਤਾ ਗਿਆ ਹੈ, ਪਰੰਤੂ ਇਸ ਤੋਂ ਵੀ ਅੱਗੇ ਇਸ ਨਵੇਂ ਮੰਦਰ ਰਾਹੀਂ ਇੱਕ ਨਵਾਂ ਰਾਮ ਵੀ ਪਰੋਸਿਆ ਜਾ ਰਿਹਾ ਹੈ। ਇਸ ਪਲ ਦੀ ਚਰਚਾ, ਡੂੰਘੀ ਸ਼ਰਧਾ ਜਾਂ ਆਸਥਾ ਬਾਰੇ ਓਨੀ ਨਹੀਂ ਹੋ ਰਹੀ, ਜਿੰਨੀ ਇਸ ਦੇ ਸ਼ਾਨਦਾਰ, ਧੂਮ-ਧੜੱਕੇ ਵਾਲੇ ਸਰੂਪ ਦੀ ਹੋ ਰਹੀ ਹੈ। ਇਸ ਲਈ ਹਾਲ ਦੀ ਘੜੀ, ਸਿਆਸੀ ਗਿਣਤੀਆਂ-ਮਿਣਤੀਆਂ ਤੋਂ ਹਟ ਕੇ ਗੱਲ ਕਰਨੀ ਬਣਦੀ ਹੈ। ਇਹ ਮਸਲਾ ਨਹੀਂ ਹੈ ਕਿ ਇਸ ਨਵੇਂ ਰਾਮ ਨਾਲ ਜੁੜੀ ਇਸ ਚਮਕ-ਦਮਕ ਤੋਂ ਕਿਸ ਪਾਰਟੀ ਨੇ ਚੋਣ-ਲਾਹਾ ਲੈਣਾ ਹੈ। ਅਸਲ ਮੁੱਦਾ ਤਾਂ ਇਹ ਹੈ ਕਿ ਕਿਨ੍ਹਾਂ ਨਵੀਆਂ ਸੰਵੇਦਨਸ਼ੀਲਤਾਵਾਂ ਅਤੇ ਸਮੂਹਿਕ ਪਛਾਣਾਂ ਨਾਲ ਇਹ ਚਮਕੀ-ਦਮਕੀ ਉਤਸਵ ਜੁੜਿਆ ਹੋਇਆ ਹੈ।

ਹਾਸੋਹੀਣੀ ਗੱਲ ਇਹ ਹੈ ਕਿ ਭਾਵੇਂ ਇਹ ਘਟਨਾਕ੍ਰਮ ਨਵੇਂ ਮੰਦਰ ਦੀ 'ਉਸਾਰੀ' ਦਾ ਹੈ, ਪਰ ਜਿਨ੍ਹਾਂ ਸੰਵੇਦਨਸ਼ੀਲਤਾਵਾਂ ਨਾਲ ਇਹ ਸਰਾਸ਼ਾਰ ਹੈ, ਨਾ ਉਨ੍ਹਾਂ ਦਾ ਧਰਮ ਨਾਲ ਤੇ ਨਾ ਹੀ ਸਾਰਥਿਕ-ਭਾਵਾਤਮਕ ਕਿਰਿਆਸ਼ੀਲਤਾ ਨਾਲ ਸੰਬੰਧ ਹੈ। ਇਹ ਵਾਕਿਆ, ਮੇਸਣ-ਭੁੱਲਣ (erasures) ਦੇ ਦੌਰ 'ਚ ਸਾਡੀ ਸਮੂਹਿਕ ਸ਼ਮੂਲੀਅਤ ਦੀ ਸ਼ਾਅਦੀ ਭਰਦਾ ਹੈ। ਘੱਟੋ-ਘੱਟ ਅਜਿਹੇ ਤਿੰਨ 'ਮੇਸਣਾਂ' ਦਾ ਜ਼ਿਕਰ ਕਰਨਾ ਬਣਦਾ ਹੈ।

ਪਹਿਲੀ, ਜਿਹੜੀ ਅੱਜਕੱਲ੍ਹ ਚੱਲ ਰਹੇ ਵਧੇਰੇ ਆਮ ਸਮਾਜਿਕ ਰੁਝਾਨਾਂ ਨਾਲ ਮੇਲ ਖਾਂਦੀ ਹੈ, ਉਹ ਹੈ ਬਹੁਲਤਾ ਦੇ ਮੇਸਣ ਬਾਰੇ। ਰਾਮ ਦੇ, ਇੱਕ ਮੂਰਤੀ ਵਜੋਂ, ਇੱਕ ਮਿੱਥ ਵਜੋਂ ਅਤੇ ਬਹੁਤਿਆਂ ਲਈ ਇੱਕ ਦੇਵਤਾ ਵਜੋਂ, ਆਮ ਤੌਰ 'ਤੇ ਬਹੁ ਸਰੂਪ, ਬਹੁ ਅਰਥ ਤੇ ਬਹੁ ਮਾਰਗ ਪ੍ਰਚੱਲਿਤ ਹਨ। ਕੋਈ ਅਚੰਭਾ ਨਹੀਂ ਹੈ, 'ਤਿੰਨ ਸੌ ਰਮਾਇਣਾਂ' 'ਤੇ ਕੋਈ ਖੋਜ ਪੱਤਰ ਲਿਖਿਆ ਜਾ ਸਕਦਾ ਸੀ, ਜਿਨ੍ਹਾਂ ਨੂੰ ਅਸੀਂ ਮਨੋਂ ਵਿਸਾਰ ਕੇ ਤਿਆਗ ਦਿੱਤਾ ਹੈ। ਪੁਰਾਣੇ ਸਮਿਆਂ 'ਚ ਸ਼ਰਧਾਲੂਆਂ ਤੇ ਕਵੀਆਂ ਨੂੰ ਆਪਣਾ ਰਾਮ ਆਪ ਘੜਨ ਦੀ ਖੁੱਲ੍ਹ ਸੀ। ਰੁਦਰ ਪ੍ਰਭੂ ਰਾਮਚੰਦਰਾ ਤੋਂ ਲੈ ਕੇ ਮੋਹ-ਭਿੱਜੇ ਸੀਆ ਰਾਮ ਤੱਕ, ਅਨੇਕਾਂ ਰਾਮ, ਸੱਭਿਆਚਾਰਕ ਕਲਪਨਾ ਤੇ ਧਾਰਮਿਕ ਵਿਚਾਰਾਂ ਅੰਦਰ ਸਰਕਦੇ ਰਹੇ ਹਨ, ਜਿਹੜੇ ਇਸ ਦੇਵਤਾ ਨਾਲ ਜੁੜੇ ਹਨ। ਨਾ ਸਿਰਫ਼ ਉਸ ਵੱਲੋਂ ਭੂ-ਭਰਮਣ ਹੀ ਕੀਤਾ ਗਿਆ ਸਮਝਿਆ ਜਾਂਦਾ ਹੈ, ਸਗੋਂ ਉਸ ਦੀ ਮਹਿਮਾ-ਗਾਣ ਜਾਂ ਉਸ ਦੇ ਕਾਰਨਾਮਿਆਂ ਕਰਕੇ ਉਸ ਦੀ ਆਲੋਚਨਾ-ਜਿਵੇਂ ਕਿ ਸ਼ੰਭੂਕਾ ਦੀ ਹੱਤਿਆ ਕਰਨ ਜਾਂ ਸੀਤਾ ਪ੍ਰਤੀ ਵਿਵਹਾਰ ਵੀ, ਜਗ੍ਹਾ ਤੋਂ ਜਗ੍ਹਾ ਤੱਕ ਅਤੇ ਪੀੜ੍ਹੀ ਦਰ ਪੀੜ੍ਹੀ ਬਦਲਦੇ ਰਹੇ ਹਨ। ਅੱਜ ਇੱਕ ਨਵਾਂ-ਨਕੋਰ ਉਹ ਰਾਮ ਪਰੋਸਿਆ ਜਾ ਰਿਹਾ ਹੈ, ਜਿਸ ਦੀ ਉਸ ਨਾਲ ਸੰਬੰਧਤ ਮਿਥਿਹਾਸ ਦੇ ਇਸ ਲੰਮੇ ਇਤਿਹਾਸ ਨਾਲ ਸ਼ਾਇਦ ਕੋਈ ਤੰਦ ਨਾ ਜੁੜਦੀ ਹੋਵੇ। ਸ਼ਾਨਦਾਰ ਮੰਦਰ ਤੇ ਉਸ ਦੇ ਨਵੇਂ ਕਾਬਜ਼, ਰਾਮ ਨਾਲ ਜੁੜੀ, ਸ਼ਰਧਾਲੂਆਂ ਤੇ ਆਲੋਚਕਾਂ ਦੋਵਾਂ ਦੇ ਵਿਚਾਰਾਂ ਦੀ ਉਸ ਵਿਸ਼ਾਲ ਬਹੁਲਤਾ ਨਾਲੋਂ ਟੁੱਟੇ ਹੋਏ ਹਨ ਅਤੇ ਗੈਰ-ਪ੍ਰਸੰਗਿਕ ਹੋ ਗਏ ਹਨ। ਇਸ ਲਈ ਇਹ ਮੁੱਢਲੀ ਪਹਿਲੀ ਮੇਸ ਹੈ ਤਾਂ ਜੋ ਨਵਾਂ ਰਾਮ ਉਸ ਕਾਸੇ ਦਾ ਨੁਮਾਇੰਦਾ ਬਣ ਸਕੇ, ਜੋ ਬੀਤੇ ਕੱਲ੍ਹ ਦੇ ਰਾਮ ਦੀ ਬਹੁਲ-ਸੱਭਿਆਚਾਰਕ ਵਿਰਾਸਤ ਨੂੰ ਨਕਾਰਦਾ ਹੈ।

ਬਹੁਲਤਾ ਦੀ ਬਿਰਤੀ ਨੂੰ ਉਂਝ ਨਕਾਰਿਆ ਵੀ ਨਹੀਂ ਜਾ ਰਿਹਾ। ਦਰਅਸਲ, ਕਦੇ-ਕਦੇ ਇਸ ਦੀ ਡੌਂਡੀ ਵੀ ਪਿੱਟੀ ਜਾਂਦੀ ਹੈ, ਕੇਵਲ ਵਿਖਾਵੇ ਲਈ, ਪਰ ਜ਼ੋਰ-ਸ਼ੋਰ ਨਾਲ। ਫਿਰ ਵੀ ਅਜੇ ਇਸ ਨੂੰ ਦੁਹਰਾਇਆ ਜਾ ਰਿਹਾ ਹੈ। ਜਦ ਇਹ ਬਿਰਤੀ ਮੇਸ ਦਿੱਤੀ ਗਈ ਤਾਂ ਅਜਿਹੀ ਸਮੂਹਿਕ ਮਨੋਬਿਰਤੀ ਪੈਦਾ ਕਰਨੀ ਆਸਾਨ ਹੋ ਜਾਂਦੀ ਹੈ, ਜਿਹੜੀ ਸੁੱਤੇ-ਸਿੱਧ ਹੀ ਇੱਕਰੂਪਤਾ ਨੂੰ ਮਨਾਉਣਾ ਸ਼ੁਰੂ ਕਰ ਦਿੰਦੀ ਹੈ ਅਤੇ ਵਖਰੇਵਿਆਂ ਦੀ ਸਹਿਹੋਂਦ ਅਤੇ ਇੱਕਸੁਰਤਾ ਦੀ ਸੰਭਾਵਨਾ ਨੂੰ ਸ਼ੱਕੀ ਬਣਾ ਦਿੰਦੀ ਹੈ। ਅੱਜ ਦੇ ਦੌਰ ਅੰਦਰ ਅੰਬੇਦਕਰ ਦੇ ਲਿਖੇ 'ਹਿੰਦੂਤਵ ਦੀਆਂ ਅੜਾਉਣੀਆਂ' ਵਰਗੇ ਆਲੋਚਨਾਤਮਿਕ ਵਿਸ਼ਲੇਸ਼ਣ ਨੂੰ ਹਜ਼ਮ ਕਰਨ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ। ਅਸੀਂ ਗਾਂਧੀ ਦੇ ਰਾਮ ਤੋਂ ਵੀ ਬਹੁਤ ਦੂਰ ਹੋ ਗਏ ਹਾਂ। ਧਰਮ ਤੇ ਰੱਬ ਸੰਬੰਧੀ ਭਿੰਨ-ਭਿੰਨ ਵਿਚਾਰਾਂ ਦੀ ਸਹਿਹੋਂਦ ਵੀ, ਜਿਸ ਨੂੰ ਗਾਂਧੀ ਦੀ 'ਰਾਮਧੁਨ' ਅੰਦਰ ਮਾਣ ਨਾਲ ਪ੍ਰਚਾਰਿਆ ਜਾਂਦਾ ਸੀ, ਹੁਣ ਪਰਾਈ ਹੋ ਗਈ ਹੈ। ਠੀਕ ਇਉਂ ਹੀ ਹੋਇਆ ਹੈ। ਸੁਪਰੀਮ ਕੋਰਟ ਦਾ ਵੀ 'ਧੰਨਵਾਦ'; ਹਿੰਦੂ ਰਾਮ ਦੀ, ਮਸਜਿਦ ਨਾਲੋਂ ਸਪੱਸ਼ਟ ਤੌਰ 'ਤੇ ਹੱਦਬੰਦੀ ਕਰ ਦਿੱਤੀ ਗਈ ਹੈ, ਜੋ ਕਿ ਕੁੱਝ ਦੂਰੀ 'ਤੇ ਖੜ੍ਹੀ ਕੀਤੀ ਜਾਣੀ ਹੈ।

'ਅਲਾਹਾਬਾਦ ਹਾਈ ਕੋਰਟ' ਦੇ ਫੈਸਲੇ 'ਚ (ਜਿਸ ਨੂੰ ਸੁਪਰੀਮ ਕੋਰਟ ਨੇ ਰੱਦ ਕਰ ਦਿੱਤਾ ਸੀ), ਆਪਣੀਆਂ ਕਾਨੂੰਨੀ ਸੀਮਤਾਈਆਂ ਦੇ ਹੁੰਦੇ ਵੀ, ਆਸਥਾਵਾਂ ਵਿਚਲੀ ਚਲੀ ਆ ਰਹੀ ਕੁੜੱਤਣ ਦੇ ਬਾਵਜੂਦ ਉਨ੍ਹਾਂ ਦੀ ਸਹਿਹੋਂਦ ਯਕੀਨੀ ਬਣਾਉਣ ਦੀ ਦਲੇਰੀ ਦਿਸਦੀ ਸੀ। ਉੱਚਤਮ ਕੋਰਟ ਨੇ ਆਪਣਾ ਕਾਨੂੰਨੀ ਤੌਰ 'ਤੇ ਨਾ ਜਚਣਹਾਰ ਫੈਸਲਾ ਸੁਣਾ ਕੇ ਇਹ ਯਕੀਨੀ ਬਣਾ ਦਿੱਤਾ ਕਿ ਉਹ ਵੀ ਮੁਲਕ ਨੂੰ ਸਹਿਹੋਂਦ ਦਾ ਸਤਿਕਾਰ ਕਰਨ ਦਾ ਸੰਵਿਧਾਨਿਕ ਫ਼ਰਜ਼ ਚੇਤੇ ਕਰਵਾਉਣ ਦੀ ਬਜਾਇ, ਵਖਰੇਵੇਂ ਦੇ ਵਹਾਅ ਨਾਲ ਹੀ ਤੈਰੇਗੀ। ਨਵਾਂ ਰਾਮ ਇਸ ਨਵੇਂ ਦੌਰ ਦੀ ਤਰਜਮਾਨੀ ਕਰਦਾ ਹੈ, ਜਿਸ ਅੰਦਰ ਨਾ ਸਿਰਫ਼ ਵਿਚਾਰਾਂ ਵਿਚਕਾਰ, ਸਗੋਂ ਫਿਰਕਿਆਂ ਤੇ ਧਰਮਾਂ ਵਿਚਕਾਰ ਵੀ ਤਾਲਮੇਲ ਰਾਹੀਂ ਸਹਿਹੋਂਦ ਦੀ ਸੰਭਾਵਨਾ ਦੀਆਂ ਚੁਣੌਤੀਆਂ ਦਰਪੇਸ਼ ਹਨ, ਸਗੋਂ ਸਰਕਾਰੀ ਤੇ ਲਾਹੇ ਮੁਤਾਬਕ ਕਾਨੂੰਨੀ ਰੂਪ ਰਾਹੀਂ ਵੱਖਰੀਆਂ ਬਸਤੀਆਂ ਬਣਾ ਕੇ ਵੰਡੀਆਂ ਪਾ ਦਿੱਤੀਆਂ ਗਈਆਂ ਹਨ।

ਇਹ ਦੂਸਰੀ ਮੇਸ ਹੈ ਸਹਿਹੋਂਦ ਦੀ ਮੇਸ (erasure)- ਇੱਕ ਹਕੀਕਤ ਵਜੋਂ, ਇੱਕ ਸੁਫ਼ਨੇ ਵਜੋਂ, ਇੱਕ ਸੰਵਿਧਾਨਕ ਉਦੇਸ਼ ਵਜੋਂ ਅਤੇ ਇੱਕ ਜਮਹੂਰੀ ਚੁਣੌਤੀ ਵਜੋਂ।

ਇਹ ਮੇਸ ਕੁੱਝ ਸਮੇਂ ਤੋਂ ਪਹਿਲਾਂ ਹੀ ਦਿਸ ਰਹੀ ਸੀ.. ਗੈਰ ਹਿੰਦੂਆਂ ਨੂੰ ਗਰਬਾ ਜਸ਼ਨ-ਸਮਾਗਮਾਂ ਵਿੱਚੋਂ ਸ਼ਿਸ਼ਕਾਰ ਕੇ ਬਾਹਰ ਕੱਢਣ ਦੀਆਂ ਰਿਪੋਰਟਾਂ ਆਉਂਦੀਆਂ ਰਹੀਆਂ ਸਨ। ਵੱਖ-ਵੱਖ ਧਾਰਮਿਕ ਫਿਰਕਿਆਂ ਦੇ ਨੌਜਵਾਨਾਂ ਨੂੰ ਆਪਸ ਵਿੱਚ ਘੁਲਣ-ਮਿਲਣ ਦੇ ਖ਼ਿਲਾਫ਼ ਪ੍ਰਚੰਡ ਪ੍ਰਚਾਰ ਮੁਹਿੰਮਾਂ ਨੂੰ ਆਪਾਂ ਦੇਖਦੇ ਹੀ ਰਹੇ ਹਾਂ, ਤੇ ਨਾਲ ਹੀ ਮੌਕੇ-ਬਾ-ਮੌਕੇ ਘੱਟ ਗਿਣਤੀ ਫਿਰਕੇ ਦਾ ਆਰਥਿਕ ਬਾਈਕਾਟ ਕਰਨ ਜਾਂ ਉਸ ਦੇ ਸੱਦੇ ਵੀ। ਮੰਦਭਾਗੀ ਗੱਲ ਇਹ ਕਿ ਨਵਾਂ ਰਾਮ ਇਸ ਵਿਰਾਸਤ 'ਤੇ ਹੀ ਉਸਰਿਆ ਹੈ। 'ਜੈ ਸ੍ਰੀ ਰਾਮ' ਦੇ ਵਧੇਰੇ ਉਗਰ ਸਰੂਪ ਨੇ ਤਾਂ ਚਿਰਾਂ ਤੋਂ 'ਜੈ ਰਾਮ ਜੀ ਕੀ' ਦੇ ਉਚਾਰਣ ਦੀ ਥਾਂ ਮੱਲੀ ਹੋਈ ਹੈ। ਨਵੇਂ ਮੰਦਰ ਦੇ ਉਤੇਜਨਾ ਭਰਪੂਰ ਜਸ਼ਨ ਨਾਲ ਇਹ ਉਗਰ-ਪੁਣਾ ਨਵੇਂ ਰਾਮ ਦੀ ਪਛਾਣ ਦਾ ਮੂਲ ਆਧਾਰ ਬਣ ਗਿਆ ਹੈ।

ਸਾਡੇ ਜਨਤਕ ਘੇਰੇ ਅਤੇ ਸਾਡੀ ਨਿੱਜੀ ਜ਼ਮੀਰ 'ਚੋਂ ਸਹਿ-ਹੋਂਦ ਦੀ ਜਗ੍ਹਾ ਤਾਂ 1990ਵਿਆਂ ਤੋਂ ਹੀ ਸੁੰਗੜਦੀ ਜਾ ਰਹੀ ਹੈ। ਮੰਦਰ ਦਾ ਜਸ਼ਨ ਤਾਂ ਨਿਰੋਲ 'ਹਿੰਦੂ ਪਛਾਣ' ਤੇ ਇਸ ਦੀ ਹਰ ਕਾਸੇ ਨਾਲੋਂ ਉੱਤਮਤਾ ਨਾਲ ਜੁੜਿਆ ਹੋਇਆ ਹੈ।

ਇਸ ਨਾਲ ਅਸੀਂ ਤੀਸਰੀ ਤੇ ਸ਼ਾਇਦ ਸਭ ਤੋਂ ਵਧੇਰੇ ਦੁਖਦਾਈ ਮੇਸ ਤੱਕ ਪਹੁੰਚਦੇ ਹਾਂ-6 ਦਸੰਬਰ, 1992 ਦਾ ਸਮੂਹਿਕ ਬਰੀਨਾਮਾ। ਉਸ ਦਿਨ ਕਿਸੇ ਨੇ ਵੀ ਉਸ ਢਾਂਚੇ ਦੀ ਭੰਨ-ਤੋੜ ਨਹੀਂ ਕੀਤੀ। ਇਸ ਪੱਖੋਂ ਇਹ ਨਵਾਂ ਮੰਦਰ ਇਤਿਹਾਸਕ ਹੈ। ਇਹ ਸਮਾਜ ਨੂੰ ਜਾਂ ਕਿਸੇ ਵੀ ਗਰੁੱਪ ਨੂੰ ਜਾਂ ਕਿਸੇ ਵੀ ਪਾਰਟੀ ਨੂੰ ਇਸ ਅਪਰਾਧਿਕ ਭੰਨ-ਤੋੜ ਤੋਂ ਨਾ ਸਿਰਫ਼ ਬਰੀ ਹੀ ਕਰਦਾ ਹੈ, ਸਗੋਂ ਇਹ ਉਸ ਤੱਥ ਨੂੰ ਹੀ ਮੌਜ ਨਾਲ ਇਤਿਹਾਸ 'ਚੋਂ ਮੇਸਦਾ ਹੈ। 1992 ਤੋਂ ਬਾਅਦ 1996 ਤੱਕ ਦੇ ਵੀ ਜਨਤਕ ਰਾਇ ਦੇ ਕੀਤੇ ਗਏ ਸਰਵੇ ਦਰਸਾਉਂਦੇ ਹਨ ਕਿ ਹਿੰਦੂਆਂ ਅੰਦਰ ਇੱਕ ਅਪਰਾਧ-ਬੋਧ ਸੀ, ਇਹ ਸਹਿਮਤੀ ਕਿ ਕੁੱਝ ਤਾਂ ਗਲਤ ਹੋਇਆ ਹੈ, ਭਾਵੇਂ ਕਿ ਉਹ ਉਸ ਵਿਵਾਦਿਤ ਜਗ੍ਹਾ 'ਤੇ ਮੰਦਰ ਬਣਾਉਣ ਦੀ ਇੱਛਾ ਰੱਖਦੇ ਸਨ। ਜਿਉਂ-ਜਿਉਂ ਸਮਾਂ ਬੀਤਦਾ ਗਿਆ, ਸਾਡੀ ਸਿਆਸਤ ਨੇ ਇਹ ਯਕੀਨੀ ਬਣਾਇਆ ਕਿ ਇਹ ਅਪਰਾਧ-ਬੋਧ ਘਟੇ ਤੇ ਫਿਰ ਬਰੀ ਕੀਤਾ ਜਾਵੇ, ਪਰੰਤੂ ਜੇ ਕੋਈ ਸਭ ਤੋਂ ਵੱਧ ਕਾਰਗਰ ਹਥਿਆਰ ਹੈ, ਜੋ ਇਸ ਨਵੇਂ ਮੰਦਰ ਨੂੰ ਅਪਰਾਧ-ਬੋਧ ਤੋਂ ਮੁਕਤ ਕਰਦਾ ਹੈ, ਉਹ ਹੈ ਸੁਪਰੀਮ ਕੋਰਟ ਦਾ ਫੈਸਲਾ। ਜੋ ਕਾਰਜ ਸਿਆਸੀ ਤੌਰ 'ਤੇ ਸੋਧਿਆ ਜਾ ਰਿਹਾ ਸੀ, ਉਸ ਉੱਪਰ ਸੁਪਰੀਮ ਕੋਰਟ ਨੇ ਮੰਦਰ ਉਸਾਰੀ ਦੀ ਆਗਿਆ ਰਾਹੀਂ ਰਸਮੀ ਪ੍ਰਵਾਨਗੀ ਦੀ ਮੋਹਰ ਲਾ ਦਿੱਤੀ। ਅੱਜ ਮੰਦਰ ਦੇ ਕਿਸੇ ਵੀ ਹਮਾਇਤੀ ਲਈ ਮੰਦਰ ਦੀ ਉਸਾਰੀ 'ਚ ਕੁੱਝ ਵੀ ਕਾਨੂੰਨੀ ਤੌਰ 'ਤੇ ਗਲਤ ਨਹੀਂ ਹੈ। ਆਖਿਰਕਾਰ, ਉੱਚਤਮ ਕੋਰਟ ਨੇ ਨਾ ਕੇਵਲ ਇਸ ਦੀ ਆਗਿਆ ਹੀ ਦਿੱਤੀ ਹੈ, ਸਗੋਂ ਇਸ ਲਈ ਵਿਧੀ ਵੀ ਸੁਝਾਈ ਹੈ-ਇੱਕ ਵੱਖਰਾ ਟਰੱਸਟ।

ਚਲੋ, ਹਾਲ ਦੀ ਘੜੀ ਆਪਾਂ 'ਕੋਰਟ' ਨੂੰ ਇਸ 'ਚੋਂ ਬਾਹਰ ਰੱਖੀਏ। ਉਸ ਵਿਅਕਤੀ ਲਈ ਨਵੇਂ ਮੰਦਰ ਦਾ ਕੀ ਅਰਥ ਹੈ, ਜਿਹੜਾ ਮੰਦਰ ਦੇ ਆਭਾ-ਮੰਡਲ ਤੋਂ ਅਤੇ ਨਵੇਂ ਰਾਮ ਦੇ ਆਗਮਨ ਤੋਂ ਉਤੇਜਿਤ ਹੈ? ਇਹ ਅਪਰਾਧ-ਬੋਧ (Guilt) ਦਾ ਮੇਸਣਾ ਹੈ। ਉਹ ਸਮਾਜ, ਜਿਸ ਨੇ ਵਿਵਾਦਿਤ ਇਮਾਰਤ ਦੀ ਭੰਨ-ਤੋੜ ਨੂੰ ਦੇਖਿਆ ਅਤੇ ਹਿੰਸਾ ਨੂੰ ਹੰਢਾਇਆ, ਇਸ ਗੱਲੋਂ ਖੁਸ਼ ਹੈ ਕਿ ਮੰਦਰ ਹੁਣ ਹੋਰਨਾਂ ਸਭਨਾਂ ਪੂਜਾ-ਸਥਾਨਾਂ ਨਾਲੋਂ ਵਧੇਰੇ ਠੁੱਕ ਵਾਲਾ ਹੈ, ਅਤੇ ਇਹ ਕੌਮਾਂਤਰੀ ਸੈਰ-ਸਪਾਟੇ ਲਈ ਨਵੀਂ ਮਨਮੋਹਕ ਜਗ੍ਹਾ ਬਣ ਜਾਵੇਗੀ। ਇੱਕ ਫਿਰਕੇ ਵੱਲੋਂ ਬੀਤੇ ਦਾ ਬਦਲਾ ਲੈਣ ਲਈ ਭਾਰੀ ਵਸੀਲੇ ਜੁਟਾਏ ਗਏ ਅਤੇ ਇੱਕ ਅਜਿਹੇ ਕਾਰਜ ਲਈ ਅਥਾਹ ਸਿਆਸੀ ਪੂੰਜੀ ਝੋਕੀ ਗਈ, ਜਿਹੜਾ ਕਾਰਜ ਇੱਕ ਅਧਿਆਤਮਕ ਖੋਜ ਤੇ ਧਾਰਮਿਕ ਸਿੱਖਿਆ ਦਾ ਬਣਦਾ ਹੈ ਤੇ ਇਹ ਸਭ ਕੁੱਝ ਬਿਨਾਂ ਕਿਸੇ ਅਪਰਾਧ-ਬੋਧ ਦੇ। ਕੁੱਝ ਲੋਕਤੰਤਰ ਸੁਲ੍ਹਾ-ਸਮਝੌਤੇ ਨਾਲ ਉਸਰਦੇ ਹਨ, ਕੁੱਝ ਜ਼ਮੀਰ ਦੇ ਮਲਬੇ 'ਤੇ ਘਿਸੜਦੇ ਹਨ। ਸਾਡਾ ਲੋਕਤੰਤਰ, ਸ਼ਾਹੀ ਮੇਸਾਂ (erasuers) ਨਾਲ ਸਜਿਆ, ਇੱਕ ਰਸਮੀ ਲੋਕਤੰਤਰੀ ਵਿਧੀ-ਵਿਧਾਨ ਵਾਲਾ ਲੋਕਤੰਤਰ ਹੋਵੇਗਾ।

ਸੰਪਰਕ : 98145-35005